JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
Auto&Home Insurance
Commercial Vehicle Insurance
Commercial Property Insurance
Commercial General Liability (CGL)
Rental Property
Call:905-965-7474
7900 Hurontario St., Suite 308, Brampton, ON, L6Y 0P6
https://www.switchinsurance.ca

To view our online newspaper visit punjabipost.ca/epaper | Vol 22* Issue 09 | Friday, January 13, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਇਹ ਵੀ ਪੜ੍ਹੋ

**19 ਬਿਲੀਅਨ ਡਾਲਰ ਖਰਚ ਕੇ 88 ਐਫ-35 ਲੜਾਕੂ ਜਹਾਜ਼ ਖਰੀਦੇਗਾ ਕੈਨੇਡਾ : ਅਨੀਤਾ ਆਨੰਦ**



ਪੰਨਾ 03

**ਜਿੱਧਰ ਵੇਖੋ, ਮੁੱਦਿਆਂ ਦੇ ਢੇਰ, ਹੱਲ ਕਿਸੇ ਦਾ ਨਿਕਲਦਾ ਨਜ਼ਰ ਨਹੀਂ ਪੈ ਰਿਹਾ**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06

# ਪ੍ਰੋਪੇਨ ਕੰਪਨੀ ਵਿਚ ਹੋਇਆ ਧਮਾਕਾ, 3 ਵਿਅਕਤੀ ਲਾਪਤਾ




ਕਿਊਬਿਕ, 12 ਜਨਵਰੀ (ਪੋਸਟ ਬਿਊਰੋ) : ਲੈਨੌਂਡੀਅਰ ਰੀਜਨ ਵਿੱਚ ਫਿਊਲ ਵੰਡਣ ਵਾਲੀ ਇੱਕ ਕੰਪਨੀ ਵਿੱਚ ਹੋਏ ਧਮਾਕੇ ਵਿੱਚ ਘੱਟੋ ਘੱਟ ਤਿੰਨ ਵਿਅਕਤੀ ਲਾਪਤਾ ਦੱਸੇ ਜਾਂਦੇ ਹਨ। ਇਹ ਜਾਣਕਾਰੀ ਕਿਊਬਿਕ ਪ੍ਰੋਵਿੰਸ਼ੀਅਲ ਪੁਲਿਸ (ਐਸਕਿਊ) ਨੇ ਦਿੱਤੀ। ਅਜੇ ਕਿਸੇ ਦੇ ਮਰਨ ਦੀ ਪੁਸ਼ਟੀ ਨਹੀਂ ਹੋਈ ਹੈ।

ਐਸਕਿਊ ਦੇ ਬੁਲਾਰੇ ਐਲੋਇਸ ਕੌਸੈਟ ਨੇ ਦੱਸਿਆ ਕਿ ਸੇਫਟੀ ਕਾਰਨਾਂ ਕਰਕੇ ਪੁਲਿਸ ਦਿਨ ਵੇਲੇ ਘਟਨਾ ਵਾਲੀ ਥਾਂ ਉੱਤੇ ਨਹੀਂ ਪਹੁੰਚ ਸਕੀ। ਪੁਲਿਸ ਵੱਲੋਂ ਉਸ ਸਮੇਂ ਜਾਂਚ ਸ਼ੁਰੂ ਕੀਤੀ ਗਈ ਜਦੋਂ 50 ਫਾਇਰਫਾਈਟਰਜ਼ ਦੀ ਟੀਮ ਵੱਲੋਂ ਅੱਗ ਉੱਤੇ ਕਾਬੂ ਪਾਇਆ ਗਿਆ।ਕੌਸੈਟ ਨੇ ਦੱਸਿਆ ਕਿ ਜਾਂਚ ਰਾਤ ਭਰ ਚੱਲਣ ਦੀ ਸੰਭਾਵਨਾ ਹੈ ਪਰ ਭਾਰੀ ਬਰਫਬਾਰੀ ਕਾਰਨ ਥੋੜ੍ਹੀ ਮੁਸ਼ਕਲ ਆ ਸਕਦੀ ਹੈ।

ਦਿਨ ਵੇਲੇ ਐਸਕਿਊ ਨੇ ਇਹ ਨਹੀਂ ਸੀ ਦੱਸਿਆ ਕਿ ਇੱਕ ਵਿਅਕਤੀ ਲਾਪਤਾ ਹੈ। ਪਰ ਵੀਰਵਾਰ ਸ਼ਾਮ ਨੂੰ ਲਾਪਤਾ ਵਿਅਕਤੀਆਂ ਦੀ ਗਿਣਤੀ ਤਿੰਨ ਤੱਕ ਅੱਪੜ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਗਿਣਤੀ ਵਿੱਚ ਵਾਧਾ ਵੀ ਹੋ ਸਕਦਾ ਹੈ। ਇਹ ਧਮਾਕਾ ਵੀਰਵਾਰ ਨੂੰ ਮਾਂਟਰੀਅਲ ਤੋਂ 50 ਕਿਲੋਮੀਟਰ ਉੱਤਰ ਵੱਲ ਸੇਂਟ ਰੋਸ ਡੀ ਇਸ਼ੀਗਨ ਪ੍ਰੋਪੇਨ ਫੈਸਿਲਿਟੀ ਵਿੱਚ ਸਵੇਰੇ 11:17 ਉੱਤੇ ਹੋਇਆ।ਇਹ ਵੀ ਦੱਸਿਆ ਗਿਆ ਕਿ ਬਿਲਡਿੰਗ ਦੇ ਇੱਕ ਕਿਲੋਮੀਟਰ ਦੇ ਦਾਇਰੇ ਵਿੱਚ ਮੌਜੂਦ ਇਮਾਰਤਾਂ ਅਹਿਤਿਆਤਨ ਖਾਲੀ ਕਰਵਾ ਲਈਆਂ ਗਈਆਂ।

# ਸਕੂਲ ਵਿਚ ਹੋਈ ਲੜਾਈ ਦੌਰਾਨ ਚੱਲੀ ਗੋਲੀ



ਓਨਟਾਰੀਓ, 12 ਜਨਵਰੀ (ਪੋਸਟ ਬਿਊਰੋ) : ਇੱਕ ਸਕੂਲ ਦੇ ਬਾਥਰੂਮ ਵਿੱਚ ਹੋਈ ਲੜਾਈ ਦੌਰਾਨ ਗੋਲੀ ਚੱਲਣ ਤੋਂ ਬਾਅਦ ਵੀਰਵਾਰ ਦੁਪਹਿਰ ਨੂੰ ਈਸਟ ਯੌਰਕ ਸਕੂਲ ਵਿੱਚ ਲਾਕਡਾਊਨ ਲਾ ਦਿੱਤਾ ਗਿਆ।

ਇਹ ਘਟਨਾ ਕੌਸਬਰਨ ਤੇ ਕੌਕਸਵੈਲ ਐਵਨਿਊ ਨੇੜੇ ਈਸਟ ਯੌਰਕ ਆਲਟਰਨੇਟਿਵ ਸੈਕੰਡਰੀ ਸਕੂਲ ਵਿੱਚ ਦੁਪਹਿਰੇ 1:00 ਵਜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਲੜਾਈ ਵਿੱਚ ਛੇ ਵਿਅਕਤੀ ਸ਼ਾਮਲ ਸਨ ਪਰ ਪੁਲਿਸ ਅਧਿਕਾਰੀਆਂ ਦੇ ਮੌਕੇ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਉਹ ਸਾਰੇ ਉੱਥੋਂ ਭੱਜ ਗਏ। ਸਕੂਲ ਦੇ ਇੱਕ ਆਊਟਰੀਚ ਵਰਕਰ ਵੱਲੋਂ ਇਸ ਲੜਾਈ ਨੂੰ ਖਤਮ ਕਰਨ ਲਈ ਦਖਲ ਵੀ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਗੰਨ ਵਿੱਚੋਂ ਚੱਲੀ ਗੋਲੀ ਕੰਧ ਵਿੱਚ ਲੱਗਣ ਤੋਂ ਬਾਅਦ ਉਸ ਵਿਅਕਤੀ ਦੇ ਜੁੱਤੇ ਵਿੱਚ ਜਾ ਵੱਜੀ ਤੇ ਉਸ ਨੂੰ ਨੀਲ ਪੈ ਗਿਆ। ਅਹਿਤਿਆਤਨ ਉਸ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਸੱਟ ਬੇਹੱਦ ਮਾਮੂਲੀ ਸੀ।

...ਬਾਕੀ ਪੰਨਾ 5 'ਤੇ

# ਕਈ ਗੱਡੀਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ



ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਵਿੱਚ ਕਈ ਗੱਡੀਆਂ ਦੀ ਤੋੜ ਭੰਨ੍ਹ ਕਰਨ ਵਾਲੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਟੋਰਾਂਟੋ ਦੇ ਇਸ ਵਿਅਕਤੀ ਵੱਲੋਂ ਕਥਿਤ ਤੌਰ ਉੱਤੇ 36 ਗੱਡੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਬੁੱਧਵਾਰ ਸ਼ਾਮ ਨੂੰ ਬੇਅ ਸਟਰੀਟ, ਸੇਂਟ ਜੋਸਫ ਸਟਰੀਟ, ਡੰਨਡੌਨਲਡ ਸਟਰੀਟ, ਚਰਚ ਸਟਰੀਟ ਤੇ ਚਰਚ ਵੈਲੈਸਲੇ ਇਲਾਕੇ ਵਿੱਚ ਮੌਂਟੀਅਥ ਸਟਰੀਟ ਉੱਤੇ ਇਨ੍ਹਾਂ ਗੱਡੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ। ਇਸ ਸਬੰਧ ਵਿੱਚ ਜਾਂਚਕਾਰਾਂ ਨੇ ਟੋਰਾਂਟੋ ਦੇ 28 ਸਾਲਾ ਟਾਈਲਰ ਡਗਲਸ ਮੈਕਲੀਨ ਨੂੰ ਗ੍ਰਿਫਤਾਰ ਕੀਤਾ ਤੇ ਉਸ ਉੱਤੇ 5000 ਡਾਲਰ ਦੀ ਸ਼ਰਾਰਤ ਦੇ 36 ਚਾਰਜਿਜ਼ ਲਾਏ ਗਏ ਤੇ ਪ੍ਰੋਬੇਸ਼ਨ ਦੇ ਨਿਯਮਾਂ ਦੀ ਉਲੰਘਣਾਂ ਦੇ ਚਾਰ ਮਾਮਲੇ ਦਰਜ ਕੀਤੇ ਗਏ। ਇਸ ਤੋਂ ਇਲਾਵਾ ਜਾਣਬੁੱਝ ਕੇ ਫਾਇਰ ਅਲਾਰਮ ਵਜਾਉਣ ਲਈ ਵੀ ਮੈਕਲੀਨ ਨੂੰ ਚਾਰਜ ਕੀਤਾ ਗਿਆ।

...ਬਾਕੀ ਪੰਨਾ 2 'ਤੇ

ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਾਰੇ ਪਾਠਕਾਂ ਅਤੇ ਕਾਰੋਬਾਰੀਆਂ ਨੂੰ ਲੋਹੜੀ ਦੇ ਤਿਉਹਾਰ ਦੀਆਂ ਲੱਖ-ਲੱਖ ਮੁਬਾਰਕਾਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਭ ਲਈ ਖੁਸ਼ੀਆਂ ਅਤੇ ਤੰਦਰੁਸਤੀ ਵਾਲਾ ਹੋਵੇ।

-ਮੁਖ ਸੰਪਾਦਕ




# ਮਾਰਚ ਵਿੱਚ ਕੈਨੇਡਾ ਦਾ ਦੌਰਾ ਕਰਨਗੇ ਬਾਇਡਨ




ਓਟਵਾ, 10 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਮਾਰਚ ਵਿੱਚ ਕੈਨੇਡਾ ਦਾ ਰਸਮੀ ਤੌਰ ਉੱਤੇ ਦੌਰਾ ਕੀਤਾ ਜਾਵੇਗਾ। ਇਸ ਦੀ ਪੁਸ਼ਟੀ ਵ੍ਹਾਈਟ ਹਾਊਸ ਵੱਲੋਂ ਕੀਤੀ ਗਈ ਹੈ।

ਮੈਕਸਿਕੋ ਸਿਟੀ ਵਿੱਚ ਥਰੀ ਐਮੀਗੋਜ਼ ਦੀ ਸਿਖਰ ਵਾਰਤਾ ਦੌਰਾਨ ਬਾਇਡਨ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੰਗਲਵਾਰ ਸਵੇਰੇ ਕੀਤੀ ਗਈ ਦੁਵੱਲੀ ਮੀਟਿੰਗ ਤੋਂ ਬਾਅਦ ਇਹ ਐਲਾਨ ਕੀਤਾ ਗਿਆ। ਆਮ ਤੌਰ ਉੱਤੇ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਵੱਲੋਂ ਸੱਭ ਤੋਂ ਪਹਿਲਾਂ ਕੈਨੇਡਾ ਦਾ ਦੌਰਾ ਕੀਤਾ ਜਾਂਦਾ ਹੈ ਪਰ ਬਾਇਡਨ ਦਾ ਇਹ ਦੌਰਾ ਟਲਦਾ ਗਿਆ, ਇਸ ਲਈ ਕੁੱਝ ਹੱਦ ਤੱਕ ਕੋਵਿਡ-19 ਵੀ ਜ਼ਿੰਮੇਵਾਰ ਸੀ।

ਵ੍ਹਾਈਟ ਹਾਊਸ ਨੇ ਆਖਿਆ ਕਿ ਬਾਇਡਨ ਤੇ ਟਰੂਡੋ ਵੱਲੋਂ ਕਈ ਮੁੱਦਿਆਂ ਉੱਤੇ ਗੱਲਬਾਤ ਕੀਤੀ ਗਈ। ਇਨ੍ਹਾਂ ਵਿੱਚ ਵਪਾਰ, ਹਾਇਤੀ ਵਿੱਚ ਸਕਿਊਰਿਟੀ ਸਬੰਧੀ ਹਾਲਾਤ, ਨਾਜ਼ੁਕ ਮਿਨਰਲ ਸਪਲਾਈ ਚੇਨਜ਼ ਤੇ ਗ੍ਰੀਨ ਐਨਰਜੀ ਆਦਿ ਸ਼ਾਮਲ ਹਨ। ਦੋਵਾਂ ਆਗੂਆਂ ਨੇ ਟਰਸਟਿਡ ਟਰੈਵਲਰ ਪ੍ਰੋਗਰਾਮ, ਜਿਸ ਨੂੰ ਨੈਕਸਸ ਵੀ ਆਖਿਆ ਜਾਂਦਾ ਹੈ, ਬਾਰੇ ਵੀ ਗੱਲਬਾਤ ਕੀਤੀ। ਇਹ ਪ੍ਰੋਗਰਾਮ ਕਿਸੇ ਵਿਵਾਦ ਕਾਰਨ ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਅੰਸ਼ਕ ਤੌਰ ਉੱਤੇ ਬੰਦ ਹੈ।

ਬਾਇਡਨ ਦੇ ਦੌਰੇ ਦੀਆਂ ਤਰੀਕਾਂ ਤੇ ਲੋਕੇਸ਼ਨਜ਼ ਬਾਰੇ ਅਜੇ ਕੋਈ ਐਲਾਨ ਨਹੀਂ ਕੀਤਾ ਗਿਆ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LePAGE Flower City Realty Off: 905.230.3100

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

HOME APPLIANCES STORE
ANNIVERSARY SPECIAL DEAL
PRICE $5199* NO TAX
UPGARDE LAUNDRY IN JUST $99*
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic.12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਭਾਰਤੀ ਮੂਲ ਦੀ ਮਨਪ੍ਰੀਤ ਮੋਨਿਕਾ ਸਿੰਘ ਅਮਰੀਕਾ ਵਿਚ ਪਹਿਲੀ ਸਿੱਖ ਮਹਿਲਾ ਜੱਜ ਬਣੇ

ਹਿਊਸਟਨ, 12 ਜਨਵਰੀ (ਪੋਸਟ ਬਿਊਰੋ): ਬੀਤੇ ਦਿਨੀਂ ਅਮਰੀਕਾ ਵਿੱਚ ਇੱਕ ਵਾਰ ਫਿਰ ਭਾਰਤੀ ਮਹਿਲਾ ਨੇ ਦੇਸ਼ ਦਾ ਮਾਣ ਵਧਾਇਆ ਹੈ . ਇੱਥੋ ਭਾਰਤੀ ਮੂਲ ਦੀ ਮਨਪ੍ਰੀਤ ਮੋਨਿਕਾ ਸਿੰਘ ਨੇ ਹੈਰਿਸ ਕਾਊਂਟੀ ਦੀ ਜੱਜ ਵਜੋਂ ਸਹੁੰ ਚੁੱਕੀ ਹੈ। ਇਸ ਦੇ ਨਾਲ ਮਨਪ੍ਰੀਤ ਮੋਨਿਕਾ ਸਿੰਘ ਜੱਜ ਬਣਨ ਵਾਲੀ ਅਮਰੀਕਾ ਦੀ ਪਹਿਲੀ ਸਿੱਖ ਮਹਿਲਾ ਬਣ ਗਈ ਹੈ।




ਜਿਕਰਯੋਗ ਹੈ ਕਿ ਮਨਪ੍ਰੀਤ ਮੋਨਿਕਾ ਸਿੰਘ ਦਾ ਜਨਮ ਅਤੇ ਪਾਲਣ ਪੋਸ਼ਣ ਹਿਊਸਟਨ, ਟੈਕਸਾਸ, ਅਮਰੀਕਾ ਵਿੱਚ ਹੋਇਆ। ਮੋਨਿਕਾ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਬੇਲੇਅਰ ਵਿੱਚ ਰਹਿੰਦੀ ਹੈ। ਮਨਪ੍ਰੀਤ ਮੋਨਿਕਾ ਸਿੰਘ ਨੇ ਸ਼ੁੱਕਰਵਾਰ ਨੂੰ ਟੈਕਸਾਸ ਵਿੱਚ ਲਾਅ ਨੰਬਰ 4 ਵਿਖੇ ਹੈਰਿਸ ਕਾਊਂਟੀ ਸਿਵਲ ਕੋਰਟ ਦੇ ਜੱਜ ਵਜੋਂ ਸਹੁੰ ਚੁੱਕੀ। ਮੋਨਿਕਾ ਸਿੰਘ ਦੇ ਪਿਤਾ 1970 ਦੇ ਦਹਾਕੇ ਦੇ ਸ਼ੁਰੂ ਵਿੱਚ ਭਾਰਤ ਤੋਂ ਅਮਰੀਕਾ ਚਲੇ ਗਏ ਸਨ। ਮੋਨਿਕਾ ਸਿੰਘ 20 ਸਾਲਾਂ ਤੋਂ ਵਕੀਲ ਵਜੋਂ ਕੰਮ ਕਰ ਰਹੀ ਸੀ। ਉਹ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਕਈ ਨਾਗਰਿਕ ਅਧਿਕਾਰ ਸੰਗਠਨਾਂ ਨਾਲ ਵੀ ਜੁੜੀ ਹੋਈ ਹੈ।

ਮਨਪ੍ਰੀਤ ਮੋਨਿਕਾ ਸਿੰਘ ਦੇ ਸਹੁੰ ਚੁੱਕ ਸਮਾਗਮ ਦੀ ਪ੍ਰਧਾਨਗੀ ਸੂਬੇ ਦੇ ਪਹਿਲੇ ਦੱਖਣੀ ਏਸ਼ੀਆਈ ਜੱਜ ਅਤੇ ਭਾਰਤੀ-ਅਮਰੀਕੀ ਜੱਜ ਰਵੀ ਸੰਦਿਲ ਨੇ ਕੀਤੀ ਹੈ । ਸਹੁੰ ਚੁੱਕ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਭਾਰਤੀ ਮੂਲ ਦੇ ਲੋਕ ਅਦਾਲਤ ਵਿੱਚ ਮੌਜੂਦ ਸਨ। ਇਸ ਦੌਰਾਨ ਜਸਟਿਸ ਸੰਦੀਲ ਨੇ ਆਪਣੇ ਸੰਬੋਧਨ ਵਿੱਚ ਕਿਹਾ, 'ਇਹ ਸੱਚਮੁੱਚ ਸਿੱਖ ਕੌਮ ਲਈ ਬਹੁਤ ਵੱਡਾ ਪਲ ਹੈ। ਮਨਪ੍ਰੀਤ ਨਾ ਸਿਰਫ਼ ਸਿੱਖਾਂ ਦੀ ਰਾਜਦੂਤ ਹੈ, ਸਗੋਂ ਉਹ ਹਰ ਰੰਗ ਦੀਆਂ ਔਰਤਾਂ ਲਈ ਰਾਜਦੂਤ ਹੈ।

# ਐਫ ਏ ਏ ਕੰਪਿਊਟਰ ਸਿਸਟਮ ਵਿੱਚ ਗੜਬੜੀ ਕਾਰਨ ਕਈ ਉਡਾਨਾਂ ਹੋਈਆਂ ਰੱਦ, ਟਰੈਵਲਰਜ਼ ਫਸੇ

ਨਿਊ ਯੌਰਕ, 12 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਅਮਰੀਕਾ ਵਿੱਚ ਫੈਡਰਲ ਏਵੀਏਸ਼ਨ ਐਡਮਨਿਸਟ੍ਰੇਸ਼ਨ ਵਿਖੇ ਕੰਪਿਊਟਰ ਸਿਸਟਮ ਵਿੱਚ ਹੋਈ ਗੜਬੜੀ ਕਾਰਨ ਕਈ ਉਡਾਨਾਂ ਰੱਦ ਹੋ ਗਈਆਂ ਤੇ ਕਈ ਜਹਾਜ਼ਾਂ ਨੂੰ ਉਡਾਨ ਭਰਨ ਵਿੱਚ ਦੇਰ ਹੋਈ।

ਐਫ ਏ ਏ ਵੱਲੋਂ ਅਮਰੀਕਾ ਦੀਆਂ ਸਾਰੀਆਂ ਉਡਾਨਾਂ ਨੂੰ ਸਵੇਰੇ 9:00 ਵਜੇ ਤੱਕ ਰੋਕ ਦਿੱਤਾ ਗਿਆ। ਏਅਰਲਾਈਨਜ਼ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਹਾਲਾਤ ਤੋਂ ਜਾਣੂ ਹਨ ਤੇ ਉਨ੍ਹਾਂ ਵੱਲੋਂ ਉਡਾਨਾਂ ਨੂੰ ਮੈਨੇਜ ਕੀਤਾ ਜਾ ਰਿਹਾ ਹੈ। ਉਡਾਨਾਂ ਰੱਦ ਹੋਣ ਜਾਂ ਇਨ੍ਹਾਂ ਵਿੱਚ ਦੇਰ ਹੋਣ ਦਾ ਸਿਲਸਿਲਾ ਐਨੀ ਤੇਜ਼ੀ ਨਾਲ ਵਾਪਰਿਆ ਕਿ ਸਵੇਰ ਦੇ 8:30 ਵਜੇ ਤੱਕ 3700 ਟਰੈਵਲਰਜ਼



ਏਅਰਪੋਰਟ ਉੱਤੇ ਫਸ ਕੇ ਰਹਿ ਗਏ।

ਫਰਮ ਸਿਰੀਅਮ ਤੋਂ ਹਾਸਲ ਹੋਏ ਏਵੀਏਸ਼ਨ ਡਾਟਾ ਅਨੁਸਾਰ ਅੱਜ ਅਮਰੀਕਾ ਵਿੱਚ 21,000 ਉਡਾਨਾਂ ਨਿਰਧਾਰਤ ਸਨ, ਇਨ੍ਹਾਂ ਵਿੱਚੋਂ ਬਹੁਤੀਆਂ ਘਰੇਲੂ ਪੱਧਰ ਦੀਆਂ ਸਨ ਤੇ 1840 ਕੌਮਾਂਤਰੀ ਉਡਾਨਾਂ ਵੀ ਰਵਾਨਾ ਹੋਣੀਆਂ ਸਨ। ਕੁੱਝ ਮੈਡੀਕਲ ਉਡਾਨਾਂ ਨੂੰ ਕਲੀਅਰੈਂਸ ਦੇ ਦਿੱਤੀ ਗਈ ਤੇ ਇਸ ਗੜਬੜੀ ਕਾਰਨ ਮਿਲਟਰੀ ਦੇ ਕੰਮਕਾਜ ਵਿੱਚ ਕੋਈ ਵਿਘਣ ਨਹੀਂ ਪੈ ਰਿਹਾ।

ਹਾਲਾਂਕਿ ਵ੍ਹਾਈਟ ਹਾਊਸ ਵੱਲੋਂ ਸ਼ੁਰੂ ਵਿੱਚ ਇਹ ਆਖਿਆ ਗਿਆ ਸੀ ਕਿ ਸਾਈਬਰ ਅਟੈਕ ਦਾ ਕੋਈ ਸਬੂਤ ਉਨ੍ਹਾਂ ਨੂੰ ਨਹੀਂ ਮਿਲਿਆ ਹੈ ਪਰ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਸਾਨੂੰ ਅਜੇ ਇਸ ਬਾਰੇ ਕੁੱਝ ਪਤਾ ਨਹੀਂ ਹੈ ਤੇ ਉਨ੍ਹਾਂ ਪੱਤਰਕਾਰਾਂ ਨੂੰ ਆਖਿਆ ਕਿ ਉਨ੍ਹਾਂ ਵੱਲੋਂ ਡਿਪਾਰਟਮੈਂਟ ਆਫ ਟਰਾਂਸਪੋਰਟੇਸ਼ਨ ਨੂੰ ਮਾਮਲੇ ਦੀ ਜਾਂਚ ਕਰਨ ਦੇ ਹੁਕਮ ਦੇ ਦਿੱਤੇ ਹਨ।

# ਜੀਟੀਏ ਦੇ ਕਈ ਹਿੱਸਿਆਂ ਵਿੱਚ ਮੀਂਹ ਪੈਣ ਕਾਰਨ ਆਵਾਜਾਈ ਵਿੱਚ ਪੈ ਸਕਦਾ ਹੈ ਵਿਘਣ

ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਅੱਜ ਸਵੇਰੇ ਜੀਟੀਏ ਵਿੱਚ ਮੀਂਹ ਪੈਣ ਕਾਰਨ ਆਵਾਜਾਈ ਵਿੱਚ ਵਿਘਣ ਪੈ ਸਕਦਾ ਹੈ ਤੇ ਸਾਰੇ ਪਾਸੇ ਤਿਲ੍ਹਕਣ ਹੋ ਸਕਦੀ ਹੈ।

ਇਸ ਬਰਫੀਲੇ ਮੀਂਹ ਕਾਰਨ ਕਈ ਇਲਾਕਿਆਂ ਲਈ ਸਪੈਸ਼ਲ ਵੈਦਰ ਸਟੇਟਮੈਂਟ ਜਾਰੀ ਕੀਤੀ ਗਈ ਹੈ। ਇਨ੍ਹਾਂ ਵਿੱਚ ਯੌਰਕ ਰੀਜਨ, ਦਰਹਾਮ, ਪੀਲ ਤੇ ਹਾਲਟਨ ਦੇ ਕਈ ਹਿੱਸੇ ਸ਼ਾਮਲ ਹਨ। ਐਨਵਾਇਰਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਟਾਂਵੀ ਟਾਂਵੀ ਥਾਂ ਉੱਤੇ ਛਿੱਟੇ ਤੇ ਭੂਰ



ਪੈ ਸਕਦੀ ਹੈ। ਜਿਨ੍ਹਾਂ ਇਲਾਕਿਆਂ ਵਿੱਚ ਤਾਪਮਾਨ ਮਨਫੀ ਦੇ ਨਿਸ਼ਾਨ ਤੋਂ ਹੇਠਾਂ ਚੱਲ ਰਿਹਾ ਹੈ ਉਨ੍ਹਾਂ ਥਾਂਵਾਂ ਉੱਤੇ ਹੱਢ ਜਮਾਂ ਦੇਣ ਵਾਲਾ ਮੀਂਹ ਤੇ ਬੂੰਦਾ ਬਾਂਦੀ ਹੋ ਸਕਦੀ ਹੈ। ਵੈਦਰ ਏਜੰਸੀ ਨੇ ਪਾਇਆ ਕਿ ਜੀਟੀਏ ਦੇ ਆਲੇ ਦੁਆਲੇ ਤਾਪਮਾਨ ਸਵੇਰ ਤੋਂ ਬਾਅਦ ਥੋੜ੍ਹਾ ਵਧ ਸਕਦਾ ਹੈ। ਹੋਰਨਾਂ ਥਾਂਵਾਂ ਤੋਂ ਇਲਾਵਾ ਬੈਰੀ, ਓਰੀਲੀਆ, ਮਸਕੋਕਾ ਤੇ ਪੀਟਰਬਰੋ ਵਿਖੇ ਵੀ ਭਾਰੀ ਮੀਂਹ ਪੈ ਸਕਦਾ ਹੈ। ਪਹਿਲਾਂ ਟੋਰਾਂਟੋ ਵਿੱਚ ਵੀ ਭਾਰੀ ਮੀਂਹ ਦੀ ਪੇਸ਼ੀਨਿਗੋਈ ਕੀਤੀ ਗਈ ਸੀ ਪਰ ਬਾਅਦ ਵਿੱਚ ਇਸ ਨੂੰ ਹਟਾ ਦਿੱਤਾ ਗਿਆ। ਐਨਵਾਇਰਮੈਂਟ ਕੈਨੇਡਾ ਅਨੁਸਾਰ ਸਿਟੀ ਵਿੱਚ ਰਾਤ ਸਮੇਂ 5 ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ।

# ਕਈ ਗੱਡੀਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ

...ਪੰਨਾ 1 ਦਾ ਬਾਕੀ


ਮਸ਼ਕੂਕ ਨੂੰ ਵੀਰਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ। ਟੋਰਾਂਟੋ ਪੁਲਿਸ ਗੱਡੀਆਂ ਦੇ ਮਾਲਕਾਂ ਨਾਲ ਸੰਪਰਕ ਕਰ ਰਹੀ ਹੈ ਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਹੋਰ ਲੋਕ ਵੀ ਸਾਹਮਣੇ ਆ ਸਕਦੇ ਹਨ ਜਿਨ੍ਹਾਂ ਦੀਆਂ ਗੱਡੀਆਂ ਨੂੰ ਨੁਕਸਾਨ ਪਹੁੰਚਿਆ ਹੋਵੇ। ਇਸ ਲਈ ਲੋਕਾਂ ਦੀ ਮਦਦ ਲਈ ਪੁਲਿਸ ਵੱਲੋਂ ਪਬਲਿਕ ਪੋਰਟਲ ਵੀ ਕਾਇਮ ਕੀਤਾ ਗਿਆ ਹੈ ਜਿੱਥੇ ਲੋਕ ਆਪਣੀਆਂ ਕਾਰਾਂ ਨੂੰ ਹੋਏ ਨੁਕਸਾਨ ਦੀਆਂ ਤਸਵੀਰਾਂ ਪਾ ਕੇ ਜਾਂਚਕਾਰਾਂ ਨਾਲ ਜਾਣਕਾਰੀ ਸਾਂਝੀ ਕਰ ਸਕਦੇ ਹਨ।

# ਮੇਅਰ ਟੋਰੀ ਵੱਲੋਂ ਪ੍ਰਾਪਰਟੀ ਟੈਕਸ ਵਿੱਚ ਵਾਧੇ ਦੀ ਕੀਤੀ ਗਈ ਪੇਸ਼ਕਸ਼

ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਦੇ 2023 ਦੇ ਬਜਟ ਦੇ ਹਿੱਸੇ ਵਜੋਂ ਮੇਅਰ ਜੌਹਨ ਟੋਰੀ ਵੱਲੋਂ ਪ੍ਰਾਪਰਟੀ ਟੈਕਸ ਵਿੱਚ ਵਾਧੇ ਦੀ ਪੇਸ਼ਕਸ਼ ਕੀਤੀ ਗਈ ਹੈ।

ਮੰਗਲਵਾਰ ਸਵੇਰੇ ਸਿਟੀ ਹਾਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟੋਰੀ ਨੇ ਇਹ ਖੁਲਾਸਾ ਕੀਤਾ ਕਿ 16.6 ਬਿਲੀਅਨ ਡਾਲਰ ਦੇ ਪ੍ਰਸਤਾਵਿਤ ਆਪਰੇਟਿੰਗ ਬਜਟ ਦੇ ਹਿੱਸੇ ਵਜੋਂ ਪ੍ਰਾਪਰਟੀ ਟੈਕਸ ਵਿੱਚ 5.5 ਫੀ ਸਦੀ ਵਾਧੇ ਦੀ ਤਜਵੀਜ਼ ਹੈ। ਉਨ੍ਹਾਂ ਆਖਿਆ ਕਿ ਸਾਡੇ ਵੱਲੋਂ ਲੋਕਾਂ ਨੂੰ ਵੱਧ ਟੈਕਸ ਦੇਣ ਲਈ ਅਪੀਲ ਕੀਤੀ ਜਾ ਰਹੀ ਹੈ। ਇਹ ਟੋਰਾਂਟੋ ਦੀ ਮੌਜੂਦਾ 6.6 ਫੀ ਸਦੀ ਮਹਿੰਗਾਈ ਦਰ ਤੋਂ ਹੇਠਾਂ ਹੈ ਪਰ ਫਿਰ ਵੀ ਇਹ ਵਾਧਾ ਜਾਇਜ਼ ਹੈ।

ਟੋਰੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਪ੍ਰਾਪਰਟੀ ਟੈਕਸ ਮਹਿੰਗਾਈ ਦਰ ਤੋਂ ਹੇਠਾਂ ਰੱਖਣ ਦਾ ਵਾਅਦਾ ਕੀਤਾ ਗਿਆ ਸੀ ਤੇ ਉਹ ਇਸ ਉੱਤੇ ਕਾਇਮ ਹਨ ਪਰ ਮਹਿੰਗਾਈ ਵਧਣ




ਕਾਰਨ ਮੇਅਰ ਨੂੰ ਇਸ ਤਰ੍ਹਾਂ ਟੈਕਸਾਂ ਵਿੱਚ ਵਾਧਾ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਸਿਟੀ ਦੇ 1.5 ਫੀ ਸਦੀ ਬਿਲਡਿੰਗ ਟੈਕਸ ਸਮੇਤ ਇਹ ਵਾਧਾ ਸੱਤ ਫੀ ਸਦੀ ਹੈ ਤੇ ਨਵੇਂ ਟੈਕਸ ਵਾਧੇ ਨਾਲ ਟੋਰਾਂਟੋ ਦੇ ਔਸਤਨ ਘਰ ਨੂੰ ਹਰ ਸਾਲ 233 ਡਾਲਰ ਵਾਧੂ ਦੇਣੇ ਹੋਣਗੇ।

ਇਸ ਤੋਂ ਇਲਾਵਾ ਟੋਰੀ ਵੱਲੋਂ ਪਾਣੀ, ਵੇਸਟਵਾਟਰ ਤੇ ਸੌਲਿਡ ਵੇਸਟ ਲਈ ਤਿੰਨ ਫੀ ਸਦੀ ਵਾਧੇ ਦੀ ਪੇਸ਼ਕਸ਼ ਵੀ ਕੀਤੀ ਜਾ ਰਹੀ ਹੈ, ਜੋ ਕਿ ਔਸਤਨ ਘਰਾਂ ਲਈ ਹਰ ਸਾਲ 34 ਤੋਂ 45 ਡਾਲਰ ਵਾਧਾ ਬਣਦੀ ਹੈ। ਇਸ ਦੇ ਨਾਲ ਹੀ ਟੀਟੀਸੀ ਵੱਲੋਂ 2023 ਲਈ ਐਲਾਨੇ ਗਏ ਨਵੇਂ ਬਜਟ ਵਿੱਚ ਕਿਰਾਏ ਵਿੱਚ 10 ਸੈਂਟ ਦਾ ਵਾਧਾ ਕਰਨ ਤੇ ਕੁੱਝ ਸੇਵਾਵਾਂ ਵਿੱਚ ਕਟੌਤੀ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਦੌਰਾਨ ਟੋਰਾਂਟੋ ਪੁਲਿਸ ਬੋਰਡ ਵੱਲੋਂ ਵੀ ਸਰਬਸੰਮਤੀ ਨਾਲ ਪੁਲਿਸ ਫੋਰਸ ਦੇ ਬਜਟ ਵਿੱਚ 50 ਮਿਲੀਅਨ ਡਾਲਰ ਦੇ ਵਾਧੇ ਨੂੰ ਮਨਜ਼ੂਰੀ ਦਿੱਤੀ ਗਈ ਹੈ। ਆਲੋਚਕਾਂ ਵੱਲੋਂ ਇਸ ਉੱਤੇ ਇਤਰਾਜ਼ ਪ੍ਰਗਟਾਏ ਜਾਣ ਦੇ ਬਾਵਜੂਦ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ।

# ਯੂਐਸ ਫੈਡਰਲ ਏਵੀਏਸ਼ਨ ਐਡਮਨਿਸਟ੍ਰੇਸ਼ਨ ਦੇ ਕੰਪਿਊਟਰ ਸਿਸਟਮ ਦੀ ਗੜਬੜੀ ਕਾਰਨ ਕੈਨੇਡਾ ਵਿੱਚ ਵੀ ਆ ਰਹੀ ਹੈ ਦਿੱਕਤ




ਓਟਵਾ, 12 ਜਨਵਰੀ (ਪੋਸਟ ਬਿਊਰੋ) : ਏਅਰ ਕੈਨੇਡਾ ਤੇ ਵੈਸਟਜੈੱਟ ਵੱਲੋਂ ਟਰੈਵਲਰਜ਼ ਨੂੰ ਅਮਰੀਕਾ ਜਾਣ ਤੇ ਉੱਥੋਂ ਆਉਣ ਲਈ ਏਅਰਪੋਰਟ ਰਵਾਨਾ ਹੋਣ ਤੋਂ ਪਹਿਲਾਂ ਆਪਣੀਆਂ ਫਲਾਈਟਸ ਦੀ ਸਥਿਤੀ ਜਾਂਚਣ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਯੂਐਸ ਫੈਡਰਲ ਏਵੀਏਸ਼ਨ ਐਡਮਨਿਸਟ੍ਰੇਸ਼ਨ ਵਿਖੇ ਕੰਪਿਊਟਰ ਸਿਸਟਮ ਵਿੱਚ ਕੋਈ ਗੜਬੜ ਹੋਣ ਕਾਰਨ ਕਈ ਫਲਾਈਟਸ ਨੂੰ ਜਾਂ ਤਾਂ ਰੱਦ ਕਰਨਾ ਪੈ ਰਿਹਾ ਹੈ ਤੇ ਜਾਂ ਫਿਰ ਉਨ੍ਹਾਂ ਵਿੱਚ ਦੇਰ ਹੋ ਰਹੀ ਹੈ।

ਵੈਸਟਜੈਟ ਨੇ ਆਖਿਆ ਕਿ ਕੰਪਿਊਟਰ ਦੀ ਇਸ ਗੜਬੜੀ ਕਾਰਨ ਬੁੱਧਵਾਰ ਸਵੇਰੇ ਉਨ੍ਹਾਂ ਦੀਆਂ ਛੇ ਉਡਾਨਾਂ ਵਿੱਚ ਦੇਰ ਹੋ ਗਈ ਪਰ ਕੋਈ ਉਡਾਨ ਰੱਦ ਨਹੀਂ ਕੀਤੀ ਗਈ ਜਦਕਿ ਏਅਰ ਕੈਨੇਡਾ ਦਾ ਕਹਿਣਾ ਹੈ ਕਿ ਇਸ ਗੜਬੜੀ ਕਾਰਨ ਉਨ੍ਹਾਂ ਦੇ ਕੰਮਕਾਜ ਉੱਤੇ ਵੀ ਅਸਰ ਪਿਆ ਹੈ। ਇਹ ਗੜਬੜੀ ਨੋਟਿਸ ਟੂ ਏਅਰ ਮਿਸ਼ਨਜ਼ ਸਿਸਟਮ (ਐਨਓਟੀਏਐਮ) ਵਿੱਚ ਆਈ ਖਰਾਬੀ ਕਾਰਨ ਹੋਈ। ਮੰਗਲਵਾਰ ਨੂੰ ਇਸ ਸਿਸਟਮ ਵਿੱਚ ਗੜਬੜੀ ਆਉਣ ਕਾਰਨ 1000 ਤੋਂ ਵੱਧ ਉਡਾਨਾਂ ਰੱਦ ਕਰਨੀਆਂ ਪਈਆਂ ਤੇ ਬੁੱਧਵਾਰ ਸਵੇਰੇ 11:00 ਵਜੇ ਤੱਕ 6,000 ਉਡਾਨਾਂ ਵਿੱਚ ਦੇਰ ਹੋਈ। ਇਸ ਕਾਰਨ ਕੈਨੇਡਾ ਦੇ ਐਨਓਟੀਏਐਮ ਐਂਟਰੀ ਸਿਸਟਮ ਵਿੱਚ ਵੀ ਗੜਬੜੀ ਹੋ ਗਈ।

ਨਵ ਕੈਨੇਡਾ ਦੀ ਮੈਨੇਜਰ ਆਫ ਗਵਰਮੈਂਟ ਐਂਡ ਮੀਡੀਆ ਰਿਲੇਸ਼ਨਜ਼ ਵੈਨੇਸਾ ਐਡਮਜ਼ ਨੇ ਇੱਕ ਈਮੇਲ ਵਿੱਚ ਆਖਿਆ ਕਿ ਇਸ ਗੜਬੜੀ ਦੀ ਜੜ੍ਹ ਲੱਭਣ ਲਈ ਅਸੀਂ ਅਜੇ ਵੀ ਜਾਂਚ ਕਰ ਰਹੇ ਹਾਂ। ਫੈਡਰਲ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਦੇ ਬੁਲਾਰੇ ਨਦੀਨ ਰਮਦਾਨ ਨੇ ਦੱਸਿਆ ਕਿ ਉਹ ਨਵ ਕੈਨੇਡਾ ਨਾਲ ਰਾਬਤਾ ਰੱਖ ਰਹੇ ਹਨ ਤੇ ਇਸ ਸਮੱਸਿਆ ਤੋਂ ਜਲਦ ਤੋਂ ਜਲਦ ਬਾਹਰ ਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



# ਕਈ ਗੱਡੀਆਂ ਆਪਸ ਵਿੱਚ ਟਕਰਾਈਆਂ, 6 ਜ਼ਖ਼ਮੀ



ਓਕਵਿੱਲ, 12 ਜਨਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਓਕਵਿੱਲ ਵਿੱਚ ਹਾਈਵੇਅ ਉੱਤੇ ਕਈ ਗੱਡੀਆਂ ਦੇ ਆਪਸ ਵਿੱਚ ਟਕਰਾ ਜਾਣ ਕਾਰਨ ਛੇ ਵਿਅਕਤੀ ਜ਼ਖ਼ਮੀ ਹੋ ਗਏ। ਇਨ੍ਹਾਂ ਵਿਅਕਤੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਸੋਮਵਾਰ ਸਵੇਰੇ ਅੱਪਰ ਮਿਡਲ ਰੋਡ ਉੱਤੇ ਪੱਛਮ ਵੱਲ ਰੈਂਪ 403 ਉੱਤੇ ਸਕੂਲ ਬੱਸ ਤੇ ਵੈਕਿਊਮ ਟਰੱਕ ਸਮੇਤ ਅੱਠ ਗੱਡੀਆਂ ਆਪਸ ਵਿੱਚ ਟਕਰਾ ਗਈਆਂ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਆਖਿਆ ਕਿ ਵੈਕਿਊਮ ਟਰੱਕ ਰੈਂਪ ਉੱਤੇ ਪੱਛਮ ਵੱਲ ਜਾ ਰਿਹਾ ਸੀ ਜਦੋਂ ਉਹ ਕਈ ਹੋਰਨਾਂ ਗੱਡੀਆਂ ਨਾਲ ਟਕਰਾ ਗਿਆ। ਸ਼ਮਿਡਟ ਨੇ ਆਖਿਆ ਕਿ ਕਿਸੇ ਦੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ ਪਰ ਅਸੀਂ ਹਸਪਤਾਲ ਤੋਂ ਅਪਡੇਟਸ ਦੀ ਉਡੀਕ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਛੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਜਿਨ੍ਹਾਂ ਵਿੱਚੋਂ ਇੱਕ ਨੂੰ ਟਰੌਮਾ ਸੈਂਟਰ ਭੇਜਿਆ ਗਿਆ।

ਹਾਦਸੇ ਸਮੇਂ ਸਕੂਲ ਬੱਸ ਵਿੱਚ ਕੋਈ ਬੱਚੇ ਸਵਾਰ ਨਹੀਂ ਸਨ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸ਼ਮਿਡਟ ਨੇ ਦੱਸਿਆ ਕਿ ਸਵੇਰ ਸਮੇਂ ਵੀ ਰੈਂਪ ਦੇ ਜਾਂਚ ਲਈ ਬੰਦ ਰਹਿਣ ਦੀ ਸੰਭਾਵਨਾ ਹੈ।

# 19 ਬਿਲੀਅਨ ਡਾਲਰ ਖਰਚ ਕੇ 88 ਐਫ-35 ਲੜਾਕੂ ਜਹਾਜ਼ ਖਰੀਦੇਗਾ ਕੈਨੇਡਾ : ਅਨੀਤਾ ਆਨੰਦ



ਓਟਵਾ, 12 ਜਨਵਰੀ (ਪੋਸਟ ਬਿਊਰੋ) : ਰੱਖਿਆ ਮੰਤਰੀ ਅਨੀਤਾ ਆਨੰਦ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਕੈਨੇਡਾ ਵੱਲੋਂ ਆਖਿਰਕਾਰ ਆਪਣੇ ਉਮਰਦਰਾਜ ਹੋ ਚੁੱਕੇ ਸੀਐਫ-18 ਲੜਾਕੂ ਜਹਾਜ਼ਾਂ ਦੀ ਥਾਂ ਐਫ-35 ਲੜਾਕੂ ਜਹਾਜ਼ ਖਰੀਦੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਕੈਨੇਡਾ ਨੇ 2010 ਵਿੱਚ ਐਫ-35 ਜਹਾਜ਼ ਖਰੀਦਣ ਦਾ ਐਲਾਨ ਕੀਤਾ ਸੀ ਪਰ ਸਿਆਸਤ ਤੇ ਸਰਕਾਰ ਕੁਪ੍ਰਬੰਧਾਂ ਕਾਰਨ ਉਹ ਫੈਸਲਾ ਅੱਧਵਾਟੇ ਹੀ ਰਹਿ ਗਿਆ। ਸਰਕਾਰ ਦਾ ਕਹਿਣਾ ਹੈ ਕਿ ਕੈਨੇਡਾ ਵੱਲੋਂ 19 ਬਿਲੀਅਨ ਡਾਲਰ ਖਰਚ ਕੇ 88 ਐਫ-35 ਲੜਾਕੂ ਜਹਾਜ਼ ਖਰੀਦੇ ਜਾਣਗੇ। ਇਸ ਦੌਰਾਨ ਪਹਿਲਾ ਜਹਾਜ਼ 2026 ਵਿੱਚ ਡਲਿਵਰ ਹੋਵੇਗਾ। ਪਿਛਲੇ ਮਹੀਨੇ ਹਾਸਲ ਹੋਈਆਂ ਖਬਰਾਂ ਤੋਂ ਇਹ ਖੁਲਾਸਾ ਹੋਇਆ ਸੀ ਕਿ ਰੱਖਿਆ ਵਿਭਾਗ ਨੂੰ 16 ਐਫ-35 ਲੜਾਕੂ ਜਹਾਜ਼ਾਂ ਤੇ ਉਨ੍ਹਾਂ ਨਾਲ ਸਬੰਧਤ ਸਾਜ਼ੋ ਸਮਾਨ ਖਰੀਦਣ ਲਈ 7 ਬਿਲੀਅਨ ਡਾਲਰ ਖਰਚਣ ਵਾਸਤੇ ਹਰੀ ਝੰਡੀ ਮਿਲ ਗਈ ਹੈ।

ਅੱਜ ਅਧਿਕਾਰੀਆਂ ਵੱਲੋਂ ਇੱਕ ਬ੍ਰੀਫਿੰਗ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਕੈਨੇਡਾ ਵੱਲੋਂ ਪੜਾਅਵਾਰ ਢੰਗ ਨਾਲ 88 ਐਫ-35 ਲੜਾਕੂ ਜਹਾਜ਼ ਖਰੀਦੇ ਜਾਣਗੇ। ਇੱਕ ਅੰਦਾਜ਼ੇ ਮੁਤਾਬਕ ਕੈਨੇਡਾ ਨੂੰ ਹਰੇਕ ਐਫ-35 ਜਹਾਜ਼ ਪਿੱਛੇ 85 ਮਿਲੀਅਨ ਅਮਰੀਕੀ ਡਾਲਰ ਅਦਾ ਕਰਨੇ ਹੋਣਗੇ।

# ਛੁਰੇਬਾਜ਼ੀ ਵਿੱਚ 17 ਸਾਲਾ ਲੜਕਾ ਜ਼ਖ਼ਮੀ



ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਸੋਮਵਾਰ ਰਾਤੀਂ 12:00 ਵਜੇ ਪੁਲਿਸ ਨੂੰ ਰਿਪੋਰਟ ਮਿਲੀ ਕਿ ਓਸਿੰਗਟਨ ਐਵਨਿਊ ਤੇ ਹਾਰਬਰਡ ਸਟਰੀਟ ਨੇੜੇ ਲੇਨਵੇਅ ਵਿੱਚ ਇੱਕ ਵਿਅਕਤੀ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਹੈ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ 17 ਸਾਲਾ ਲੜਕਾ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੈਰਾਮੈਡਿਕਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਲੜਕੇ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਹੈ।

# ਕੈਨੇਡਾ ਵਿੱਚ ਕੌਮਾਂਤਰੀ ਨੌਜਵਾਨਾਂ ਦਾ ਸਵਾਗਤ ਕਰਨ ਲਈ ਆਈਈਸੀ ਸੀਜ਼ਨ ਹੋਇਆ ਸ਼ੁਰੂ



ਓਟਵਾ, 12 ਜਨਵਰੀ (ਪੋਸਟ ਬਿਊਰੋ) : ਕੌਮਾਂਤਰੀ ਪੱਧਰ ਤੋਂ ਜਦੋਂ ਨੌਜਵਾਨ ਕੈਨੇਡਾ ਵਿੱਚ ਕੰਮ ਤੇ ਜ਼ਿੰਦਗੀ ਦੇ ਬਿਹਤਰੀਨ ਤਜਰਬੇ ਹਾਸਲ ਕਰਨ ਲਈ ਆਉਂਦੇ ਹਨ ਤਾਂ ਉਹ ਬਦਲੇ ਵਿੱਚ ਦੇਸ਼ ਦੇ ਅਰਥਚਾਰੇ ਵਿੱਚ ਆਪਣੇ ਕਈ ਤਰ੍ਹਾਂ ਦੇ ਸਕਿੱਲਜ਼ ਨਾਲ ਯੋਗਦਾਨ ਪਾਉਂਦੇ ਹਨ। ਇਸੇ ਤਰ੍ਹਾਂ ਕੈਨੇਡੀਅਨ ਨੌਜਵਾਨ ਵੀ ਵਿਦੇਸ਼ਾਂ ਵਿੱਚ ਕੰਮ ਕਰਕੇ ਤੇ ਟਰੈਵਲ ਕਰਕੇ ਕਈ ਤਰ੍ਹਾਂ ਦਾ ਕੌਮਾਂਤਰੀ ਤਜਰਬਾ ਆਪਣੇ ਨਾਲ ਲਿਆਉਂਦੇ ਹਨ।

ਅੱਜ ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਨੇ ਐਲਾਨ ਕੀਤਾ ਕਿ ਇੰਟਰਨੈਸ਼ਨਲ ਐਕਸਪੀਰੀਐਂਸ ਕੈਨੇਡਾ (ਆਈਈਸੀ) ਸੀਜ਼ਨ ਹੁਣ ਉਨ੍ਹਾਂ ਕੌਮਾਂਤਰੀ ਨੌਜਵਾਨਾਂ ਲਈ ਖੁੱਲ੍ਹ ਚੁੱਕਿਆ ਹੈ ਜਿਨ੍ਹਾਂ ਨੇ ਕੈਨੇਡਾ ਵਿੱਚ ਕੰਮ ਕਰਨ ਤੇ ਟਰੈਵਲ ਕਰਨ ਦਾ ਤਜਰਬਾ ਹਾਸਲ ਕਰਨ ਲਈ ਦਿਲਚਸਪੀ ਵਿਖਾਈ ਹੈ। ਜਿਹੜੇ ਪਹਿਲਾਂ ਹੀ ਆਈਈਸੀ ਪੂਲ ਵਿੱਚ ਸ਼ਾਮਲ ਹਨ ਉਨ੍ਹਾਂ ਨੂੰ ਵਰਕ ਪਰਮਿਟ ਲਈ ਅਪਲਾਈ ਕਰਨ ਦਾ ਸੱਦਾ ਮਿਲਣਾ ਸ਼ੁਰੂ ਹੋ ਜਾਵੇਗਾ।

ਇਸ ਸਾਲ ਕੈਨੇਡਾ ਵੱਲੋਂ ਇਹ ਮੌਕਾ 90,000 ਕੌਮਾਂਤਰੀ ਨੌਜਵਾਨਾਂ ਨੂੰ ਦਿੱਤਾ ਜਾਵੇਗਾ ਤੇ ਇਸ ਸਬੰਧੀ ਐਲਾਨ ਪਹਿਲੀ ਦਸੰਬਰ, 2022 ਨੂੰ ਕੀਤਾ ਗਿਆ ਸੀ। ਇਸ ਪਸਾਰ ਨਾਲ ਕੈਨੇਡੀਅਨ ਇੰਪਲੌਇਰਜ਼ ਨੂੰ ਉਨ੍ਹਾਂ ਵਰਕਰਜ਼ ਨੂੰ ਲੱਭਣ ਵਿੱਚ ਮਦਦ ਮਿਲੇਗੀ ਜਿਹੜੇ ਦੇਸ਼ ਭਰ ਵਿੱਚ ਲੇਬਰ ਸਬੰਧੀ ਘਾਟ ਨੂੰ ਪੂਰਾ ਕਰਨ ਲਈ ਲੋੜੀਂਦੇ ਹੋਣਗੇ।

# ਵੈਨ ਤੇ ਸਟਰੀਟਕਾਰ ਦੀ ਟੱਕਰ ਵਿੱਚ ਇੱਕ ਜ਼ਖ਼ਮੀ



ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਸਟਰੀਟਕਾਰ ਤੇ ਇੱਕ ਵੈਨ ਦਰਮਿਆਨ ਹੋਈ ਆਹਮੋ ਸਾਹਮਣੀ ਟੱਕਰ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਦੀ ਹਾਲਤ ਕਾਫੀ ਨਾਜ਼ੁਕ ਦੱਸੀ ਜਾਂਦੀ ਹੈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਇਹ ਹਾਦਸਾ ਸੋਮਵਾਰ ਨੂੰ ਰਾਤੀਂ 1:00 ਵਜੇ ਚਰਚ ਸਟਰੀਟ ਦੇ ਪੱਛਮ ਵੱਲ ਕੁਈਨ ਤੇ ਬੌਂਡ ਸਟਰੀਟ ਨੇੜੇ ਵਾਪਰਿਆ। ਟੋਰਾਂਟੋ ਪੁਲਿਸ ਅਨੁਸਾਰ ਸਟਰੀਟਕਾਰ ਪੱਛਮ ਵਾਲੇ ਪਾਸੇ ਜਾ ਰਹੀ ਸੀ ਜਦੋਂ ਪੂਰਬ ਵੱਲੋਂ ਆ ਰਹੀ ਕਾਰ ਦੀ ਉਸ ਨਾਲ ਆਹਮੋ ਸਾਹਮਣੀ ਟੱਕਰ ਹੋ ਗਈ। ਟੱਕਰ ਐਨੀ ਜ਼ਬਰਦਸਤ ਸੀ ਕਿ ਵੈਨ ਵਿੱਚ ਸਵਾਰ ਡਰਾਈਵਰ ਨੂੰ ਵੈਨ ਕੱਟ ਕੇ ਬਾਹਰ ਕੱਢਣਾ ਪਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਸਟਰੀਟਕਾਰ ਦੇ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ। ਇੱਕ ਵਾਰੀ ਕੁਈਨ ਸਟਰੀਟ ਈਸਟ ਦੀਆਂ ਸਾਰੀਆਂ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਸਨ ਪਰ ਬਾਅਦ ਵਿੱਚ ਉਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ। ਟਰੈਫਿਕ ਸਰਵਿਸਿਜ਼ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਡਿਕਸੀ ਵਿਖੇ ਹਾਈਵੇਅ 401 ਉੱਤੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਰਾਹਗੀਰ ਦੀ ਹੋਈ ਮੌਤ



ਮਿਸੀਸਾਗਾ, 12 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਹਾਈਵੇਅ 401 ਉੱਤੇ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਰਾਹਗੀਰ ਦੀ ਮੌਤ ਹੋ ਗਈ। ਹਾਦਸੇ ਨੂੰ ਅੰਜਾਮ ਦੇਣ ਵਾਲਾ ਡਰਾਈਵਰ ਮੌਕੇ ਉੱਤੇ ਨਹੀਂ ਰੁਕਿਆ ਤੇ ਪੁਲਿਸ ਹੁਣ ਇਸ ਗੱਡੀ ਦੀ ਭਾਲ ਕਰ ਰਹੀ ਹੈ।

ਇਹ ਹਾਦਸਾ ਬੁੱਧਵਾਰ ਸਵੇਰੇ 5:00 ਵਜੇ ਦੇ ਨੇੜੇ ਤੇੜੇ ਡਿਕਸੀ ਰੋਡ ਦੇ ਪੂਰਬ ਵੱਲ ਪੱਛਮ ਵਾਲੀਆਂ ਐਕਸਪ੍ਰੈੱਸ ਲੇਨਜ਼ ਵਿੱਚ ਵਾਪਰਿਆ। ਮਾਮਲੇ ਦੀ ਜਾਂਚ ਲਈ ਹਾਈਵੇਅ 401 ਦੀਆਂ ਐਕਸਪ੍ਰੈੱਸ ਲੇਨਜ਼ ਨੂੰ ਰੈਨਫੋਰਥ ਡਰਾਈਵ ਤੋਂ ਹਾਈਵੇਅ 403 ਤੱਕ ਬੰਦ ਕਰ ਦਿੱਤਾ ਗਿਆ ਹੈ। ਪੁਲਿਸ ਅਧਿਕਾਰੀ ਕੈਰੀ ਸ਼ਮਿਡਟ ਦੇ ਅੰਦਾਜ਼ੇ ਮੁਤਾਬਕ ਇਹ ਲੇਨਜ਼ ਸਵੇਰ ਸਮੇਂ ਬਹੁਤੀ ਦੇਰ ਲਈ ਬੰਦ ਹੀ ਰੱਖੀਆਂ ਜਾਣਗੀਆਂ।

ਇਸ ਦੌਰਾਨ ਕੋਲੈਕਟਰ ਲੇਨਜ਼ ਨੂੰ ਖੁੱਲ੍ਹਾ ਰੱਖਿਆ ਗਿਆ ਹੈ ਤੇ ਪੱਛਮ ਵੱਲ ਜਾਣ ਵਾਲੇ ਸਾਰੇ ਟਰੈਫਿਕ ਨੂੰ ਰੈਨਫੋਰਥ ਉੱਤੇ ਕੋਲੈਕਟਰਜ਼ ਵੱਲ ਦੀ ਭੇਜ ਦਿੱਤਾ ਗਿਆ ਹੈ।

# ਰਿਹਾਇਸ਼ੀ ਬਿਲਡਿੰਗ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ



ਇਟੋਬੀਕੋ, 12 ਜਨਵਰੀ (ਪੋਸਟ ਬਿਊਰੋ) : ਇਟੋਬੀਕੋ ਵਿੱਚ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਪਰ ਉਸ ਦੇ ਬਚਣ ਦੀ ਸੰਭਾਵਨਾ ਹੈ।

ਟੋਰਾਂਟੋ ਪੁਲਿਸ ਨੂੰ ਮੰਗਲਵਾਰ ਰਾਤੀਂ 10:30 ਵਜੇ ਤੋਂ ਤੁਰੰਤ ਬਾਅਦ ਮਾਰਟਿਨ ਗ੍ਰੋਵ ਰੋਡ ਦੇ ਪੱਛਮ ਵੱਲ ਐਗਲਿੰਟਨ ਐਵਨਿਊ ਤੇ ਵਿਲੋਅਰਿੱਜ ਰੋਡ ਉੱਤੇ ਸੱਦਿਆ ਗਿਆ। ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਅਜੇ ਤੱਕ ਕਿਸੇ ਵਿਅਕਤੀ ਨੂੰ ਇਸ ਸਬੰਧ ਵਿੱਚ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਤੇ ਮਸ਼ਕੂਕਾਂ ਬਾਰੇ ਪੁਲਿਸ ਵੱਲੋਂ ਕੋਈ ਅਪਡੇਟ ਮੁਹੱਈਆ ਨਹੀਂ ਕਰਵਾਈ ਗਈ।

# ਛੁਰੇਬਾਜ਼ੀ ਵਿੱਚ 15 ਸਾਲਾ ਲੜਕਾ ਜ਼ਖ਼ਮੀ, ਹਾਲਤ ਨਾਜ਼ੁਕ



ਹੈਮਿਲਟਨ, 12 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਸਟੋਨੀ ਕ੍ਰੀਕ ਵਿੱਚ ਹਾਈ ਸਕੂਲ ਨੇੜੇ ਕੀਤੀ ਗਈ ਡਾਕਾ ਮਾਰਨ ਦੀ ਕੋਸ਼ਿਸ਼ ਦੌਰਾਨ ਇੱਕ 15 ਸਾਲਾ ਲੜਕੇ ਨੂੰ ਚਾਕੂ ਮਾਰ ਦਿੱਤਾ ਗਿਆ। ਹੁਣ ਇਹ ਲੜਕਾ ਹਸਪਤਾਲ ਵਿੱਚ ਜੇਰੇ ਇਲਾਜ ਹੈ।

ਹੈਮਿਲਟਨ ਪੁਲਿਸ ਨੇ ਦੱਸਿਆ ਕਿ ਇਹ ਛੁਰੇਬਾਜ਼ੀ ਸਾਲਟਫਲੀਟ ਡਿਸਟ੍ਰਿਕਟ ਹਾਈ ਸਕੂਲ ਨੇੜੇ ਵਾਪਰੀ। ਇਹ ਸਕੂਲ ਹਾਈਲੈਂਡ ਰੋਡ ਤੇ ਅੱਪਰ ਸੈਂਟੇਨੀਅਲ ਪਾਰਕਵੇਅ ਇਲਾਕੇ ਵਿੱਚ ਸਥਿਤ ਹੈ। ਇਹ ਘਟਨਾ ਦੁਪਹਿਰੇ 3:00 ਵਜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਕਿਨ੍ਹਾਂ ਕਾਰਨਾਂ ਕਰਕੇ ਵਾਪਰੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

ਪੁਲਿਸ ਨੇ ਇਹ ਵੀ ਆਖਿਆ ਕਿ ਉਹ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪਰ ਮਸਕੂਕਾਂ ਸਬੰਧੀ ਵੇਰਵਾ ਪੁਲਿਸ ਵੱਲੋਂ ਜਾਰੀ ਨਹੀਂ ਕੀਤਾ ਗਿਆ।

# ਹਿੱਟ ਐਂਡ ਰੰਨ ਮਾਮਲੇ ਵਿੱਚ 15 ਸਾਲਾ ਲੜਕੇ ਦੀ ਹੋਈ ਮੌਤ



ਹੈਮਿਲਟਨ, 12 ਜਨਵਰੀ (ਪੋਸਟ ਬਿਊਰੋ) : ਹੈਮਿਲਟਨ ਵਿੱਚ ਹਿੱਟ ਐਂਡ ਰੰਨ ਦੇ ਇੱਕ ਮਾਮਲੇ ਵਿੱਚ 15 ਸਾਲਾ ਬੱਚੇ ਦੀ ਮੌਤ ਹੋ ਗਈ ਤੇ ਇੱਕ ਹੋਰ 15 ਸਾਲਾ ਬੱਚੇ ਨੂੰ ਪੁਲਿਸ ਵੱਲੋਂ ਹਿਰਾ-ਸਤ ਵਿੱਚ ਲੈ ਲਿਆ ਗਿਆ।

ਅੱਪਰ ਪੈਰਾਡਾਈਸ ਰੋਡ ਤੇ ਸਟੋਨ ਚਰਚ ਰੋਡ ਵੈਸਟ ਇਲਾਕੇ ਵਿੱਚ ਦੁਪਹਿਰੇ 4:00 ਵਜੇ ਦੇ ਨੇੜੇ ਤੇੜੇ ਵਾਪਰੀ ਇਸ ਘਟਨਾ ਬਾਰੇ ਹੈਮਿਲਟਨ ਪੁਲਿਸ ਨੂੰ ਜਾਣਕਾਰੀ ਦਿੱਤੀ ਗਈ। ਜਾਂਚਕਾਰਾਂ ਨੇ ਦੱਸਿਆ ਕਿ ਇੱਕ ਲੜਕੇ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ। ਬਾਅਦ ਵਿੱਚ ਪੁਲਿਸ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਹਸਪਤਾਲ ਵਿੱਚ ਇੱਕ 15 ਸਾਲਾ ਲੜਕੇ ਦੀ ਮੌਤ ਹੋ ਗਈ ਤੇ ਇੱਕ ਹੋਰ ਨੂੰ ਗ੍ਰਿਫਤਾਰ ਕੀਤਾ ਗਿਆ।

ਯੂਥ ਕ੍ਰਿਮੀਨਲ ਜਸਟਿਸ ਐਕਟ ਕਾਰਨ ਟੀਨੇਜਰ ਦੀ ਪਛਾਣ ਨਸ਼ਰ ਨਹੀਂ ਕੀਤੀ ਜਾ ਸਕਦੀ। ਪੁਲਿਸ ਵੱਲੋਂ ਮੋਟਰਿਸਟਸ ਤੇ ਰੈਜ਼ੀਡੈਂਟਸ ਨੂੰ ਇਸ ਇਲਾਕੇ ਵੱਲ ਨਾ ਜਾਣ ਲਈ ਆਖਿਆ ਗਿਆ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com



UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਟੋਰਾਂਟੋ ਦੇ ਸਬਵੇਅ ਸਟੇਸ਼ਨਾਂ ਉੱਤੇ ਟੀਨੇਜਰ ਕੁੜੀਆਂ ਦੇ ਗਰੁੱਪ ਨੇ ਕਈ ਲੋਕਾਂ ਉੱਤੇ ਕੀਤਾ ਹਮਲਾ

ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਪਿਛਲੇ ਮਹੀਨੇ ਕਈ ਟੀਟੀਸੀ ਸਬਵੇਅ ਸਟੇਸ਼ਨਜ਼ ਉੱਤੇ ਕਥਿਤ ਤੌਰ ਉੱਤੇ ਲੋਕਾਂ ਉੱਤੇ ਹਮਲਾ ਕਰਨ ਵਾਲੀਆਂ 10 ਟੀਨੇਜਰ ਕੁੜੀਆਂ ਦੇ ਗਰੁੱਪ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਇਹ ਹਮਲੇ 17 ਦਸੰਬਰ ਨੂੰ ਰਾਤੀਂ 10:00 ਤੋਂ 12:00 ਵਜੇ ਦੇ ਨੇੜੇ ਤੇੜੇ ਕੁਈਨਜ਼ ਪਾਰਕ, ਸੇਂਟ ਪੈਟ੍ਰਿਕ, ਓਸਗੁੱਡ, ਸੇਂਟ ਐਂਡਰਿਊ ਤੇ ਯੂਨੀਅਨ ਸਟੇਸ਼ਨਜ਼ ਦਰਮਿਆਨ ਵਾਪਰੇ। ਬੁੱਧਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਆਖਿਆ ਗਿਆ ਕਿ ਪੁਲਿਸ ਇਨ੍ਹਾਂ ਹਮਲਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਸਾਹਮਣੇ ਆਉਣ ਲਈ ਵੀ ਆਖ ਰਹੀ ਹੈ। ਪੁਲਿਸ ਵੱਲੋਂ ਸਾਰਿਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਸ ਰਾਤ ਜੇ ਕਿਸੇ ਉੱਤੇ ਹਮਲਾ ਹੋਇਆ ਹੈ ਤਾਂ ਉਹ ਜਾਂਚਕਾਰਾਂ ਨਾਲ 416-808-5200 ਜਾਂ ਕ੍ਰਾਈਮ ਸਟੌਪਰਜ਼ ਨਾਲ 416-222-TIPS (8477) ਉੱਤੇ ਗੱਲ ਕਰ ਸਕਦਾ ਹੈ।

ਟੋਰਾਂਟੋ ਵਿੱਚ ਟੀਨੇਜ ਲੜਕੀਆਂ ਦੇ ਗਰੁੱਪ ਵੱਲੋਂ ਹਿੰਸਕ ਘਟਨਾ ਨੂੰ ਅੰਜਾਮ ਦੇਣ ਦਾ ਇਹ ਦੂਜਾ ਮਾਮਲਾ ਸਾਹਮਣੇ ਆਇਆ ਹੈ। ਟੀਟੀਸੀ ਦੇ ਯੂਨੀਅਨ ਸਟੇਸ਼ਨ ਤੋਂ ਕੁੱਝ ਕਦਮਾਂ ਦੀ ਦੂਰੀ ਉੱਤੇ ਸਥਿਤ ਯੌਰਕ ਸਟਰੀਟ ਤੇ ਯੂਨੀਵਰਸਿਟੀ ਐਵਨਿਊ ਏਰੀਆ ਵਿੱਚ ਇੱਕ ਬੇਘਰ ਵਿਅਕਤੀ ਉੱਤੇ ਹਮਲਾ ਕੀਤਾ ਗਿਆ ਤੇ ਉਸ ਦੀ ਜਾਨ ਲੈ ਲਈ ਗਈ। ਇਨ੍ਹਾਂ ਕੁੜੀਆਂ ਦੀ ਉਮਰ 13 ਤੇ 16 ਸਾਲ ਦਰਮਿਆਨ ਦੱਸੀ ਜਾਂਦੀ ਹੈ।



ਹਮਲਿਆਂ ਤੋਂ ਕੁੱਝ ਮਿੰਟ ਬਾਅਦ ਹੀ ਰਾਤੀਂ 12:17 ਵਜੇ ਦੇ ਨੇੜੇ ਤੇੜੇ ਅੱਠ ਕੁੜੀਆਂ ਦੇ ਇੱਕ ਗਰੁੱਪ ਵੱਲੋਂ

ਇਸ ਵਿਅਕਤੀ, ਜਿਸ ਦੀ ਪਛਾਣ 59 ਸਾਲਾਂ ਦੇ ਕੈਨ ਲੀ ਵਜੋਂ ਕੀਤੀ ਗਈ, ਦੇ ਕਤਲ ਦੇ ਸਬੰਧ ਵਿੱਚ ਅੱਠਾਂ ਮਸ਼ਕੂਕਾਂ ਨੂੰ ਚਾਰਜ ਕੀਤਾ ਗਿਆ। ਇਹ ਪੁੱਛੇ ਜਾਣ ਉੱਤੇ ਕਿ ਕੀ ਟੀਟੀਸੀ ਉੱਤੇ ਹੋਏ ਹਮਲਿਆਂ ਲਈ ਕੁੜੀਆਂ ਦਾ ਇਹੋ ਗਰੁੱਪ ਜ਼ਿੰਮੇਵਾਰ ਸੀ ਤਾਂ ਪੁਲਿਸ ਨੇ ਆਖਿਆ ਕਿ ਇਸ ਵੇਲੇ ਉਹ ਇਸ ਦੀ ਪੁਸ਼ਟੀ ਨਹੀਂ ਕਰ ਸਕਦੇ।

# 12 ਸਾਲਾ ਬੱਚੀ ਨੇ ਚਾਕੂ ਮਾਰ ਕੇ ਆਪਣੇ 9 ਸਾਲਾ ਭਰਾ ਦਾ ਕੀਤਾ ਕਤਲ

ਓਕਲਾਹੋਮਾ, 12 ਜਨਵਰੀ (ਪੋਸਟ ਬਿਊਰੋ) : ਆਪਣੇ 9 ਸਾਲਾ ਭਰਾ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੀ ਤੁਲਸਾ, ਓਕਲਾਹੋਮਾ ਦੀ 12 ਸਾਲਾ ਲੜਕੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਹ ਜਾਣਕਾਰੀ ਪੁਲਿਸ ਵੱਲੋਂ ਦਿੱਤੀ ਗਈ।

ਤੁਲਸਾ ਪੁਲਿਸ ਵੱਲੋਂ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਅਨੁਸਾਰ ਬੱਚੀ ਨੂੰ ਤੁਲਸਾ ਜੁਵੇਨਾਈਲ ਡਿਟੈਂਸ਼ਨ ਫੈਸਿਲਿਟੀ ਵਿੱਚ ਰੱਖਿਆ ਗਿਆ ਹੈ। ਬੀਤੇ ਵੀਰਵਾਰ ਦੀ ਰਾਤ ਨੂੰ ਛੁਰੇਬਾਜ਼ੀ ਦੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਤੋਂ ਪਹਿਲਾਂ ਹੀ ਪੈਰਾਮੈਡਿਕਸ ਤੇ




ਫਾਇਰਫਾਈਟਰਜ਼ ਪਹੁੰਚ ਚੁੱਕੇ ਸਨ ਤੇ ਉਨ੍ਹਾਂ ਵੱਲੋਂ 9 ਸਾਲਾ ਲੜਕੇ ਨੂੰ ਸੀਪੀਆਰ ਦਿੱਤੀ ਜਾ ਰਹੀ ਸੀ।

ਇੱਕ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਬੱਚਿਆਂ ਦੇ ਮਾਪੇ ਉੱਪਰਲੀ ਮੰਜ਼ਿਲ ਉੱਤੇ ਸੁੱਤੇ ਪਏ ਸਨ ਜਦੋਂ 12 ਸਾਲਾ ਬੱਚੀ ਨੇ ਉਨ੍ਹਾਂ ਨੂੰ ਜਗਾ ਕੇ ਦੱਸਿਆ ਕਿ ਉਸ ਨੇ ਆਪਣੇ 9 ਸਾਲਾ ਭਰਾ ਨੂੰ ਚਾਕੂ ਮਾਰ ਦਿੱਤਾ ਹੈ। ਲੜਕੇ ਨੂੰ ਹਸਪਤਾਲ ਲਿਜਾਇਆ ਗਿਆ ਤੇ ਉਸ ਦਾ ਆਪਰੇਸ਼ਨ ਵੀ ਸ਼ੁਰੂ ਕੀਤਾ ਗਿਆ ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਰਾਤੀਂ 2:30 ਵਜੇ ਦਮ ਤੋੜ ਗਿਆ। 12 ਸਾਲਾ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਉਸ ਨੂੰ ਫੈਮਿਲੀ ਸੈਂਟਰ ਫੌਰ ਜੁਵੇਨਾਈਲ ਜਸਟਿਸ ਵਿੱਚ ਰੱਖਿਆ ਗਿਆ ਹੈ। ਪੁਲਿਸ ਅਧਿਕਾਰੀਆਂ ਵੱਲੋਂ ਦੋਵਾਂ ਬੱਚਿਆਂ ਵਿੱਚੋਂ ਕਿਸੇ ਦੀ ਵੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ ਹੈ।

ਤੁਲਸਾ ਪੁਲਿਸ ਡਿਪਾਰਟਮੈਂਟ ਦੀ ਚਾਈਲਡ ਕ੍ਰਾਈਸਿਸ ਯੂਨਿਟ ਵੱਲੋਂ ਛੁਰੇਬਾਜ਼ੀ ਦੀ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਨੌਰਥਵੈਸਟ ਟੋਰਾਂਟੋ ਵਿੱਚ ਦੋਹਰੀ ਛੁਰੇਬਾਜ਼ੀ ਦੀ ਘਟਨਾ ਦੀ ਜਾਂਚ ਕਰ ਰਹੀ ਹੈ ਪੁਲਿਸ

ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਐਤਵਾਰ ਸਵੇਰੇ ਨੌਰਥਵੈਸਟ ਟੋਰਾਂਟੋ ਵਿੱਚ ਛੁਰੇਬਾਜ਼ੀ ਦੀ ਵਾਪਰੀ ਦੋਹਰੀ ਘਟਨਾ ਵਿੱਚ ਦੋ ਮਹਿਲਾਵਾਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈਆਂ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ।

ਇਹ ਘਟਨਾ ਇਸਲਿੰਗਟਨ ਤੇ ਫਿੰਚ ਐਵਨਿਊ ਨੇੜੇ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਸਵੇਰੇ 8:30 ਵਜੇ ਤੋਂ ਠੀਕ ਪਹਿਲਾਂ ਵਾਪਰੀ। ਇੱਕ ਟਵੀਟ ਵਿੱਚ ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇੱਕ ਮਹਿਲਾ ਦੇ ਹੱਥ ਉੱਤੇ ਚਾਕੂ ਨਾਲ ਕੀਤੇ ਗਏ ਵਾਰ ਕਾਰਨ ਉਹ ਬੁਰੀ ਤਰ੍ਹਾਂ ਜ਼ਖ਼ਮੀ ਸੀ ਤੇ ਉਸ ਨੂੰ ਪੈਰਾਮੈਡਿਕਸ ਵੱਲੋਂ ਲੋਕਲ ਹਸਪਤਾਲ ਲਿਜਾਇਆ ਗਿਆ। ਪੈਰਾਮੈਡਿਕਸ ਨੇ



ਦੱਸਿਆ ਕਿ ਉਸ ਮਹਿਲਾ ਦੇ ਜ਼ਖ਼ਮ ਬਹੁਤੇ ਗੰਭੀਰ ਨਹੀਂ ਸਨ।

ਪੁਲਿਸ ਨੇ ਦੱਸਿਆ ਕਿ ਸਵੇਰੇ 10:21 ਉੱਤੇ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਈ ਇੱਕ ਹੋਰ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਇਹ ਵੀ ਦੱਸਿਆ ਕਿ ਉਹ ਮਹਿਲਾ ਵੀ ਪਹਿਲਾਂ ਵਾਲੀ ਘਟਨਾ ਵਿੱਚ ਹੀ ਜ਼ਖ਼ਮੀ ਹੋਈ ਸੀ ਪਰ ਉਸ ਦੀ ਸਥਿਤੀ ਬਾਰੇ ਕੋਈ ਸਪਸ਼ਟ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

## ਗੋ ਬੱਸ ਉੱਤੇ ਸ਼ੱਕੀ ਪੈਕੇਜ ਮਿਲਣ ਤੋਂ ਬਾਅਦ ਇੱਕ ਵਿਅਕਤੀ ਹਿਰਾਸਤ ਵਿੱਚ

ਹਾਲਟਨ, 12 ਜਨਵਰੀ (ਪੋਸਟ ਬਿਊਰੋ) : ਮਿਲਟਨ ਵਿੱਚ ਕਾਰਪੂਲ ਵਿਖੇ ਇੱਕ ਸ਼ੱਕੀ ਪੈਕੇਜ ਪਾਏ ਜਾਣ ਤੋਂ ਬਾਅਦ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਬੰਬ ਨਕਾਰਾ ਕਰਨ ਵਾਲੀ ਸਕੁਐਡ ਨੂੰ ਵੀ ਸੱਦਿਆ ਗਿਆ। ਹਾਲਟਨ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੱਕੀ ਗਤੀਵਿਧੀ ਦੀ ਰਿਪੋਰਟ ਦੇ ਕੇ ਤੇ ਗੋ ਬੱਸ ਉੱਤੇ ਇੱਕ ਪੈਕੇਜ ਮਿਲਣ ਤੋਂ ਬਾਅਦ ਐਤਵਾਰ ਸ਼ਾਮੀਂ 6:30 ਵਜੇ ਹਾਈਵੇਅ 401 ਤੇ ਹਾਈਵੇਅ 25 ਉੱਤੇ ਗੋ ਟਰਾਂਜ਼ਿਟ ਕਾਰਪੂਲ ਲੌਟ ਉੱਤੇ ਸੱਦਿਆ ਗਿਆ। ਬਾਅਦ ਵਿੱਚ ਪੁਲਿਸ ਨੇ ਦੱਸਿਆ




ਕਿ ਇੱਕ ਵਿਅਕਤੀ ਨੂੰ ਇਸ ਸਬੰਧ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਬੱਸ ਉੱਤੇ ਸਵਾਰ ਸਾਰੇ ਲੋਕਾਂ ਨੂੰ ਵੀ ਸਹੀ ਸਲਾਮਤ ਬੱਸ ਵਿੱਚੋਂ ਬਾਹਰ ਕੱਢ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਲਈ ਹਾਲਟਨ ਐਕਸਪਲੋਸਿਵ ਡਿਸਪੋਜ਼ਲ ਯੂਨਿਟ (ਈਡੀਯੂ) ਨੂੰ ਵੀ ਮੌਕੇ ਉੱਤੇ ਸੱਦਿਆ ਗਿਆ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪਰ ਉਨ੍ਹਾਂ ਹੋਰ ਵੇਰਵੇ ਜਾਰੀ ਨਹੀਂ ਕੀਤੇ।

## ਹਿੱਟ ਐਂਡ ਰੰਨ ਮਾਮਲੇ ਵਿੱਚ ਮਹਿਲਾ ਗੰਭੀਰ ਜ਼ਖ਼ਮੀ

ਵਾਅਨ, 12 ਜਨਵਰੀ (ਪੋਸਟ ਬਿਊਰੋ) : ਵਾਅਨ ਵਿੱਚ ਇੱਕ ਟਰਾਂਸਪੋਰਟ ਟਰੱਕ ਵੱਲੋਂ ਮਹਿਲਾ ਨੂੰ ਟੱਕਰ ਮਾਰੇ ਜਾਣ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਵੀਰਵਾਰ ਸਵੇਰੇ 6:15 ਵਜੇ ਦੇ ਨੇੜੇ ਤੇੜੇ ਹਾਈਵੇਅ 27 ਨੇੜੇ ਹਾਈਵੇਅ 7 ਉੱਤੇ ਵਾਪਰੀ ਇਸ ਘਟਨਾ ਵਾਲੀ ਥਾਂ ਉੱਤੇ ਯੌਰਕ ਪੁਲਿਸ ਨੂੰ ਸੱਦਿਆ ਗਿਆ। ਪੈਰਾਮੈਡਿਕਸ ਵੱਲੋਂ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ। ਪਹਿਲਾਂ ਪੁਲਿਸ ਨੇ ਦੱਸਿਆ ਕਿ ਜਿਸ ਟਰਾਂਸਪੋਰਟ ਟਰੱਕ ਵੱਲੋਂ ਮਹਿਲਾ ਨੂੰ ਟੱਕਰ ਮਾਰੀ ਗਈ ਉਸ ਦਾ ਡਰਾਈਵਰ ਮੌਕੇ ਉੱਤੇ ਮੌਜੂਦ ਰਿਹਾ ਪਰ ਬਾਅਦ ਵਿੱਚ ਮੁਹੱਈਆ ਕਰਵਾਈ ਗਈ ਜਾਣਕਾਰੀ ਵਿੱਚ ਪੁਲਿਸ ਨੇ ਆਖਿਆ ਕਿ ਡਰਾਈਵਰ ਟਰੱਕ ਲੈ ਕੇ ਫਰਾਰ ਹੋ ਗਿਆ।

ਜਾਂਚਕਾਰਾਂ ਨੇ ਡਰਾਈਵਰ ਜਾਂ ਟਰੱਕ ਸਬੰਧੀ ਕੋਈ ਵੇਰਵਾ ਜਾਰੀ ਨਹੀਂ ਕੀਤਾ ਹੈ। ਇਸ ਏਰੀਏ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ।

# ਫਲਾਈਟ ਪੀਐਸ752 ਵਿਕਟਿਮਜ਼ ਲਈ ਇਨਸਾਫ ਲੈ ਕੇ ਹਟਾਂਗੇ : ਟਰੂਡੋ

ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਤਿੰਨ ਸਾਲ ਪਹਿਲਾਂ ਇਰਾਨੀ ਫੌਜ ਵੱਲੋਂ ਫੁੰਡੇ ਗਏ ਇੱਕ ਜਹਾਜ਼ ਵਿੱਚ ਮਾਰੇ ਗਏ ਪੈਸੈਂਜਰਜ਼ ਦੇ ਰਿਸ਼ਤੇਦਾਰਾਂ ਤੇ ਦੋਸਤਾਂ ਵੱਲੋਂ ਇੱਕ ਵਾਰੀ ਫਿਰ ਇਨਸਾਫ ਲਈ ਆਵਾਜ਼ ਉਠਾਈ ਗਈ ਹੈ। ਜ਼ਿਕਰਯੋਗ ਹੈ ਕਿ ਤਿੰਨ ਸਾਲ ਪਹਿਲਾਂ ਅੱਜ ਦੇ ਹੀ ਦਿਨ ਫਲਾਈਟ ਪੀਐਸ752 ਨੂੰ ਇਰਾਨੀ ਸੈਨਾ ਵੱਲੋਂ ਫੁੰਡ ਦਿੱਤਾ ਗਿਆ ਸੀ।

ਉੱਤਰੀ ਟੋਰਾਂਟੋ ਵਿੱਚ ਇਸ ਸਬੰਧ ਵਿੱਚ ਕਰਵਾਏ ਗਏ ਇੱਕ ਸਮਾਰੋਹ ਵਿੱਚ ਦ ਐਸੋਸਿਏਸ਼ਨ ਆਫ ਫੈਮਿਲੀਜ਼ ਆਫ ਫਲਾਈਟ ਪੀਐਸ752 ਵਿਕਟਿਮਜ਼ ਵੱਲੋਂ ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਦੌਰਾਨ ਇਰਾਨ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦੀ ਸਖ਼ਤ ਲਫਜ਼ਾਂ ਵਿੱਚ ਨਿਖੇਧੀ ਵੀ ਕੀਤੀ ਗਈ।



ਇਸ ਮੌਕੇ ਹੋਰ ਉੱਘੀਆਂ ਹਸਤੀਆਂ ਸਮੇਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇੱਕਠ ਨੂੰ ਸੰਬੋਧਨ ਕੀਤਾ। ਉਨ੍ਹਾਂ ਦੁਖੀ ਪਰਿਵਾਰਾਂ ਨੂੰ ਦਿਲਾਸਾ ਦਿੰਦਿਆਂ ਆਖਿਆ ਕਿ ਜਿਨ੍ਹਾਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ ਉਨ੍ਹਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਇਹ ਘਟਨਾ ਇਰਾਨੀ ਹਕੂਮਤ ਦੀ ਮਨੁੱਖੀ ਜ਼ਿੰਦਗੀਆਂ ਦੀ ਅਣਦੇਖੀ ਕਰਨ ਦੀ ਨੀਤੀ ਕਾਰਨ ਹੀ ਵਾਪਰੀ। ਪਰਿਵਾਰਾਂ ਵੱਲੋਂ ਇਸ ਦੌਰਾਨ ਵੈਨਕੂਵਰ ਤੋਂ ਟੋਰਾਂਟੋ ਤੇ ਸੇਂਟ ਜੋਨਜ਼, ਨਿਊਫਾਊਂਡਲੈਂਡ ਐਂਡ ਲੈਬਰਾਡੋਰ ਤੱਕ 12 ਰੈਲੀਆਂ ਕੱਢੀਆਂ ਗਈਆਂ।

ਜ਼ਿਕਰਯੋਗ ਹੈ ਕਿ ਇਸ ਹਾਦਸੇ ਵਿੱਚ 176 ਲੋਕ ਮਾਰੇ ਗਏ ਸਨ ਜਿਨ੍ਹਾਂ ਵਿੱਚੋਂ 55 ਕੈਨੇਡੀਅਨ ਨਾਗਰਿਕ ਤੇ 30 ਪਰਮਾਨੈਂਟ ਰੈਜ਼ੀਡੈਂਟਸ ਸਨ। ਜਨਵਰੀ 2020 ਵਿੱਚ ਯੂਕਰੇਨ ਇੰਟਰਨੈਸ਼ਨਲ ਏਅਰਲਾਈਨਜ਼ ਦੇ ਇਸ ਜੈੱਟਲਾਈਨਰ ਨੇ ਵਾਇਆ ਯੂਕਰੇਨ, ਕੈਨੇਡਾ ਲਈ ਤਹਿਰਾਨ ਤੋਂ ਅਜੇ ਉਡਾਨ ਹੀ ਭਰੀ ਸੀ ਕਿ ਇਸ ਨੂੰ ਫੁੰਡ

# ਬੈਂਕ ਵਿੱਚ ਡਾਕਾ ਮਾਰਨ ਵਾਲੇ 3 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਦਰਹਾਮ, 12 ਜਨਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਬੋਅਮਨਵਿੱਲ ਵਿੱਚ ਇੱਕ ਬੈਂਕ ਵਿੱਚ ਡਾਕਾ ਮਾਰਨ ਵਾਲੇ ਤਿੰਨ ਮਸ਼ਕੂਕਾਂ ਦੀ ਦਰਹਾਮ ਰੀਜਨਲ ਪੁਲਿਸ ਸਰਵਿਸ ਦੇ ਜਾਂਚਕਾਰਾਂ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਡਾਕੇ ਦੀ ਖਬਰ ਦੇ ਕੇ ਸਵੇਰੇ 9:00 ਵਜੇ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਲਾਂਗਵਰਥ ਐਵਨਿਊ ਸਥਿਤ ਟੀਡੀ ਕੈਨੇਡਾ ਟਰਸਟ ਬੈਂਕ ਵਿਖੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਦੋ ਪੁਰਸ਼ ਮਸ਼ਕੂਕ ਬੈਂਕ ਵਿੱਚ ਦਾਖਲ ਹੋਏ ਤੇ ਉਨ੍ਹਾਂ ਟੈਲਰ ਨੂੰ ਇੱਕ ਨੋਟ ਫੜਾਇਆ ਜਿਸ ਉੱਤੇ ਨਕਦੀ ਦੀ ਮੰਗ ਕੀਤੀ ਗਈ ਸੀ ਜਦਕਿ ਮਹਿਲਾ ਮਸ਼ਕੂਕ ਵੱਲੋਂ ਦਰਵਾਜ਼ੇ ਉੱਤੇ ਨਜ਼ਰ ਰੱਖੀ ਗਈ। ਫਿਰ ਇਹ ਤਿੰਨੇ




ਮਸ਼ਕੂਕ ਕਥਿਤ ਤੌਰ ਉੱਤੇ ਪੈਦਲ ਹੀ ਉੱਤਰ ਵੱਲ ਚਲੇ ਗਏ। ਆਪਣੇ ਨਾਲ ਉਹ ਕਿੰਨੀ ਨਕਦੀ ਲੈ ਗਏ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਲਾਕੇ ਵਿੱਚ ਭਾਲ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਕਿਸੇ ਮਸ਼ਕੂਕ ਨੂੰ ਉਹ ਨਹੀਂ ਫੜ੍ਹ ਸਕੀ। ਦੋ ਪੁਰਸ਼ ਮਸ਼ਕੂਕ ਆਪਣੇ 20ਵਿਆਂ ਵਿੱਚ ਦੱਸੇ ਜਾਂਦੇ ਹਨ, ਜਿਨ੍ਹਾਂ ਦੀ ਕੱਦਕਾਠੀ ਨਿੱਕੀ ਸੀ, ਉਨ੍ਹਾਂ ਨੇ ਕਾਲੇ ਹੁੱਡ ਵਾਲੇ ਸਵੈਟਰ ਪਾਏ ਹੋਏ ਸਨ। ਮਹਿਲਾ ਮਸ਼ਕੂਕ ਵੀ ਆਪਣੇ 20ਵਿਆਂ ਵਿੱਚ ਦੱਸੀ ਜਾਂਦੀ ਹੈ, ਉਸ ਦੀ ਕੱਦਕਾਠੀ ਵੀ ਨਿੱਕੀ ਸੀ ਤੇ ਉਸ ਨੇ ਕਾਲੇ ਰੰਗ ਦੀ ਸਿਆਲਾਂ ਵਾਲੀ ਜੈਕੇਟ ਪਾਈ ਹੋਈ ਸੀ ਜਿਸ ਦੇ ਫਰ ਵਾਲਾ ਕਾਲਰ ਸੀ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 12 ਸਾਲਾ ਲੜਕਾ ਜ਼ਖ਼ਮੀ

ਮਿਸੀਸਾਗਾ, 12 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 12 ਸਾਲਾ ਲੜਕਾ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਇਹ ਹਾਦਸਾ ਸੋਮਵਾਰ ਨੂੰ ਰਾਤੀਂ 7:15 ਵਜੇ ਦੇ ਨੇੜੇ ਤੇੜੇ ਹਿੱਲਕ੍ਰੈਸਟ



ਐਵਨਿਊ ਤੇ ਕੌਨਫੈਡਰੇਸ਼ਨ ਪਾਰਕਵੇਅ ਏਰੀਆ ਵਿੱਚ ਵਾਪਰਿਆ। ਅਧਿਕਾਰੀਆਂ ਨੇ ਦੱਸਿਆ ਕਿ ਲੜਕਾ ਜ਼ਖ਼ਮੀ ਹਾਲਤ ਵਿੱਚ ਮੌਕੇ ਉੱਤੇ ਹੀ ਪਾਇਆ ਗਿਆ ਤੇ ਉਸ ਨੂੰ ਤੁਰੰਤ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਡਰਾਈਵਰ ਪੁਲਿਸ ਨਾਲ ਸਹਿਯੋਗ ਕਰ ਰਿਹਾ ਹੈ ਜਾਂ ਨਹੀਂ ਤੇ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਕੋਈ ਚਾਰਜਿਜ਼ ਲਾਏ ਗਏ ਹਨ ਜਾਂ ਨਹੀਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਟਰੂਡੋ ਨੇ ਨੀਤੀਗਤ ਤਰਕਸ਼ੀਲਤਾ ਦੀ ਥਾਂ ਸਿਆਸੀ ਅੰਕਾਂ ਨੂੰ ਦਿੱਤੀ ਤਰਜੀਹ : ਮੌਰਨਿਊ

ਓਟਵਾ, 12 ਜਨਵਰੀ (ਪੋਸਟ ਬਿਊਰੋ) : ਸਾਬਕਾ ਫੈਡਰਲ ਵਿੱਤ ਮੰਤਰੀ ਬਿੱਲ ਮੌਰਨਿਊ ਨੇ 17 ਜਨਵਰੀ ਨੂੰ ਰਲੀਜ਼ ਹੋਣ ਜਾ ਰਹੀ ਆਪਣੀ ਨਵੀਂ ਕਿਤਾਬ ਵਿੱਚ ਖੁਲਾਸਾ ਕੀਤਾ ਹੈ ਕਿ ਕੋਵਿਡ-19 ਮਹਾਂਮਾਰੀ ਦੀ ਏਡ ਪਾਲਿਸੀ ਜਾਰੀ ਕਰਨ ਸਮੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੇ ਉੱਘੇ ਸਲਾਹਕਾਰਾਂ ਨੇ ਨੀਤੀਗਤ ਤਰਕਸ਼ੀਲਤਾ ਦੀ ਥਾਂ ਸਿਆਸੀ ਅੰਕ ਹਾਸਲ ਕਰਨ ਨੂੰ ਤਰਜੀਹ ਦਿੱਤੀ। ਮੌਰਨਿਊ ਨੇ ਆਖਿਆ ਕਿ ਇਸ ਨਾਲ ਉਨ੍ਹਾਂ ਨੂੰ ਰਬੜ ਸਟੈਂਪ ਵਰਗਾ ਮਹਿਸੂਸ ਹੋਇਆ ਤੇ ਇਸੇ ਲਈ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ।

ਇੱਕ ਇੰਟਰਵਿਊ ਵਿੱਚ ਮੌਰਨਿਊ ਨੇ ਆਖਿਆ ਕਿ ਹਾਲਾਤ ਉਨ੍ਹਾਂ ਦੇ ਕਾਬੂ ਤੋਂ ਬਾਹਰ ਹੋ ਗਏ ਸਨ ਤੇ ਇਸੇ ਲਈ ਉਨ੍ਹਾਂ ਵਿੱਤ ਮੰਤਰੀ ਤੇ ਟੋਰਾਂਟੋ ਸੈਂਟਰ ਦੇ ਐਮਪੀ ਵਜੋਂ



ਅਸਤੀਫਾ ਦੇਣ ਵਿੱਚ ਹੀ ਭਲਾਈ ਸਮਝੀ। ਆਪਣੀ ਕਿਤਾਬ "ਵ੍ਹੇਅਰ ਟੂ ਫਰੌਮ ਹੇਅਰ : ਅ ਪਾਥ ਟੂ ਕੈਨੇਡੀਅਨ ਪ੍ਰੌਸਪੈਰਿਟੀ" ਵਿੱਚ ਮੌਰਨਿਊ ਨੇ ਆਖਿਆ ਕਿ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਉਨ੍ਹਾਂ ਨੂੰ ਉਸ ਉੱਤੇ ਪੂਰਾ ਯਕੀਨ ਹੈ। ਪਰ ਮੌਰਨਿਊ ਨੇ ਆਖਿਆ ਕਿ ਸੂਤਰਾਂ ਤੋਂ ਮਿਲੀਆਂ ਖਬਰਾਂ ਤੋਂ ਉਨ੍ਹਾਂ ਨੂੰ ਇਹ ਸਪਸ਼ਟ ਹੋ ਗਿਆ ਸੀ ਕਿ ਕੋਵਿਡ-19 ਸਬੰਧੀ ਆਰਥਿਕ ਮਦਦ ਲਈ ਸ਼ੁਰੂ ਕੀਤੇ ਗਏ ਪ੍ਰੋਗਰਾਮ ਨੂੰ ਲੈ ਕੇ ਉਨ੍ਹਾਂ ਤੇ ਟਰੂਡੋ ਦਰਮਿਆਨ ਪਾੜਾ ਵੱਧ ਚੁੱਕਿਆ ਸੀ। ਅਸਤੀਫਾ ਦੇਣ ਵਾਲਾ ਕਦਮ ਮੌਰਨਿਊ ਵੱਲੋਂ ਫੈਡਰਲ ਸਰਕਾਰ ਦੇ ਕੋਵਿਡ-19 ਬਾਰੇ ਮਦਦ ਜਾਰੀ ਕਰਨ ਤੇ ਵੁਈ ਚੈਰਿਟੀ ਵਿਵਾਦ ਸਾਹਮਣੇ ਆਉਣ ਦੇ ਛੇ ਮਹੀਨਿਆਂ ਦੇ ਅੰਦਰ ਅੰਦਰ ਵਾਪਰਿਆ। ਇਸ ਪ੍ਰੋਗਰਾਮ ਬਾਰੇ ਮੌਰਨਿਊ ਦਾ ਮੰਨਣਾ ਹੈ ਕਿ ਲਿਬਰਲ ਸਰਕਾਰ ਨੇ ਜ਼ਿਆਦਾ ਖਰਚਾ ਕੀਤਾ।

ਇੰਟਰਵਿਊ ਵਿੱਚ ਮੌਰਨਿਊ ਨੇ ਦੱਸਿਆ ਕਿ ਜਿੰਨਾਂ ਚਿਰ ਉਹ ਆਪਣੇ ਅਹੁਦੇ ਉੱਤੇ ਰਹੇ ਓਨਾ ਚਿਰ ਉਨ੍ਹਾਂ ਵਿੱਚ ਤੇ ਪ੍ਰਧਾਨ ਮੰਤਰੀ ਦਰਮਿਆਨ ਸਿਹਤਮੰਦ ਤਣਾਅ ਬਰਕਰਾਰ ਰਿਹਾ। ਇਹ ਅਜਿਹਾ ਤਣਾਅ ਸੀ ਜਿਹੜਾ ਵਿੱਤ ਮੰਤਰੀ ਤੇ ਪ੍ਰਧਾਨ ਮੰਤਰੀ ਦਰਮਿਆਨ ਹੋਣਾ ਚਾਹੀਦਾ ਹੈ। ਪਰ ਜਿਵੇਂ ਹੀ ਮਹਾਂਮਾਰੀ ਵਾਲੇ ਪਰੈਸ਼ਰ ਕੁਕਰ ਵਿੱਚ ਉਹ ਦੋਵੇਂ ਦਾਖਲ ਹੋਏ ਇਹ ਤਣਾਅ ਬਹੁਤ ਵਧ ਗਿਆ ਤੇ ਇਸ ਨੇ ਹੋਰ ਕੋਝਾ ਰੂਪ ਲੈ ਲਿਆ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ

ਓਨਟਾਰੀਓ, 12 ਜਨਵਰੀ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ, ਜੋ ਕਿ ਆਪਣੇ 60ਵਿਆਂ ਵਿੱਚ ਸੀ, ਦੀ ਮੌਤ ਹੋ ਗਈ। ਇਹ ਹਾਦਸਾ ਸੋਮਵਾਰ ਨੂੰ ਰਾਤੀਂ 8:40 ਉੱਤੇ ਜੇਨ ਸਟਰੀਟ ਤੇ ਵਿਲਸਨ ਐਵਨਿਊ ਉੱਤੇ ਵਾਪਰਿਆ। ਜ਼ਖ਼ਮੀ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਆਖਿਆ ਕਿ ਇਸ ਘਟਨਾ ਵਿੱਚ ਸ਼ਾਮਲ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਚਸ਼ਮਦੀਦਾਂ ਨੂੰ ਸਾਹਮਣੇ ਆਉਣ ਤੇ ਜਾਂਚਕਾਰਾਂ ਦੀ ਮਦਦ ਲਈ ਵੀ ਆਖਿਆ ਗਿਆ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA
Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ




Call for Professional Advice
905.247.0193
info@grovercpa.ca
GroVerCPA
Professional Corporation

214-7895 Tranmere Drive, Mississauga ON L5S 1V9

## ਕੈਨੇਡਾ ਵਿਚ ਸਿੱਖ ਔਰਤ ਦਾ ਸ਼ਲਾਘਾਯੋਗ ਕਦਮ, ਆਪਣੇ ਬੱਚਿਆਂ ਲਈ ਡਿਜ਼ਾਈਨ ਕੀਤੇ ਸਪੈਸ਼ਲ ਹੈਲਮੇਟ








ਟੋਰਾਂਟੋ ਦੀ ਰਹਿਣ ਵਾਲੀ ਟੀਨਾ ਸਿੰਘ ਨੇ ਇਕ ਅਜਿਹਾ ਸ਼ਲਾਘਾਯੋਗ ਕੰਮ ਕੀਤਾ ਹੈ, ਜਿਸ ਨਾਲ ਸਿੱਖ ਬੱਚੇ ਆਸਾਨੀ ਨਾਲ ਸਾਈਕਲਿੰਗ ਕਰ ਸਕਦੇ ਹਨ। ਟੀਨਾ ਸਿੰਘ ਦੇ ਬੱਚੇ ਸਾਈਕਲਿੰਗ ਕਰਦੇ ਹਨ ਅਤੇ ਉਨ੍ਹਾਂ ਨੇ ਆਪਣੇ ਬੱਚਿਆਂ ਲਈ ਕਈ ਤਰ੍ਹਾਂ ਦੇ ਹੈਲਮੇਟ ਟਰਾਈ ਕੀਤੇ ਪਰ ਕੋਈ ਵੀ ਹੈਲਮੇਟ ਉਨ੍ਹਾਂ ਦੇ ਸਿਰਾਂ ‘ਤੇ ਸੁਰੱਖਿਅਤ ਢੰਗ ਨਾਲ ਫਿੱਟ ਨਹੀਂ ਹੁੰਦਾ ਸੀ। 3 ਬੱਚਿਆਂ ਦੀ ਮਾਂ ਟੀਨਾ ਸਿੰਘ ਨੇ ਦੱਸਿਆ ਕਿ ਮੇਰੇ ਬੱਚਿਆ ਨੇ ਜੂੜਾ ਰੱਖਿਆ ਹੋਇਆ ਹੈ। ਇਸ ਲਈ ਜਦੋਂ ਵੀ ਉਹ ਸਾਈਕਲ ਚਲਾਉਣ ਲਈ ਬਾਹਰ ਜਾਂਦੇ ਹਨ ਤਾਂ ਉਹ ਹੈਲਮੇਟ ਪਾਉਂਦੇ ਹਨ ਪਰ ਉਨ੍ਹਾਂ ਨੂੰ ਕੁੱਝ ਵੀ ਠੀਕ ਤਰ੍ਹਾਂ ਫਿੱਟ ਨਹੀਂ ਹੁੰਦਾ ਸੀ।

ਉਹ ਆਪਣੇ ਬੱਚਿਆਂ ਦੇ ਕੇਸ ਵੀ ਨਹੀਂ ਕਟਵਾਉਣਾ ਚਾਹੁੰਦੀ ਸੀ, ਜਿਸ ਨੂੰ ਵੇਖਦੇ ਹੋਏ ਟੀਨਾ ਨੇ ਖੁਦ ਅਜਿਹਾ ਹੈਲਮੇਟ ਤਿਆਰ ਕੀਤਾ, ਜਿਸ ਨੂੰ ਸਿੱਖ ਬੱਚੇ ਸਿਰ ‘ਤੇ ਜੂੜਾ ਸਜਾ ਕੇ ਵੀ ਪਹਿਣ ਸਕਦੇ ਹਨ ਤੇ ਖੇਡਾਂ ਵਿੱਚ ਸੁਰੱਖਿਅਤ ਢੰਗ ਨਾਲ ਹਿੱਸਾ ਲੈ ਸਕਦੇ ਹਨ। ਟੀਨਾ ਦਾ ਕਹਿਣਾ ਹੈ ਕਿ ਇਹ ਪਹਿਲਾ ਸੁਰੱਖਿਆ ਪ੍ਰਮਾਣਿਤ ਮਲਟੀਸਪੋਰਟ ਹੈਲਮੇਟ ਹੈ।

## ਦੇਸ਼ ਦੀ ਰੱਖਿਆ ਦਾ ਜਜ਼ਬਾ ਰੱਖਣ ਵਾਲੀ ਸ਼ਿਵਾ ਚੌਹਾਨ ਹੈ ਸਿਆਚਿਨ ਜੰਗ ਦੇ ਮੈਦਾਨ ਵਿੱਚ ਤਾਇਨਾਤ ਪਹਿਲੀ ਮਹਿਲਾ ਅਫ਼ਸਰ







ਹਿਮਾਲਿਆ ਪਰਬਤ ਦੀ ਕਾਰਾਕੋਰਮ ਰੇਂਜ ਵਿਚ ਕਰੀਬ 20 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਦੁਨੀਆਂ ਦੇ ਸਭ ਤੋਂ ਉੱਚੇ ਜੰਗੀ ਮੈਦਾਨ ਸਿਆਚਿਨ 'ਤੇ ਰਾਜਸਥਾਨ ਦੀ ਸ਼ਿਵਾ ਚੌਹਾਨ ਵੀ ਦੇਸ਼ ਦੀ ਸੁਰੱਖਿਆ ਵਿਚ ਤਾਇਨਾਤ ਹਨ। ਇਹ ਪਹਿਲੀ ਵਾਰ ਹੈ ਜਦੋਂ ਸਿਆਚਿਨ ਖੇਤਰ ਵਿੱਚ ਇੰਨੇ ਸਖ਼ਤ ਹਾਲਾਤ ਵਿਚ ਕਿਸੇ ਔਰਤ ਨੂੰ ਤਾਇਨਾਤ ਕੀਤਾ ਗਿਆ ਹੈ। ਇੱਥੇ ਹੱਡ ਜੋੜ ਦੇਣ ਵਾਲੀ ਸਰਦੀ ਦੀ ਹਾਲਤ ਇਹ ਹੈ ਕਿ ਤਾਪਮਾਨ ਜ਼ੀਰੋ ਤੋਂ 40 ਤੋਂ 60 ਡਿਗਰੀ ਤੱਕ ਚਲਾ ਜਾਂਦਾ ਹੈ। ਕਦੇ ਬਰਫੀਲੇ ਤੂਫਾਨ ਆਉਂਦੇ ਹਨ, ਕਦੇ ਪਹਾੜਾਂ 'ਤੇ ਜੰਮੀ ਬਰਫ ਦੀਆਂ ਪਰਤਾਂ ਹੇਠਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਉਚਾਈ ਕਾਰਨ ਹੋਣ ਵਾਲੀਆਂ ਬੀਮਾਰੀਆਂ ਜਾਨ ਨੂੰ ਖਤਰੇ ਵਿਚ ਪਾ ਦਿੰਦੀਆਂ ਹਨ, ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਦੇਸ਼ ਦੀ ਰੱਖਿਆ ਦਾ ਜਜ਼ਬਾ ਹਰ ਮੁਸ਼ਕਿਲ ਨੂੰ ਆਸਾਨ ਬਣਾ ਦਿੰਦਾ ਹੈ।

## ਸੇਂਟ ਕੈਥਰੀਨਜ਼ ਵਿੱਚ ਲੱਗੀ ਅੱਗ, ਧਮਾਕਾ ਹੋਣ ਦਾ ਵੀ ਖਦਸ਼ਾ

ਓਨਟਾਰੀਓ, 12 ਜਨਵਰੀ (ਪੋਸਟ ਬਿਊਰੋ) : ਸੇਂਟ ਕੈਥਰੀਨਜ਼ ਵਿੱਚ ਲੱਗੀ ਵੱਡੀ ਅੱਗ ਉੱਤੇ ਕਾਬੂ ਪਾਉਣ ਲਈ ਐਮਰਜੰਸੀ ਰਿਸਪਾਂਡਰਜ਼ ਮੌਕੇ ਉੱਤੇ ਪਹੁੰਚ ਚੁੱਕੇ ਹਨ। ਘਟਨਾ ਵਾਲੀ ਥਾਂ ਤੋਂ ਧਮਾਕੇ ਦੀਆਂ ਰਿਪੋਰਟਾਂ ਵੀ ਮਿਲੀਆਂ।

ਨਾਇਗਰਾ ਰੀਜਨਲ ਪੁਲਿਸ ਨੇ ਆਖਿਆ ਕਿ ਸਵੇਰੇ 6:36 ਉੱਤੇ ਉਨ੍ਹਾਂ ਨੂੰ ਸੀਵੇਅ ਹਾਲੇਜ ਤੇ ਕੀਫਰ ਰੋਡਜ਼ ਨੇੜੇ ਸੇਂਟ ਕੈਥਰੀਨਜ਼ ਦੇ ਉੱਤਰੀ ਸਿਰੇ ਉੱਤੇ ਧਮਾਕਾ ਹੋਣ ਦੀਆਂ ਖਬਰਾਂ ਮਿਲੀਆਂ ਤੇ ਇਸ ਦੌਰਾਨ 911 ਉੱਤੇ ਕਾਲ ਕਰਕੇ ਪੁਲਿਸ ਨੂੰ ਵੀ ਸੱਦਿਆ ਗਿਆ। ਨਾਇਗਰਾ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਹ



ਆਪਣੇ ਨਾਲ ਐਮਰਜੰਸੀ ਸਰਵਿਸ ਕਰਮਚਾਰੀਆਂ ਨੂੰ ਵੀ ਲੈ ਕੇ ਗਏ। ਮੌਕੇ ਉੱਤੇ ਸੇਂਟ ਕੈਥਰੀਨਜ਼ ਫਾਇਰ ਸਰਵਿਸ ਦੇ ਨਾਲ ਨਾਲ ਨਾਇਗਰਾ ਐਮਰਜੰਸੀ ਮੈਡੀਕਲ ਸਰਵਿਸਿਜ਼ ਦੀਆਂ ਕਈ ਯੂਨਿਟਸ ਵੀ ਪਹੁੰਚੀਆਂ। ਉਨ੍ਹਾਂ ਆਖਿਆ ਕਿ ਇਸ ਏਰੀਆ ਵਿੱਚ ਰਹਿਣ ਵਾਲੇ ਲੋਕਾਂ ਨੂੰ ਘਰਾਂ ਵਿੱਚ ਹੀ ਰਹਿਣ ਤੇ ਧੂੰਏ ਤੋਂ ਬਚਣ ਲਈ ਆਖਿਆ ਗਿਆ ਹੈ।

## ਇਮਰਾਨ ਖਾਨ ਵਲੋਂ ਮੌਜੂਦਾ ਸਰਕਾਰ ਨੂੰ ਭਿਖਾਰੀ ਕਹਿਣ ਉਤੇ ਭੜਕੇ ਪਾਕਿ ਨੇਤਾ

ਇਸਲਾਮਾਬਾਦ, 12 ਜਨਵਰੀ (ਪੋਸਟ ਬਿਊਰੋ)- ਡਿਫਾਲਟਰ ਸਾਬਤ ਹੋਣ ਦੀ ਕਗਾਰ 'ਤੇ ਖੜ੍ਹੇ ਪਾਕਿਸਤਾਨ ਨੂੰ ਜਨੇਵਾ ਕਾਨਫਰੰਸ 'ਚ ਵਿਦੇਸ਼ਾਂ ਤੋਂ ਵੱਡੀ ਵਿੱਤੀ ਮਦਦ ਮਿਲੀ ਹੈ, ਜਿਸ ਨੂੰ ਸ਼ਾਹਬਾਜ਼ ਸ਼ਰੀਫ ਸਰਕਾਰ ਆਪਣੀ ਪ੍ਰਾਪਤੀ ਵਜੋਂ ਦਿਖਾ ਰਹੀ ਹੈ। ਪਰ ਇਮਰਾਨ ਖਾਨ ਸਰਕਾਰ ਨੇ ਇਸ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਇਹ 'ਭਿਖਾਰੀ' ਸਰਕਾਰ 'ਭੀਖ' ਲਈ ਵਿਦੇਸ਼ ਜਾ ਰਹੀ ਹੈ। ਇਮਰਾਨ ਖਾਨ ਦੀ ਇਸ ਟਿੱਪਣੀ 'ਤੇ ਹੁਣ ਪਾਕਿਸਤਾਨ ਮੁਸਲਿਮ ਲੀਗ (ਕਿਊ) ਦੇ ਪ੍ਰਧਾਨ ਚੌਧਰੀ ਸ਼ੁਜਾਤ ਹੁਸੈਨ ਦਾ ਬਿਆਨ ਆਇਆ ਹੈ। ਉਨ੍ਹਾਂ ਨੇ ਇਮ-ਰਾਨ ਖਾਨ ਦਾ ਨਾਂ ਲਏ ਬਿਨਾਂ ਉਨ੍ਹਾਂ ਦੀ ਤਿੱਖੀ ਆਲੋਚਨਾ ਕੀਤੀ ਹੈ। ਸ਼ੁਜਾਤ ਹੁਸੈਨ ਨੇ ਕਿਹਾ ਹੈ ਕਿ ਸ਼ਾਹਬਾਜ਼ ਸ਼ਰੀਫ ਅਤੇ ਬਿਲਾਵਲ ਭੁੱਟੋ ਆਪਣੇ ਦੇਸ਼ ਲਈ 'ਭੀਖ' ਮੰਗ ਰਹੇ ਹਨ।

ਉਨ੍ਹਾਂ ਕਿਹਾ, ‘ਪ੍ਰਧਾਨ ਮੰਤਰੀ ਸ਼ਾਹਬਾਜ਼ ਅਤੇ ਬਿਲਾਵਲ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਅਤੇ ਆਰਥਿਕ ਵਿਕਾਸ ਦੀ ਭੀਖ ਮੰਗ ਰਹੇ ਹਨ। ਅਸੀਂ ਵੀ ਉਨ੍ਹਾਂ ਦੇ ਨਾਲ ਇਸ ਨੇਕ ਕੰਮ ਵਿਚ ਭਾਗ ਲਵਾਂਗੇ। ਉਨ੍ਹਾਂ ਵਿਰੋਧੀ ਧਿਰ ਦੇ ਆਲੋਚਕਾਂ ਨੂੰ ਕਿਹਾ ਕਿ ਉਹ ਵੀ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਉਪਰਾਲੇ ਕਰਨ। ਪਾਕਿਸਤਾਨ ਵਿੱਚ ਪਿਛਲੇ ਸਾਲ ਆਏ ਹੜ੍ਹਾਂ ਨੇ ਵੱਡੀ ਗਿਣਤੀ ਵਿੱਚ ਲੋਕ ਪ੍ਰਭਾਵਿਤ ਕੀਤੇ ਸਨ। ਹੜ੍ਹ ਪੀੜਤਾਂ ਦੀ ਮਦਦ ਲਈ ਸਵਿਟਜ਼ਰਲੈਂਡ ਦੇ ਜਨੇਵਾ ਵਿੱਚ ਸੰਯੁਕਤ ਰਾਸ਼ਟਰ ਵੱਲੋਂ ‘ਦਿ ਇੰਟਰਨੈਸ਼ਨਲ ਕਾਨਫਰੰਸ ਆਨ ਕਲਾਈਮੇਟ ਰੈਜ਼ੀਲੈਂਟ ਪਾਕਿਸਤਾਨ’ ਨਾਂ ਦੀ ਕਾਨਫਰੰਸ ਕਰਵਾਈ ਗਈ। ਇਸ ਕਾਨਫਰੰਸ ਵਿੱਚ ਸੰਯੁਕਤ ਰਾਸ਼ਟਰ ਨੇ ਦੇਸ਼ਾਂ ਅਤੇ ਸੰਸਥਾਵਾਂ ਨੂੰ ਪਾਕਿਸਤਾਨ ਦੀ ਆਰਥਿਕ ਮਦਦ ਦੀ ਅਪੀਲ ਕੀਤੀ।

## ਸਕੂਲ ਵਿਚ ਹੋਈ ਲੜਾਈ ਦੌਰਾਨ ਚੱਲੀ ਗੋਲੀ

...ਪੰਨਾ 1 ਦਾ ਬਾਕੀ

ਡਿਊਟੀ ਇੰਸਪੈਕਟਰ ਜੇਸਨ ਐਲਬਾਨੀਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਚੰਗੀ ਗੱਲ ਇਹ ਹੋਈ ਕਿ ਇਸ ਘਟਨਾ ਵਿੱਚ ਕੋਈ ਗੰਭੀਰ ਜ਼ਖ਼ਮੀ ਨਹੀਂ ਹੋਇਆ। ਉਨ੍ਹਾਂ ਆਖਿਆ ਕਿ ਜਦੋਂ ਵੀ ਇਸ ਤਰ੍ਹਾਂ ਦੀ ਕੋਈ ਘਟਨਾ ਵਾਪਰਦੀ ਹੈ ਤਾਂ ਇਹ ਪੁਲਿਸ ਲਈ ਵੱਡੀ ਚਿੰਤਾ ਦਾ ਵਿਸ਼ਾ ਬਣ ਜਾਂਦੀ ਹੈ। ਇਸੇ ਤਰ੍ਹਾਂ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਤੇ ਵਿਦਿਆਰਥੀਆਂ ਲਈ ਵੀ ਇਸ ਤਰ੍ਹਾਂ ਦੀ ਘਟਨਾ ਚਿੰਤਾ ਦਾ ਬਾਇਸ ਬਣਦੀ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਹ ਸਾਡੇ ਲਈ ਚਿੰਤਾ ਵਾਲੀ ਗੱਲ ਨਹੀਂ ਹੈ।

ਐਲਬਾਨੀਸ ਨੇ ਦੱਸਿਆ ਕਿ ਪੁਲਿਸ ਇਸ ਲੜਾਈ ਵਿੱਚ ਸ਼ਾਮਲ ਵਿਅਕਤੀਆਂ ਨੂੰ ਜਾਣਦੀ ਹੈ ਪਰ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਕਿਸ ਵਿਅਕਤੀ ਨੇ ਕਿਹੋ ਜਿਹੀ ਭੂਮਿਕਾ ਨਿਭਾਈ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿੱਚ ਸਕੂਲ ਦੇ ਕੁੱਝ ਵਿਦਿਆਰਥੀ ਵੀ ਸ਼ਾਮਲ ਸਨ। ਇਸ ਘਟਨਾ ਵਿੱਚ ਵਰਤੀ ਗਈ ਗੰਨ ਪਹਿਲਾਂ ਬਰਾਮਦ ਨਹੀਂ ਹੋਈ ਸੀ ਪਰ ਬਾਅਦ ਵਿੱਚ ਪੁਲਿਸ ਅਧਿਕਾਰੀਆਂ ਨੂੰ ਸਕੂਲ ਦੇ ਬਾਹਰੋਂ ਹੈਂਡਗੰਨ ਵਰਗੀ ਚੀਜ਼ ਜ਼ਰੂਰ ਮਿਲੀ।ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਸਕੂਲ ਛੱਡ ਕੇ ਕੌਸਬਰਨ ਐਵਨਿਊ ਤੋਂ ਪੂਰਬ ਵੱਲ ਜਾ ਚੁੱਕੇ ਸਨ।

ਇਸ ਦੌਰਾਨ ਟੀਡੀਐਸਬੀ ਦੇ ਬੁਲਾਰੇ ਰਾਇਨ ਬਰਡ ਨੇ ਆਖਿਆ ਕਿ ਅਜੇ ਤੱਕ ਇਹ ਆਖਣਾ ਵੀ ਮੁਸ਼ਕਲ ਹੈ ਕਿ ਸਕੂਲ ਵਿੱਚ ਗੋਲੀ ਚੱਲੀ ਹੈ ਕਿਉਂਕਿ ਨਾ ਹੀ ਗੋਲੀ ਦਾ ਕੋਈ ਖੋਲ ਮਿਲਿਆ ਹੈ ਤੇ ਨਾ ਹੀ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਹੈ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨਹੀਂ ਵਾਪਰਨੀਆਂ ਚਾਹੀਦੀਆਂ ਪਰ ਅਸੀਂ ਇਸ ਲਈ ਸ਼ੁਕਰਗੁਜ਼ਾਰ ਹਾਂ ਕਿ ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ।

## ਭਾਰਤ ਦੀ ਸ਼੍ਰੀਲੰਕਾ ਖਿਲਾਫ ਦੂਜੇ ਇੱਕ ਦਿਨਾ ਮੈਚ ਵਿਚ ਸ਼ਾਨਦਾਰ ਜਿੱਤ, ਸੀਰੀਜ਼ ’ਤੇ ਕੀਤਾ ਕਬਜ਼ਾ

ਕੋਲਕਾਤਾ, 12 ਜਨਵਰੀ (ਪੋਸਟ ਬਿਊਰੋ)- ਕੋਲਕਾਤਾ 'ਚ ਖੇਡਿਆ ਗਿਆ ਸੀਰੀਜ਼ ਦਾ ਦੂਜਾ ਮੈਚ ਭਾਰਤ ਨੇ 5 ਵਿਕਟਾਂ ਨਾਲ ਜਿੱਤ ਲਿਆ ਹੈ। ਇਸ ਜਿੱਤ ਦੇ ਦਮ 'ਤੇ ਟੀਮ ਇੰਡੀਆ ਨੇ ਤਿੰਨ ਮੈਚਾਂ ਦੀ ਸੀਰੀਜ਼ 'ਚ ਵੀ 2-0 ਦੀ ਅਜੇਤੂ ਬੜ੍ਹਤ ਬਣਾ ਲਈ ਹੈ। ਇਸ ਤੋਂ ਇਲਾਵਾ ਇਹ ਜਿੱਤ ਭਾਰਤ ਲਈ ਇੱਕ ਹੋਰ ਖੁਸ਼ਖਬਰੀ ਲੈ ਕੇ ਆਈ ਹੈ। ਮੁਸ਼ਕਲ ਹਾਲਾਤਾਂ 'ਚ ਭਾਰਤੀ ਮਿਡਲ ਆਰਡਰ ਸਾਰਿਆਂ ਦੀਆਂ ਉਮੀਦਾਂ 'ਤੇ ਖਰਾ ਉਤਰਿਆ। ਈਡਨ ਗਾਰਡਨ 'ਤੇ ਖੇਡੇ ਗਏ ਇਸ ਮੈਚ 'ਚ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਦੋਵੇਂ ਬੱਲੇ ਨਾਲ ਯੋਗਦਾਨ ਦੇਣ ਤੋਂ ਖੁੰਝ ਗਏ। ਪਰ ਲਗਾਤਾਰ ਆਲੋਚਨਾਵਾਂ ਦਾ ਸਾਹਮਣਾ ਕਰ ਰਹੇ ਕੇਐਲ ਰਾਹੁਲ ਦੀ ਅਗਵਾਈ ਵਿਚ ਟੀਮ ਇੰਡੀਆ ਦੇ ਮੱਧਕ੍ਰਮ ਨੇ ਜਿੱਤ ਦਰਜ ਕਰਕੇ ਵਿਸ਼ਵ ਕੱਪ ਤੋਂ ਪਹਿਲਾਂ ਚੰਗਾ ਸੰਕੇਤ ਦਿੱਤਾ ਹੈ।

ਟੀਮ ਇੰਡੀਆ ਨੂੰ ਇਸ ਮੈਚ 'ਚ ਸ਼੍ਰੀਲੰਕਾਈ ਟੀਮ ਨੇ 216 ਦੌੜਾਂ ਦਾ




ਟੀਚਾ ਦਿੱਤਾ ਸੀ। ਪਿਛਲੇ ਮੈਚ ਦੇ ਸੈਂਚੁਰੀ ਅਤੇ ਅਰਧ ਸੈਂਕੜੇ ਦੀ ਪਾਰੀ ਖੇਡਣ ਵਾਲੇ ਰੋਹਿਤ ਦੇ ਸਸਤੇ ਵਿਚ ਵਾਪਸ ਜਾਣ ਕਾਰਨ ਇਹ ਟੀਚਾ ਮੁਸ਼ਕਲ ਹੋ ਗਿਆ। ਸਲਾਮੀ ਬੱਲੇਬਾਜ਼ ਸ਼ੁਭਮਨ ਗਿੱਲ ਵੀ ਇਸ ਮੈਚ ਵਿੱਚ 21 ਦੌੜਾਂ ਹੀ ਬਣਾ ਸਕਿਆ। ਰੋਹਿਤ ਸ਼ਰਮਾ ਨੇ 17 ਦੌੜਾਂ ਬਣਾਈਆਂ ਤਾਂ ਵਿਰਾਟ ਕੋਹਲੀ ਦੀ ਕਾਰ ਮਹਿਜ਼ 4 ਦੌੜਾਂ ਦੇ ਸਕੋਰ 'ਤੇ ਰੁਕ ਗਈ। ਭਾਰਤ ਨੇ 15ਵੇਂ ਓਵਰ 'ਚ 86 ਦੌੜਾਂ 'ਤੇ 4 ਵਿਕਟਾਂ ਗੁਆ ਦਿੱਤੀਆਂ ਸਨ।

ਪੰਜਵੇਂ ਨੰਬਰ 'ਤੇ ਬੱਲੇਬਾਜ਼ੀ ਕਰਨ ਆਏ ਕੇਐਲ ਰਾਹੁਲ ਨੇ ਇਸ ਮੈਚ 'ਚ ਸ਼ਾਨਦਾਰ ਅਰਧ ਸੈਂਕੜਾ ਜੜਿਆ। ਹਾਲਾਂਕਿ ਉਸ ਦੇ ਕ੍ਰੀਜ਼ 'ਤੇ ਪਹੁੰਚਣ ਤੋਂ ਬਾਅਦ ਟੀਮ ਇੰਡੀਆ ਨੇ 2 ਹੋਰ ਵਿਕਟਾਂ ਗੁਆ ਦਿੱਤੀਆਂ, ਜਿਸ 'ਚ ਸ਼੍ਰੇਅਸ ਅਈਅਰ ਵੀ 28 ਦੌੜਾਂ 'ਤੇ ਆਊਟ ਹੋ ਗਿਆ। ਪਰ ਸਥਿਤੀ ਦੇ ਹਿਸਾਬ ਨਾਲ ਬਹੁਤ ਧੀਮੀ ਰਫ਼ਤਾਰ ਨਾਲ ਖੇਡ ਰਿਹਾ ਰਾਹੁਲ ਅਡੋਲ ਰਿਹਾ। ਉਸ ਨੇ 103 ਗੇਂਦਾਂ ਵਿੱਚ 6 ਚੌਕਿਆਂ ਦੀ ਮਦਦ ਨਾਲ ਨਾਬਾਦ 64 ਦੌੜਾਂ ਬਣਾਈਆਂ।

ਸਟਾਰ ਆਲਰਾਊਂਡਰ ਹਾਰਦਿਕ ਪੰਡਯਾ ਨੇ ਵੀ ਸਮਝਦਾਰੀ ਵਾਲੀ ਪਾਰੀ ਖੇਡੀ, ਕੋਈ ਰਿਸਕ ਨਹੀਂ ਲਿਆ ਅਤੇ 53 ਗੇਂਦਾਂ 'ਤੇ 36 ਦੌੜਾਂ ਬਣਾਈਆਂ। ਹਾਲਾਂਕਿ ਟੀਮ ਦੇ ਕੁੱਲ 161 ਦੇ ਸਕੋਰ 'ਤੇ ਉਹ ਥੋੜ੍ਹਾ ਜਲਦੀ ਆਊਟ ਹੋ ਗਿਆ ਪਰ ਉਸ ਤੋਂ ਬਾਅਦ ਆਏ ਅਕਸ਼ਰ ਪਟੇਲ ਨੇ ਕੋਈ ਕਸਰ ਨਹੀਂ ਛੱਡੀ। ਪਟੇਲ ਨੇ ਤੇਜ਼ ਸ਼ਾਟ ਮਾਰਦੇ ਹੋਏ 21 ਦੌੜਾਂ ਬਣਾਈਆਂ। ਭਾਰਤ ਨੇ ਇਹ ਮੈਚ 43.2 ਓਵਰਾਂ ਵਿੱਚ ਜਿੱਤ ਲਿਆ।

ਇਸ ਜਿੱਤ ਦੇ ਨਾਲ ਹੀ ਭਾਰਤੀ ਟੀਮ ਦਾ ਸ਼੍ਰੀਲੰਕਾ ਖਿਲਾਫ ਘਰੇਲੂ ਮੈਦਾਨ 'ਤੇ ਅਜੇਤੂ ਰਹਿਣ ਦਾ ਰਿਕ-ਾਰਡ ਵੀ ਬਰਕਰਾਰ ਹੈ। ਇਹ ਭਾਰਤੀ ਧਰਤੀ 'ਤੇ ਖੇਡੀ ਜਾ ਰਹੀ 11ਵੀਂ ਵਨਡੇ ਦੁਵੱਲੀ ਸੀਰੀਜ਼ ਹੈ ਅਤੇ ਟੀਮ ਇੰਡੀਆ ਨੇ ਹਰ ਮੌਕੇ 'ਤੇ ਸ਼੍ਰੀਲੰਕਾ ਨੂੰ ਹਰਾ ਕੇ ਸੀਰੀਜ਼ ਜਿੱਤੀ ਹੈ।

## ਵ੍ਹਾਈਟ ਹਾਊਸ ਨੇ ਕੀਤਾ ਸਪੱਸ਼ਟ, ਐਫਏਏ ’ਤੇ ਸਾਈਬਰ ਹਮਲੇ ਦਾ ਨਹੀਂ ਮਿਲਿਆ ਕੋਈ ਸਬੂਤ

ਵਾਸ਼ਿੰਗਟਨ, 12 ਜਨਵਰੀ (ਪੋਸਟ ਬਿਊਰੋ) - ਵਾਈਟ ਹਾਊਸ ਨੇ ਕਿਹਾ ਹੈ ਕਿ ਪਾਇਲਟਾਂ ਅਤੇ ਹੋਰ ਕਰਮਚਾਰੀਆਂ ਨੂੰ ਹਵਾਈ ਮੁੱਦਿਆਂ ਬਾਰੇ ਸੁਚੇਤ ਕਰਨ ਵਾਲੇ ਸਿਸਟਮ ਵਿੱਚ ਤਕਨੀਕੀ ਖਰਾਬੀ ਦੇ ਸਬੰਧ ਵਿੱਚ ਸਾਈਬਰ ਹਮਲੇ ਦਾ ਕੋਈ ਸਬੂਤ ਨਹੀਂ ਹੈ। ਤਕਨੀਕੀ ਖਰਾਬੀ ਕਾਰਨ ਅਮਰੀਕਾ 'ਚ ਸੈਂਕੜੇ ਉਡਾਣਾਂ ਨੂੰ ਰੋਕ ਦਿੱਤਾ ਗਿਆ। ਫਲਾਈਟ ਟਰੈਕਿੰਗ ਕੰਪਨੀ 'ਫਲਾਈਟ ਅਵੇਅਰ' ਮੁਤਾਬਕ ਇਸ ਖਰਾਬੀ ਕਾਰਨ ਅਮਰੀਕਾ ਆਉਣ-ਜਾਣ ਵਾਲੀਆਂ 9,500 ਤੋਂ ਵੱਧ ਘਰੇਲੂ ਉਡਾਣਾਂ ਦੇ ਸੰਚਾਲਨ 'ਚ ਦੇਰੀ ਹੋਈ, ਜਦਕਿ 1,300 ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ।



ਵਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰਿਨ ਜੀਨ-ਪੀਅਰ ਨੇ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ ਵਿੱਚ ਕਿਹਾ, "ਫਿਲਹਾਲ ਸਾਈਬਰ ਹਮਲੇ ਦਾ ਕੋਈ ਸਬੂਤ ਨਹੀਂ ਹੈ।" ਰਾਸ਼ਟਰਪਤੀ ਨੇ ਟਰਾਂਸਪੋਰਟ ਮੰਤਰਾਲੇ ਨੂੰ ਇਸ ਦੇ ਕਾਰਨਾਂ ਦੀ ਚੰਗੀ ਤਰ੍ਹਾਂ ਜਾਂਚ ਕਰਨ ਅਤੇ ਇਸ ਬਾਰੇ ਜਾਣਕਾਰੀ ਦੇਣ ਦੇ ਨਿਰਦੇਸ਼ ਦਿੱਤੇ ਹਨ। ਹਰ ਰੋਜ਼ ਉਡਾਣ ਭਰਨ ਵਾਲੇ ਅਮਰੀਕੀਆਂ ਦੀ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ।

ਉਨ੍ਹਾਂ ਕਿਹਾ, “ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਉਹ ਸੁਰੱਖਿਅਤ ਹਨ। ਇਹ ਰਾਸ਼ਟਰਪਤੀ, ਆਵਾਜਾਈ ਵਿਭਾਗ, ਖਾਸ ਤੌਰ 'ਤੇ ਐਫਏਏ ਦੀ ਪ੍ਰਮੁੱਖ ਤਰਜੀਹ ਹੈ। ਅਸੀਂ ਕਾਰਨ ਜਾਣਨਾ ਚਾਹੁੰਦੇ ਹਾਂ ਤਾਂ ਜੋ ਅਜਿਹਾ ਦੁਬਾਰਾ ਨਾ ਹੋਵੇ। ਟਰਾਂਸਪੋਰਟੇਸ਼ਨ ਸੈਕਟਰੀ ਪੀਟ ਬੁਟੀਗੀਗ ਨੇ ਕਿਹਾ ਕਿ ਉਸਨੇ ਮੂਲ ਕਾਰਨ ਨਿਰਧਾਰਤ ਕਰਨ ਲਈ ਇੱਕ ਪ੍ਰਕਿਰਿਆ ਦਾ ਨਿਰਦੇਸ਼ ਦਿੱਤਾ ਅਤੇ ਅਗਲੀ ਕਾਰਵਾਈ ਲਈ ਕੁਝ ਸਿਫਾਰਿਸ਼ਾਂ ਕੀਤੀਆਂ।






# ਜਿੱਧਰ ਵੇਖੋ, ਮੁੱਦਿਆਂ ਦੇ ਢੇਰ, ਹੱਲ ਕਿਸੇ ਦਾ ਨਿਕਲਦਾ ਨਜ਼ਰ ਨਹੀਂ ਪੈ ਰਿਹਾ

ਜਤਿੰਦਰ ਪਨੂੰ ਦੀ ਕਲਮ ਤੋਂ

ਦੁਨੀਆ ਹੋਵੇ, ਭਾਰਤ ਜਾਂ ਫਿਰ ਸਾਡਾ ਪੰਜਾਬ, ਹਰ ਵਾਰੀ ਸਾਡੇ ਲੋਕ ਕਿਸੇ ਭਲੇ ਦੀ ਆਸ ਕਰਦੇ ਹਨ, ਪਰ ਸਮਾਂ ਹਰ ਵਾਰੀ ਇਹ ਦੱਸਣ ਨੂੰ ਕਾਹਲਾ ਦਿਖਾਈ ਦੇਂਦਾ ਹੈ ਕਿ ਜਿਨ੍ਹਾਂ ਸਮੱਸਿਆਵਾਂ ਦਾ ਅਜੇ ਤੱਕ ਕੋਈ ਹੱਲ ਨਹੀਂ ਮਿਲਿਆ, ਉਨ੍ਹਾਂ ਦਾ ਹੱਲ ਲੱਭਣ ਦੀ ਹਾਲੇ ਵੀ ਬਹੁਤੀ ਆਸ ਨਾ ਰੱਖਿਉ। ਇਸ ਵਾਰ ਨਵਾਂ ਸਾਲ ਚੜ੍ਹਦੇ ਸਾਰ ਲੋਕੀਂ ਇਹ ਵੇਖ ਅਤੇ ਸੁਣ ਰਹੇ ਹਨ ਕਿ ਸਮੱਸਿਆਵਾਂ ਦੀ ਹਰ ਪਾਸੇ ਝੜੀ ਲੱਗੀ ਹੋਈ ਹੈ, ਪਰ ਹੱਲ ਕਿਸੇ ਪਾਸੇ ਨਹੀਂ ਦਿੱਸਦਾ।

ਪਹਿਲਾਂ ਅਸੀਂ ਸੰਸਾਰ ਦੀ ਹਾਲਤ ਵੇਖ ਲਈਏ ਤਾਂ ਜਿਹੜੀ ਜੰਗ ਯੂਕਰੇਨ ਖਿਲਾਫ ਰੂਸ ਨੇ ਪਿਛਲੇ ਵੀਹ ਫਰਵਰੀ ਦੇ ਦਿਨ ਛੇੜੀ ਸੀ, ਸਾਢੇ ਦਸ ਮਹੀਨੇ ਲੰਘਣ ਦੇ ਬਾਅਦ ਵੀ ਉਹ ਉਸੇ ਤਰ੍ਹਾਂ ਚੱਲੀ ਜਾਂਦੀ ਹੈ। ਯੂਕਰੇਨ ਦੀ ਸਰਕਾਰ ਕਦੇ ਵੀ ਆਪਣੇ ਸਿਰ ਏਡੀ ਲੰਮੀ ਜੰਗ ਨਹੀਂ ਸੀ ਲੜ ਸਕਦੀ, ਪਿੱਛੋਂ ਅਮਰੀਕੀ ਧੜੇ ਦੇ ਦੇਸ਼ਾਂ ਤੋਂ ਮਿਲਦੇ ਗੋਲਾ-ਬਾਰੂਦ ਜਾਂ ਅੰਨ-ਦਾਣੇ ਅਤੇ ਫੰਡਾਂ ਨਾਲ ਉਹ ਰੂਸ ਅੱਗੇ ਡਟਿਆ ਖੜਾ ਹੈ ਤੇ ਰੂਸ ਆਪਣੀ ਧੌਂਸ ਮਨਾਉਣ ਲਈ ਆਖਰੀ ਹੱਦ ਛੂਹਣ ਲਈ ਸਿਰ-ਪਰਨੇ ਜਾਪਦਾ ਹੈ। ਅਫਗਾਨਿਸਤਾਨ ਵਿੱਚ ਆਪਣੀ ਫੌਜ ਦਾ ਮੋਟਾ ਨੁਕਸਾਨ ਕਰਵਾਉਣ ਪਿੱਛੋਂ ਅਮਰੀਕਾ ਦੇ ਹਾਕਮ ਕੰਨੀਖਿਸਕਾ ਗਏ ਸਨ ਤੇ ਉਨ੍ਹਾਂ ਦੀ ਥਾਂ ਪਾਕਿਸਤਾਨ ਕਸੂਤਾ ਫਸ ਗਿਆ ਹੈ। ਤਹਿਰੀਕੇ ਤਾਲਿਬਾਨ ਪਾਕਿਸਤਾਨ ਦੇ ਨਾਂਅ ਉੱਤੇ ਤਾਲਿਬਾਨ ਦੀ ਇੱਕ ਸ਼ਾਖਬੀਤੇ ਕਈ ਸਾਲਾਂ ਤੋਂ ਪਾਕਿ-ਸਤਾਨ ਵਿਰੁੱਧ ਹਮਲਾਵਰੀ ਕਰਦੀ ਆਈ ਹੈ ਅਤੇ ਅੱਜਕੱਲ੍ਹ ਹਮਲੇ ਹੋਰ ਤਿੱਖੇ ਕਰ ਦਿੱਤੇ ਹਨ। ਪਾਕਿਸਤਾਨ ਨੇ ਤਾਲਿਬਾਨ ਨੂੰ ਕਿਹਾ ਕਿ ਇਹ ਤੁਹਾਡੇ ਆਪਣੇ ਬੰਦੇ ਹਨ, ਸਾਡੇ ਉੱਤੇ ਹਮਲੇ ਕਰਨ ਤੋਂ ਰੋਕੋ, ਪਰ ਜਦੋਂ ਇਹ ਗੱਲ ਨਾ ਮੰਨੀ ਗਈ ਤਾਂ ਪਾਕਿ-ਸਤਾਨ ਨੇ ਤਾਲਿਬਾਨ ਨੂੰ ਇਹ ਧਮਕੀ ਦੇ ਦਿੱਤੀ ਕਿ ਜੇ ਉਨ੍ਹਾਂ ਵਿਰੁੱਧ ਤੁਸੀਂ ਕਾਰਵਾਈ ਨਾ ਕੀਤੀ ਤਾਂ ਅਸੀਂ ਅਫਗਾਨਿਸਤਾਨ ਅੰਦਰ ਆ ਕੇ ਉਨ੍ਹਾਂ ਉੱਤੇ ਹਮਲੇ ਕਰਨ ਲਈ ਮਜਬੂਰ ਹੋਵਾਂਗੇ। ਅੱਗੋਂ ਤਾਲਿਬਾਨ ਨੇ ਪਾਕਿਸਤਾਨ ਨੂੰ ਬੰਗਲਾ ਦੇਸ਼ ਬਣਨ ਵੇਲੇ ਭਾਰਤੀ ਫੌਜ ਦੇ ਜਰਨੈਲ ਜਗਜੀਤ ਸਿੰਘ ਅਰੋੜਾ ਸਾਹਮਣੇ ਹਥਿਆਰ ਸੁੱਟਣ ਦੇ ਕਾਗਜ਼ਾਂ ਉੱਤੇ ਦਸਖਤ ਕਰਦੇ ਪਾਕਿਸਤਾਨ ਦੇ ਜਰਨੈਲ ਏ ਏ ਕੇ ਨਿਆਜ਼ੀ ਦੀ ਫੋਟੋ ਵਿਖਾ ਕੇ ਕਹਿ ਦਿੱਤਾ ਕਿ ਪਾਕਿਸਤਾਨੀ ਫੌਜ ਨੇ ਅਫਗਾਨਿਸਤਾਨ ਉੱਤੇ ਹਮਲਾ ਕੀਤਾ ਤਾਂ ਇਹੀ ਕੁਝ ਇੱਕ ਵਾਰ ਫਿਰ ਤੁਹਾਡੇ ਨਾਲ ਹੋਊਗਾ। ਉਨ੍ਹਾਂ ਨੇ ਉਸ ਪਾਕਿਸਤਾਨ ਨੂੰ ਸ਼ੀਸ਼ਾ ਵਿਖਾਉਣ ਦੀ ਜੁਰਅੱਤ ਕੀਤੀ ਹੈ, ਜਿਹੜਾ ਪਿਛਲੇ ਤੀਹਾਂ ਸਾਲਾਂ ਤੋਂ ਉਨ੍ਹਾਂ ਨੂੰ ਪੈਦਾ ਕਰਨ ਤੋਂ ਲੈ ਕੇ ਔਖੇ ਵਕਤ ਅਮਰੀਕਾ ਤੋਂ ਲੁਕਾਉਣ ਅਤੇ ਉਨ੍ਹਾਂ ਦੇ ਦੇਸ਼ ਉੱਤੇ ਫਿਰ ਉਨ੍ਹਾਂ ਦਾ ਕਬਜ਼ਾ ਕਰਵਾਉਣ ਤੱਕ ਹਰ ਕਿਸਮ ਦੀ ਮਦਦ ਲਗਾਤਾਰ ਕਰਦਾ ਰਿਹਾ ਸੀ।

ਭਾਰਤ ਵਿਚਲੇ ਵੱਡੇ ਮਸਲਿਆਂ ਦੀ ਲੜੀ ਛੋਹਣੀ ਬੇਲੋੜੀ ਹੈ, ਚੋਣਵੇਂ ਮੁੱਦੇ ਛੋਹਣੇ ਹੋਣ ਤਾਂ ਕੇਂਦਰ ਸਰਕਾਰ ਚਲਾ ਰਹੀ ਸਿਆਸੀ ਧਿਰ ਦੀ ਦੋਵੀਂ ਥਾਂਈਂ ਆਪਣੀ ਸਰਕਾਰ ਦੇ ਬਾਵਜੂਦ ਮਹਾਰਾਸ਼ਟਰ ਤੇ ਕਰਨਾਟਕ ਵਿੱਚ ਇਲਾਕਿਆਂ ਦਾ ਰੌਲਾ ਲਗਾਤਾਰ ਵਧੀ ਜਾਂਦਾ ਹੈ। ਪਹਿਲਾਂ ਕਰਨਾਟਕਾ ਨੇ ਕਿਹਾ ਸੀ ਕਿ ਉਸ ਦੇ ਢਾਈ ਸੌ ਪਿੰਡ ਬੀਤੇ ਸਾਢੇ ਛੇ ਦਹਾਕਿਆਂ ਤੋਂ ਮਹਾਰਾਸ਼ਟਰ ਨਾਜਾਇਜ਼ ਦੱਬੀ ਬੈਠਾ ਹੈ, ਉਹ ਉਸ ਤੋਂ ਛੁਡਾਉਣੇ ਹਨ। ਫਿਰ ਮਹਾਰਾਸ਼ਟਰ ਵਿੱਚ ਭਾਜਪਾ ਅਤੇ ਸ਼ਿਵ ਸੈਨਾ ਨਾਲੋਂ ਟੁੱਟੇ ਹੋਏ ਧੜੇ ਦੀ ਸਾਂਝੀ ਸਰਕਾਰ ਨੇ ਕਹਿ ਦਿੱਤਾ ਕਿ ਉਹ ਪਿੰਡ ਅਸੀਂ ਨਹੀਂ ਛੱਡਣੇ, ਉਨ੍ਹਾਂ ਨੂੰ ਮੰਗਣ ਦੀ ਬਜਾਏ ਕਰਨਾਟਕਾ ਸਾਢੇ ਅੱਠ ਸੌ ਤੋਂ ਵੱਧ ਸਾਡੇ ਪਿੰਡ ਛੱਡੇ, ਨਹੀਂ ਤਾਂ ਅਸੀਂ ਛੁਡਾ ਲਵਾਂਗੇ। ਇਸ ਰੌਲੇ ਮਗਰੋਂ ਦੋ ਸੌ ਤੋਂ ਵੱਧ ਪਿੰਡਾਂ ਨੇ ਮਤਾ ਪਾਸ ਕਰ ਦਿੱਤਾ ਕਿ ਉਹ ਮਹਾਰਾਸ਼ਟਰ ਨਾਲ ਨਹੀਂ ਰਹਿਣਾ ਚਾਹੁੰਦੇ, ਮੱਧ ਪ੍ਰਦੇਸ਼ ਦੇ ਨਾਲ ਜੁੜਨਾ ਚਾਹੁੰਦੇ ਹਨ। ਝਗੜੇ ਵਿੱਚ ਖਿੱਚੇ ਗਏ ਇਸ ਤੀਸਰੇ ਰਾਜ ਮੱਧ ਪ੍ਰਦੇਸ਼ ਦੀ ਸਰਕਾਰ ਵੀ ਭਾਜਪਾ ਦੀ ਹੈ ਅਤੇ ਤਿੰਨਾਂ ਥਾਂਵਾਂ ਦੀਆਂ ਭਾਜਪਾ ਦੀਆਂ ਆਪਣੀਆਂ ਸਰਕਾਰਾਂ ਆਪੋ ਵਿੱਚ ਲੜਨ ਨੂੰ ਤਿਆਰ ਹੋਈ ਜਾਂਦੀਆਂ ਹਨ। ਜੇ ਇਹ ਖੇਡ ਕੁਝ ਅੱਗੇ ਵਧ ਗਈ ਤਾਂ ਪੰਜਾਬ ਤੇ ਹਰਿਆਣੇ ਸਮੇਤ ਹੋਰ ਵੀ ਕਈ ਰਾਜਾਂ ਵਿੱਚ ਇਹੋ ਜਿਹੇ ਝਗੜੇ ਭਖ ਪੈਣਗੇ।

ਪੰਜਾਬ ਅਤੇ ਹਰਿਆਣਾ ਵਿਚਾਲੇ ਪਾਣੀਆਂ ਦਾ ਮੁੱਦਾ ਕਿਸੇ ਪਾਸੇ ਨਹੀਂ ਲੱਗ ਰਿਹਾ ਤੇ ਬੀਤੇ ਹਫਤੇ ਇਸ ਮੁੱਦੇ ਦੇ ਹੱਲ ਲਈ ਕੇਂਦਰ ਦੇ ਪਾਣੀ ਵਸੀਲਿਆਂ ਬਾਰੇ ਮੰਤਰੀ ਦੀ ਮੀਟਿੰਗ ਵਿੱਚੋਂ ਵੀ ਕੋਈ ਕਿਰਨ ਨਜ਼ਰ ਨਹੀਂ ਆਈ। ਉਸ ਦਿਨ ਹਰਿਆਣੇ ਦਾ ਮੁੱਖ ਮੰਤਰੀ ਸੁਪਰੀਮ ਕੋਰਟ ਦੇ ਉਹ ਫੈਸਲੇ ਲਾਗੂ ਕਰਨ ਉੱਤੇ ਜ਼ੋਰ ਲਾਈ ਗਿਆ ਸੀ, ਜਿਨ੍ਹਾਂ ਵਿੱਚ ਹਰ ਵਾਰੀ ਪੰਜਾਬ ਨੂੰ ਸੱਟਵੱਜਦੀ ਰਹੀ ਸੀ ਤੇ ਪੰਜਾਬ ਦੇ ਮੁੱਖ ਮੰਤਰੀ ਨੇ ਉਨ੍ਹਾਂ ਫੈਸਲਿਆਂ ਨੂੰ ਗਲਤ ਧਾਰਨਾਵਾਂ ਨਾਲ ਕੀਤੇ ਹੋਏ ਦੱਸ ਕੇ ਮੁੱਢੋਂ-ਸੁੱਢੋਂ ਨਵੇਂ ਸਿਰੇ ਤੋਂ ਮਸਲਾ ਵਿਚਾਰਨ ਉੱਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਹਰਿਆਣਾ ਦੇ ਵੱਖ ਹੋਣ ਵਾਲੇ ਸਮੇਂ ਨਾਲੋਂ ਅੱਜਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਘਟ ਗਿਆ ਹੈ ਤੇ ਪਹਾੜਾਂ ਉੱਤੇ ਉਸ ਵਕਤ ਜਿੰਨੀ ਬਰਫ ਵੀ ਨਹੀਂ ਰਹੀ ਤਾਂ ਨਵੇਂ ਹਾਲਾਤ ਵਿੱਚ ਪੁਰਾਣੀਆਂ ਗੱਲਾਂ ਕਰਨ ਦਾ ਵੀ ਕੋਈ ਫਾਇਦਾ ਨਹੀਂ, ਪੰਜਾਬ ਤੋਂ ਪਾਣੀ ਮੰਗਣ ਦੀ ਥਾਂ ਪੰਜਾਬ ਨੂੰ ਪਾਣੀ ਦੇਣ ਦੀ ਲੋੜ ਪੈ ਜਾਣੀ ਹੈ। ਨਾਲ ਇਹ ਵੀ ਤੱਥ ਮੂਹਰੇ ਰੱਖ ਦਿੱਤੇ ਕਿ ਪੰਜਾਬ ਵੱਡਾ ਹੈ ਤੇ ਹਰਿਆਣਾ ਛੋਟਾ ਹੋਣ ਦੇ ਬਾਵਜੂਦ ਅੱਜ ਦੀ ਤਰੀਕ ਵਿੱਚ ਪੰਜਾਬ ਤੋਂ ਵੱਧ ਪਾਣੀ ਵਰਤ ਰਿਹਾ ਹੈ, ਨੁਕਸਾਨ ਤਾਂ ਪੰਜਾਬ ਦਾ ਹੋਈ ਜਾਂਦਾ ਹੈ, ਇਸ ਦੀ ਭਰਪਾਈ ਹੋਣੀ ਚਾਹੀਦੀ ਹੈ, ਹਰਿਆਣੇ ਨਾਲ ਬਹੁਤਾ ਲਿਹਾਜ਼ ਕਰਦੇ ਰਹਿਣ ਦੀ ਨੀਤੀ ਠੀਕ ਨਹੀਂ ਮੰਨੀ ਜਾ ਸਕਦੀ। ਸਾਫ ਹੈ ਕਿ ਇਹ ਮਸਲਾ ਮੁੜ ਕੇ ਸੁਪਰੀਮ ਕੋਰਟ ਵਿੱਚ ਪੁੱਜਣ ਵਾਲਾ ਮਾਹੌਲ ਬਣ ਗਿਆ ਹੈ। ਪਾਣੀ ਦੀ ਲੜਾਈ ਜਿਸ ਥਾਂ ਤੋਂ ਸ਼ੁਰੂ ਹੋਈ ਸੀ, ਫਿਰ ਓਥੇ ਦੀ ਓਥੇ ਪਹੁੰਚ ਗਈ ਜਾਪਦੀ ਹੈ।

ਇਸ ਪਿੱਛੋਂ ਪੰਜਾਬ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਇਹ ਦੋਸ਼ ਲਾਉਣ ਲੱਗੀਆਂ ਹਨ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਫਸਾ ਦੇਣਾ ਹੈ, ਇਸ ਦੇ ਪਿੱਛੇ ਪੰਜਾਬ ਦਾ ਪਾਣੀ ਹਰਿਆਣੇ ਨੂੰ ਵੇਚਣ ਵਾਲੀ ਚਾਲ ਨਜ਼ਰ ਆਉਂਦੀ ਹੈ, ਇਸ ਕਰ ਕੇ ਕੋਈ ਗੱਲ ਮੰਨਣੀ ਨਹੀਂ ਚਾਹੀਦੀ। ਇਹ ਦੋਸ਼ ਲਾਉਣ ਵਾਲੀਆਂ ਪਾਰਟੀਆਂ ਨੇ ਆਪਣੇ ਰਾਜ ਦੇ ਵਕਤ ਸੁਪਰੀਮ ਕੋਰਟ ਜਾਂ ਕੇਂਦਰ ਸਰਕਾਰ ਕੋਲ ਪੰਜਾਬ ਦਾ ਕੇਸ ਠੀਕ ਤਰ੍ਹਾਂ ਪੇਸ਼ ਕੀਤਾ ਹੁੰਦਾ ਤਾਂ ਜਿਸ ਮੁਸ਼ਕਲ ਵਿੱਚ ਇਸ ਵੇਲੇ ਫਸ ਚੁੱਕਾ ਹੈ, ਉਸ ਵਿੱਚ ਪੰਜਾਬ ਨੇ ਫਸਣਾ ਹੀ ਕਦੇ ਨਹੀਂ ਸੀ। ਨਵੇਂ ਮੁੱਖ ਮੰਤਰੀ ਨੇ ਜਿਹੜੇ ਦੋ ਫਾਰਮੂਲੇ ਕੇਂਦਰ ਸਾਹਮਣੇ ਰੱਖੇ ਹਨ, ਉਹ ਇਨ੍ਹਾਂ ਪਾਰਟੀਆਂ ਨੇ ਕਦੇ ਨਹੀਂ ਸੀ ਰੱਖੇ। ਪਹਿਲਾ ਮੁੱਦਾ ਇਹ ਕਿ ਹਰਿਆਣੇ ਨਾਲ ਵੰਡ ਕਰਨ ਦੇ ਵਕਤ ਪੰਜਾਬ ਦੇ ਪਾਣੀਆਂ ਦੀ ਇਕੱਲੀ ਗੱਲ ਨਹੀਂ ਸੀ ਹੋਣੀ ਚਾਹੀਦੀ, ਠੀਕ ਵੰਡ ਕਰਨੀ ਸੀ ਤਾਂ ਹਰਿਆਣੇ ਵਿੱਚ ਵਗਣ ਵਾਲੇ ਜਮਨਾ ਦਾ ਪਾਣੀ ਵੀ ਇਸ ਵਿੱਚ ਗਿਣਨਾ ਚਾਹੀਦਾ ਸੀ ਤੇ ਦੂਸਰਾ ਦੋਵਾਂ ਰਾਜਾਂ ਵਿਚਾਲੇ ਵਗਦੇ ਘੱਗਰ ਦਰਿਆ ਦਾ ਪਾਣੀ ਇਕੱਲਾ ਹਰਿਆਣਾ ਵਰਤ ਰਿਹਾ ਹੈ, ਉਹ ਵੀ ਇਸ ਵਿੱਚ ਗਿਣਨਾ ਚਾਹੀਦਾ ਹੈ। ਪਿਛਲੀਆਂ ਸਰਕਾਰਾਂ ਨੇ ਇਸ ਬਾਰੇ ਕਦੇ ਕਿਸੇ ਪੱਧਰ ਉੱਤੇ ਬਾਕਾਇਦਾ ਪੈਂਤੜਾ ਮੱਲਿਆ ਹੋਵੇ, ਇਸ ਦੀ ਸਾਨੂੰ ਜਾਣਕਾਰੀ ਨਹੀਂ ਮਿਲੀ। ਅਜੋਕਾ ਮੁੱਖ ਮੰਤਰੀ ਜੇ ਇਸ ਮੁੱਦੇ ਉੱਤੇ ਅੱਗੇ ਗੱਲ ਚਲਾਉਂਦਾ ਹੈ ਤਾਂ ਸਰਕਾਰੀ ਪੱਧਰ ਤੱਕ ਰਹੇ ਜਾਂ ਸੁਪਰੀਮ ਕੋਰਟ ਤੱਕ ਪਹੁੰਚ ਜਾਵੇ, ਇਸ ਦਾ ਹੱਲ ਵੀ ਸੰਸਾਰ ਤੇ ਦੇਸ਼ ਪੱਧਰ ਦੇ ਬਾਕੀ ਮੁੱਦਿਆਂ ਦੇ ਵਾਂਗ ਹਾਲ ਦੀ ਘੜੀ ਛੇਤੀ ਨਿਕਲਦਾ ਨਹੀਂ ਜਾਪਦਾ।

ਏਨੇ ਸਾਰੇ ਮੁੱਦਿਆਂ ਦੇ ਬਾਅਦ ਹੋਰ ਗਿਣਨੇ ਹੋਣ ਤਾਂ ਜਲੰਧਰ ਦੇ ਲਤੀਫਪੁਰਾ ਵਿੱਚ ਵੱਸਦੇ ਲੋਕਾਂ ਦੇ ਉਜਾੜੇ ਦਾ ਮੁੱਦਾ ਵੀ ਵਿਚਾਲੇ ਫਸਿਆ ਹੈ, ਜ਼ੀਰੇ ਦੀ ਸ਼ਰਾਬ ਫੈਕਟਰੀ ਦਾ ਮਾਮਲਾ ਵੀ ਹੱਲ ਨਹੀਂ ਹੋ ਰਿਹਾ ਅਤੇ ਬੇਅਦਬੀ ਕਾਂਡ ਦੇ ਵਿਰੁੱਧ ਬਹਿਬਲ ਕਲਾਂ ਵਾਲਾ ਮੋਰਚਾ ਵੀ ਅਜੇ ਤੱਕ ਚੱਲੀ ਜਾਂਦਾ ਹੈ। ਕਾਲਜਾਂ ਟੀਚਰਾਂ ਤੋਂ ਬੱਸਾਂ ਦੇ ਰੂਟਾਂ ਤੱਕ ਉਲਝਣ ਤੇ ਪਿਛਲੇ ਸਮੇਂ ਵਿੱਚ ਭਰਤੀ ਹੋਣ ਪਿੱਛੋਂ ਨੌਕਰੀ ਉੱਤੇ ਨਾ ਰੱਖੇ ਗਏ ਪਿਛਲੀਆਂ ਸਰਕਾਰਾਂ ਦੇ ਸਤਾਏ ਲੋਕਾਂ ਦੇ ਕੇਸ ਵੀ ਵਿਚਾਲੇ ਲਟਕ ਰਹੇ ਹਨ। ਕਦੀ-ਕਦੀ ਟਰੱਕ ਅਪਰੇਟਰਾਂ ਜਾਂ ਕਿਸੇ ਹੋਰ ਧਿਰ ਵੱਲੋਂ ਅਚਾਨਕ ਇੱਕ ਹੋਰ ਮੋਰਚਾ ਖੋਲ੍ਹਣ ਅਤੇ ਫਿਰ ਸਰਕਾਰ ਨਾਲ ਗੱਲਾਂ ਦੇ ਕਈ ਦੌਰ ਚੱਲਣ ਦੇ ਬਾਅਦ ਹੱਲ ਨਿਕਲਣ ਦੀ ਚਰਚਾ ਵੀ ਸੁਣੀ ਜਾਂਦੀ ਹੈ, ਪਰ ਹੱਲ ਹਰ ਪਾਸੇ ਵਕਤੀ ਜਿਹੇ ਨਿਕਲਦੇ ਹਨ, ਪੱਕਾ ਹੱਲ ਕਿਤੇ ਕੋਈ ਨਹੀਂ ਲੱਭਦਾ। ਇੱਕ ਧਿਰ ਨਾਲ ਜਦੋਂ ਕੋਈ ਗੱਲ ਚੱਲਦੀ ਅਤੇ ਅੱਗੇ ਵਧਦੀ ਜਾਪਦੀ ਹੈ ਤਾਂ ਦਸ ਹੋਰ ਧਿਰਾਂ ਏਦਾਂ ਦੇ ਮੁੱਦੇ ਉਠਾ ਦੇਂਦੀਆਂ ਅਤੇ ਆਪਣਾ ਮੁੱਦਾ ਪਹਿਲਾਂ ਹੱਲ ਕਰਨ ਦੀ ਮੰਗ ਲਈ ਧਰਨੇ ਦੇਣ ਲਗਦੀਆਂ ਹਨ। ਇੱਕ ਸਾਬਕਾ ਜੱਜ ਨੇ ਕਿਹਾ ਸੀ ਕਿ ਮੁਕੱਦਮੇ ਸਾਡਾ ਖਹਿੜਾ ਨਹੀਂ ਛੱਡਦੇ, ਜਿੰਨਿਆਂ ਕੇਸਾਂ ਦਾ ਸਾਡੀਆਂ ਅਦਾਲਤਾਂ ਫੈਸਲਾ ਕਰਦੀਆਂ ਹਨ, ਉਸ ਤੋਂ ਵੱਧ ਹੋਰ ਕੇਸ ਆਣ ਪੁੱਜਦੇ ਹਨ ਤੇ ਇਸ ਤਰ੍ਹਾਂ ਇਹ ਲੜੀ ਲੰਮੀ ਤੋਂ ਲੰਮੀ ਹੁੰਦੀ ਰਹਿੰਦੀ ਹੈ। ਕਾਰਨ ਇਸ ਦਾ ਨਾ ਅਦਾਲਤਾਂ ਹ ਨ , ਨ ।



ਪੰਜਾਬ ਜਾਂ ਕਿਸੇ ਹੋਰ ਰਾਜ ਵਿੱਚ ਚੱਲਦੀ ਸਰਕਾਰ ਇਕੱਲੀ ਕਹੀ ਜਾ ਸਕਦੀ ਹੈ, ਅਸਲ ਵਿੱਚ ਭਾਰਤ ਦਾ ਸਾਰਾ ਸਿਸਟਮ ਏਨਾ ਵਿਗੜਿਆ ਹੋਇਆ ਹੈ ਕਿ ਦੇਸ਼ ਜਾਂ ਰਾਜ ਦੀ ਸਰਕਾਰ ਦੀ ਕਮਾਨ ਕੋਈ ਪਾਰਟੀ ਵੀ ਸੰਭਾਲ ਲਵੇ, ਸੰਸਾਰ ਭਰ ਵਿੱਚ ਲਮਕਦੇ ਮੁੱਦਿਆਂ ਵਾਂਗ ਏਥੇ ਵੀ ਹਰ ਵਾਰ ਮੁੱਦੇ ਵਧ ਸਕਦੇ ਹਨ, ਘਟਣ ਦੀ ਆਸ ਰੱਖਣਾ ਫਜ਼ੂਲ ਗੱਲ ਕਹੀ ਜਾ ਸਕਦੀ ਹੈ।

## ਅੱਜ ਨਾਮਾ >>

ਗੇੜਾ ਦੇਸ਼ ਦਾ ਰਾਹੁਲ ਹੈ ਪਿਆ ਲਾਉਂਦਾ,
ਤੁਰਦੀ ਆਗੂਆਂ ਦੀ ਪਲਟਣ ਨਾਲ ਬੇਲੀ।
ਇੱਕੋ ਕੁੜਤੀ ਦੇ ਨਾਲ ਪਿਆ ਤੁਰੀ ਜਾਂਦਾ,
ਸਿਰ ਦੇ ਉੱਪਰ ਹੈ ਸਿਖਰ ਸਿਆਲ ਬੇਲੀ।
ਪੁੱਛਿਆ ਕਿਸੇ ਕਿ ਲੱਗਦੀ ਠੰਢ ਕਿ ਨਹੀਂ,
ਅੱਗਿਉਂ ਹੱਸ ਕੇ ਦੇਵੇ ਪਿਆ ਟਾਲ ਬੇਲੀ।
ਸਾਹ ਚੜ੍ਹਨ ਬਿਨ ਸਫਰ ਉਹ ਕਰੀ ਜਾਂਦਾ,
ਸੂਬਾਈ ਆਗੂ ਮਿਲਾਉਂਦੇ ਆ ਤਾਲ ਬੇਲੀ।
ਨਿੱਜੀ ਪ੍ਰਭਾਵ ਤਾਂ ਰਾਹੁਲ ਦਾ ਬਹੁਤ ਬਣਦਾ,
ਪਰਨਹੀਂ ਪਾਰਟੀ ਦੀ ਬਣ ਰਹੀ ਗੱਲ ਬੇਲੀ।
ਚੱਲ ਰਹੇ ਨਾਲ ਜੋ ਲੀਡਰ ਕਈ ਸੂਬਿਆਂ ਦੇ,
ਆਪਣੀ ਨਿੱਜੀ ਸਭ ਭਾਲਣ ਪਏ ਭੱਲ ਬੇਲੀ।

**ਤੀਸ ਮਾਰ ਖਾਂ**

## -ਹਲਕਾ ਫੁਲਕਾ-

ਪਤਨੀ, ''ਡਾਰਲਿੰਗ, ਸੁਣਦੇ ਹੋ ਮੇਰੀ ਉਮਰ 48 ਹੁੰਦੇ ਹੋਏ ਵੀ ਤੁਹਾਡਾ ਦੋਸਤ ਮੇਰੇ ਹੁਸਨ ਦੀ ਤਾਰੀਫ ਕਰਦਾ ਹੈ।''
ਪਤੀ, ''ਉਸਮਾਨ ਭਾਈ ਹੋਵੇਗਾ ਉਹ।''
ਪਤਨੀ, ''ਤੁਹਾਨੂੰ ਕਿਵੇਂ ਪਤਾ?''
ਪਤੀ, ''ਉਹ ਕਬਾੜ ਦਾ ਵਪਾਰੀ ਹੈ।''

*********

ਜਦ ਲੜਕੇ ਕਲਾਸ ਵਿੱਚ ਗੱਲਾਂ ਕਰਦੇ ਹਨ ਤਾਂ...
ਮਾਸਟਰ (ਬੱਚਿਆਂ ਨੂੰ), ''ਤੁਸੀਂ ਸਾਰੇ ਰੌਲਾ ਪਾ ਰਹੇ ਹੋ, ਕਲਾਸ ਵਿੱਚੋਂ ਬਾਹਰ ਨਿਕਲ ਜਾਓ।''
ਜਦ ਲੜਕੀਆਂ ਗੱਲਾਂ ਕਰ ਰਹੀਆਂ ਹੋਣ ਤਾਂ...
ਮਾਸਟਰ, ''ਕੀ ਗੱਲਾਂ ਚੱਲ ਰਹੀਆਂ ਹਨ ਬਈ, ਸਾਨੂੰ ਵੀ ਦੱਸੋ...।''

# 'ਰੇਤ ਦੇ ਜੰਗਲ' 'ਚ ਵਿਚਰਦਿਆਂ

-ਡਾ ਗੁਰਬਖ਼ਸ਼ ਸਿੰਘ ਭੰਡਾਲ-

'ਰੇਤ ਦਾ ਜੰਗਲ', ਸਾਬਕਾ ਪੁਲੀਸ ਅਧਿਕਾਰੀ ਡਾ ਸੁਖਰਾਜ ਸਿੰਘ ਦਾ ਨਵਾਂ ਕਾਵਿ-ਸੰਗ੍ਰਹਿ ਹੈ। ਇਹ ਕਵਿਤਾਵਾਂ ਕਰੋਨਾ ਦੇ ਕਹਿਰ ਅਤੇ ਕਿਸਾਨ ਅੰਦੋਲਨ ਦੌਰਾਨ ਹਰੇਕ ਵਿਅਕਤੀ ਦੇ ਮਾਨਸਿਕ ਉਥਲ-ਪੁੱਥਲ ਨੂੰ ਉਜਾਗਰ ਕਰਦੀਆਂ। ਮਨ ਦੀਆਂ ਕਈ ਪਰਤਾਂ ਫਰੋਲਦੀਆਂ ਅਤੇ ਜਿਨ੍ਹਾਂ ਵਿਚੋਂ ਇਕ ਸੰਵੇਦਨਸ਼ੀਲ ਵਿਅਕਤੀ ਗੁਜਰਦਾ ਹੈ। ਜਦ ਉਸਨੂੰ 'ਉਦਾਸ, ਬੇਸਹਾਰਾ, ਬੇਚੈਨ ਤੇ ਬੇਸੁਆਦਾ ਜਿਹਾ ਲੱਗਦਾ ਹੈ ਇਹ ਸੰਸਾਰ।'

'ਰੇਤ ਦੇ ਜੰਗਲ' ਵਿਚ ਵਿਚਰਦਿਆਂ ਕਦੇ ਉਹ 'ਮੜੀ ਦਾ ਦੀਵੇ' ਵਾਂਗ ਖੁਦ ਦੀ ਬੇਬੱਸੀ ਅਤੇ ਬੇਸਹਾਰੇਪਣ ਨੂੰ ਹਰਫ਼ਾਂ ਵਿਚ ਉਲਥਾਉਂਦਾ ਹੈ;

'ਮੈਂ ਮੜੀ ਦਾ ਦੀਵਾ
ਬੇਸਹਾਰਾ, ਬੇਬੱਸ ਅਤੇ ਬੇਜ਼ੁਬਾਨ
ਟਿਮਟਿਮਾਂਦੀ ਲੋਅ ਨਾਲ ਜੀਅ ਰਿਹਾ ਹਾਂ
ਮੈਂ ਮੜੀ ਦਾ ਦੀਵਾ।'

ਕਦੇ ਉਹ 'ਦਸਤੂਰ' ਕਵਿਤਾ ਵਿਚ ਉਹ ਅਰਧ-ਚੇਤਨਾ ਵਿਚ ਬੈਠੀ ਸੱਜਣਾਂ ਦੀ ਯਾਦ ਨੂੰ ਨੂੰ ਦਰ-ਕਿਨਾਰ ਕਰਨ ਤੋਂ ਮਜ਼ਬੂਰ ਆਪਣੀ ਤਰਾਸਦੀ ਨੂੰ ਪ੍ਰਦਰਸ਼ਤ ਕਰਦੀ ਹੈ। ਬਹੁਤ ਹੀ ਸੂਖਮ ਅਤੇ ਸਹਿਜ ਰੂਪ ਵਿਚ ਸੱਜਣ ਨੂੰ ਯਾਦ ਕਰਦਿਆਂ;

'ਚੰਨ ਨੂੰ ਵੀ ਚਾਹਵਾਂ
ਮਹਿਬੂਬ ਦੀ ਤਰ੍ਹਾਂ ਚੁੰਮਣਾ
ਤੇਰੀ ਛੱਤ ਤੇ ਕੀ ਗਿਆ
ਕਿ ਚੰਨ ਨੂੰ ਗਰੂਰ ਹੋ ਗਿਆ।'

ਇਸ ਕਾਵਿ-ਸੰਗ੍ਰਹਿ ਦੀਆਂ ਖ਼ੂਬਸੂਰਤ ਨਜ਼ਮਾਂ ਵਿਚ 'ਰੇਤ ਦਾ ਜੰਗਲ' ਕਵਿਤਾ ਹੈ ਜਿਹੜੀ ਜਿਉਂਦੇ-ਜਾਗਦੇ ਸੁਪਨੇ ਨੂੰ ਸ਼ਬਦਾਂ ਵਿਚ ਉਲਥਾਉਂਦੀ ਹੈ। 'ਉਦਾਸ ਘਰ' 'ਤੇ ਦਿਤੀ 'ਦਸਤਕ' ਵਿਚ ਮੁਹ-ਬਤ ਨੂੰ ਮਿਲਣ ਦੀ ਤਾਂਘ ਅਤੇ ਗੋਦ ਵਿਚ ਸੁੱਸਤਾਉਣ ਅਤੇ ਲਰਜ਼ਾਉਣ ਦੀ ਤਾਂਘ ਬਹੁਤ ਹੀ ਖੂਬਸੂਰਤ ਰੂਪ ਵਿਚ ਕਵਿਤਾ ਦਾ ਰੂਪ ਧਾਰਦੀ ਹੈ।


'ਉਹ ਔਰਤ ਉਠ ਕੇ
ਮੇਰੇ ਨਾਲ ਲੱਗ ਕੇ
ਬੈਠ ਜਾਂਦੀ ਹੈ
ਕੋਈ ਗੱਲਬਾਤ ਨਹੀਂ
ਇਕ ਦੂਜੇ ਨੂੰ ਨਜ਼ਰਾਂ
ਭਰ ਕੇ ਦੇਖ ਰਹੇ ਹਾਂ
....................

ਜਦ ਸਵੇਰੇ ਮੇਰੀ
ਅੱਖ ਖੁੱਲਦੀ ਹੈ ਤਾਂ
ਮੈਂ ਆਪਣੇ ਆਪ ਨੂੰ
ਤਨਹਾ, ਇਕੱਲਾ ਪਾਉਂਦਾ ਹਾਂ।'

ਇਹ ਤਨਹਾ ਹੀ ਉਸਦੀ ਕਾਵਿਤਾ ਦੀ ਸੰਵੇਦਨਾ ਨੂੰ ਨਵੇਂ ਅਰਥ ਦੇ ਜਾਂਦੀ ਹੈ। ਕਰੋਨਾ ਦੌਰ ਅਤੇ ਇਤਿਹਾਸਕ ਕਿਸਾਨ ਅੰਦੋਲਨ ਨੂੰ 'ਸਰਦ' ਕਵਿਤਾ ਦੀਆਂ ਕੁਝ ਕੁ ਲਾਈਨਾਂ ਹੀ ਕਾਫ਼ੀ ਨੇ। ਸੁਖਰਾਜ ਦੀ ਕਲਮ ਕੂਕਦੀ ਹੈ;

'ਬਾਹਰ ਸਰਦ ਹੈ
ਅੰਦਰ ਸਰਦ ਹੈ
ਸਾਰੇ ਪਾਸੇ ਦੇਖੋ ਮਹਿਸੂਸ ਕਰੋ
ਸਰਦ ਹੀ ਸਰਦ ਹੈ।'

ਇਹ 'ਸਰਦ' ਦਰਅਸਲ ਹਾਕਮਾਂ ਦੀਆਂ ਭਾਵਨਾਵਾਂ ਦਾ ਮਰ ਕੇ ਜੰਮ ਜਾਣਾ ਹੈ। ਕਿਸੇ ਦੇ ਦਰਦ ਨੂੰ ਮਹਿਸੂਸਣ ਤੋਂ ਮਹਿਰੂਮ ਹੋਣਾ ਅਤੇ ਸਰਦੀ ਵਿਚ ਸੋਚਾਂ ਦਾ ਨਿੱਘ ਬਾਲ ਰਹੇ ਕਿਸਾਨਾਂ ਨੂੰ ਸੱਭ ਤੋਂ ਵੱਡੀ ਅਕੀਦਤ ਹੈ। ਸਰਦ ਹੋਏ ਹਾਕਮ ਤਾਂ ਸਮੁੱਚੀ ਖਲਕਤ ਨੂੰ ਸਰਦ ਕਰਕੇ, ਸਿਰਫ਼ ਆਪਣੇ ਹਰਮ ਨੂੰ ਹੀ ਨਿੱਘਾ ਕਰਦੇ ਨੇ।




ਸੁਖਰਾਜ ਬਹੁਤ ਮਿਲਾਪੜਾ ਅਤੇ ਸੂਖ਼ਮ ਬਿਰਤੀ ਵਾਲਾ ਇਨਸਾਨ ਹੈ। ਤਾਂ ਹੀ ਉਹ ਪੁਲੀਸ ਅਫਸਰ ਹੁੰਦਿਆਂ ਵੀ ਕਾਵਿਕ ਪ੍ਰਤਿਭਾ ਨੂੰ ਸੀਂਨੇ ਵਿਚ ਧੇਖਾਈ ਰੱਖਦਾ ਹੈ। ਕਵਿਤਾ ਦੇ ਵਿਹੜੇ ਪੈਰ ਪਾਉਂਦਿਆਂ ਕਦੇ ਉਹ ਆਪਣੇ ਅਤੀਤ ਵੱਲ ਝਾਤੀ ਮਾਰਦਾ ਹੈ, ਕਦੇ ਪੰਜਾਬ ਯੂਨੀਵਰਸਿਟੀ ਦੇ ਸੁੰਨ ਪਏ ਕਾਫ਼ੀ ਹਾਊਸ ਵਿਚੋਂ ਆਪਣੇ ਮਿੱਤਰਾਂ ਨੂੰ ਤਲਾਸ਼ਦਾ ਉਦਾਸੀਨ ਹੋ ਜਾਂਦਾ ਹੈ।

ਸੁਖਰਾਜ ਦੀ ਰੂਹ ਪਿਘਲ ਜਾਂਦੀ ਹੈ ਜਦ ਉਸਦੀ ਭੈਣ ਸਦਾ ਲਈ ਵਿਛੜ ਜਾਂਦੀ ਹੈ ਤਾਂ ਉਹ ਕੂਕਦਾ ਹੈ;

'ਕਿਥੇ ਚਲੇ ਜਾਂਦੇ ਨੇ ਇਹ ਪੰਛੀ
ਕਿਉਂ ਸਾਰਿਆਂ ਨੂੰ ਉਦਾਸ
ਛੱਡ ਉਡ ਜਾਂਦੇ ਨੇ ਇਹ ਪੰਛੀ
ਮੌਸਮ ਅੱਜ ਵੀ ਉਦਾਸ ਹੈ
ਗ਼ਮਗੀਨ ਹੈ
ਲੋਚਦਾ ਹੈ ਉਸਦੇ ਮੁੜਨ ਲਈ।'

ਪਰ ਸਦੀਵੀ ਯਾਤਰਾ ਤੇ ਤੁੱਰ ਗਏ ਪਿਆਰੇ ਕਦ ਪਰਤਦੇ ਨੇ? ਨਹੀਂ ਆਉਂਦਾ ਕੋਈ ਵੀ ਸੁੱਖ ਸੁਨੇਹਾ। ਉਹ ਜਾਣਦਾ ਹੈ ਇਸ ਸੱਚ ਨੂੰ ਕਿ

'ਬਹੁਤ ਦੁੱਖਦਾਈ ਹੁੰਦਾ ਹੈ ਪੀੜ ਨੂੰ
ਸਰੀਰ ਤੇ ਹੰਢਾਉਣਾ'

ਸੁਖਰਾਜ ਵਾਰ ਵਾਰ ਬੀਤੇ ਵਿਚ ਪਰਤਦਾ ਹੈ ਤਾਂ ਹੀ ਉਹ ਬੀਤੇ ਦੀਆਂ ਤਸਵੀਰਾਂ ਨੂੰ ਫਰੋਲਦਿਆਂ ਸੋਚਦਾ ਹੈ;

'ਤਸਵੀਰਾਂ ਬੋਲ ਪਈਆਂ
ਕੁਝ ਹੱਸਣ ਲੱਗੀਆਂ
ਕੁਝ ਰੋਣ ਲੱਗੀਆਂ
ਤੇ ਉਦਾਸ ਹੋ ਕੇ
ਚੁੱਪ ਹੋ ਗਈਆਂ।'

ਬਹੁਤ ਪੀੜਤ ਕਰਦਾ ਹੈ ਤਸਵੀਰਾਂ ਦਾ ਚੁੱਪ ਹੋ ਜਾਣਾ ਅਤੇ ਫਰੇਮ ਵਿਚ ਜੜ ਕੇ ਕੰਧ ਤੇ ਟੰਗੇ ਜਾਣਾ। ਇਹ ਤਸਵੀਰਾਂ ਕੁਝ ਨਹੀਂ ਬੋਲਦੀਆਂ। ਸਿਰੁ ਯਾਦਾਂ ਦੀਆਂ ਤਹਿਆਂ ਵਿਚ ਹੱਲਚੱਲ ਪੈਦਾ ਕਰਦੀਆਂ ਨੇ।

ਉਸਦੇ ਅਚੇਤ ਮਨ ਵਿਚ ਆਪਣੇ ਮਹਿਬੂਬ ਨੂੰ ਮਿਲਣ ਦੀ ਤਾਂਘ ਅੰਗੜਾਈਆਂ ਲੈਂਦੀ ਰਹਿੰਦੀ ਹੈ ਅਤੇ ਇਸ ਤਾਂਘ ਨੂੰ ਉਹ ਕਲਮ ਦੇ ਨਾਮ ਕਰਦਾ ਹੈ;

'ਮੇਰੇ ਮਹਿਬੂਬ ਨੇ
ਕੋਰੋਨਾ ਦੇ ਡਰ ਤੋਂ
ਮਿਲਣ ਤੋਂ ਨ੍ਹਾਂ ਕਰ ਦਿਤੀ ਸੀ

ਮੈਂ ਅੱਜ ਮਹਿਬੂਬ ਦੇ
ਪਿੰਡ ਦੀ ਗਲੀ ਵਿਚ
ਮੁਹੱਬਤ ਦਾ ਦੀਵਾ
ਜਲਾ ਆਇਆ ਹਾਂ।'

ਉਹ ਕਵਿਤਾ ਰਾਹੀਂ ਪਿਆਰੇ ਦੀ ਤਲਾਸ਼ ਵਿਚ ਰਹਿੰਦਾ ਹੈ ਜੋ ਉਸਦੀ ਰੂਹ ਨੂੰ ਰੁੱਸ਼ਨਾਅ ਕੇ ਉਸਨੂੰ ਉਸਦੇ ਆਪੇ ਨਾਲ ਜੋੜੇ ਅਤੇ ਇਹ ਨੂਰ ਵੀ ਵਿਲੱਖਣ ਹੈ;

'ਤੇਰਾ ਇਕ ਨੂਰ ਹੈ
ਤੇਰਾ ਇਹ ਰਹਿਮ ਹੈ
ਬਸ ਇਹ ਤੇਰਾ ਅਹਿਲੇ ਕਰਮ ਹੈ।'

ਸੁਖਰਾਜ ਦੀਆਂ ਬਹੁਤ ਸਾਰੀਆਂ ਨਜ਼ਮਾਂ ਕਾਲਜ ਦੇ ਮਖ਼ਰੂਰੀ ਪਲਾਂ ਦੀਆਂ ਯਾਂਦਾਂ ਹਨ ਜਿਨ੍ਹਾਂ ਵਿਚ ਉਸਨੇ ਕੋਸੇ ਕੋਸੇ ਸਾਹਾਂ ਦਾ ਸੰਗ ਮਾਣਿਆ, ਪਿਆਰ ਭਿੱਜੇ ਪਲਾਂ ਨੂੰ ਭਰ ਕੇ ਜੀਵਿਆ। ਇਕ ਤਮੰਨਾ ਉਸਦੇ ਮਨ ਵਿਚ ਹੈ ਕਿ ਕਾਸ਼! ਉਹ ਪਿਆਰੇ ਅਤੇ ਨਿਆਰੇ ਦਿਨ ਪਰਤ ਆਉਣ ਅਤੇ ਮਿੱਤਰ ਪਿਆਰਿਆਂ ਦੀਆਂ ਮੁਹੱਬਤੀ ਸਾਂਝ ਮਿਲੇ। ਇਹਨਾਂ ਨਜ਼ਮਾਂ ਵਿਚ 'ਇਕ ਮਿੱਠੀ ਅਵਾਜ਼', 'ਮੇਰੀ ਇਤਲਾਹ', 'ਯਾਦ', 'ਤਨਹਾਈ', 'ਪਹਿਲੀ ਨਜ਼ਰ' ਆਦਿ ਨਜ਼ਮਾਂ ਹਨ।

ਬਹੁਤ ਸਾਰੀਆਂ ਨਜ਼ਮਾਂ ਕਿਆਨ ਅੰਦੋਲਨ ਦੀ ਉਪਜ ਹਨ ਅਤੇ ਕੁਝ ਕੋਰੋਨਾ ਦੌਰ ਦੀ ਮਾਤਮੀ ਰੁੱਤ ਦੀਆਂ ਹਨ ਜਦ ਮਨੁੱਖ ਨੂੰ ਕੁਦਰਤ ਨੇ ਦਿਖਾਇਆ ਕਿ ਕੁਦਰਤ ਚਾਹੇ ਤਾਂ ਦੁਨੀਆਂ ਦੀ ਤੇਜ਼-ਰਫ਼ਤਾਰੀ ਨੂੰ ਸਥਲ ਕੀਤਾ ਜਾ ਸਕਦਾ ਹੈ।

ਸੁਖਰਾਜ ਦੀ ਖਾਸੀਅਤ ਇਹ ਹੈ ਕਿ ਉਸਦੀ ਕਵਿਤਾ ਵਿਸ਼ਵ ਭਰ ਵਿਚਲੇ ਸਰੋਕਾਰਾਂ ਨੂੰ ਵੀ ਮੁਖਾਤਬ ਹੁੰਦੀ ਹੈ ਭਾਵੇਂ ਅਮਰੀਕਾ ਵਿਚ ਨਸਲੀ ਹਿੰਸਾ ਹੋਵੇ, ਨਸਲਵਾਦੀਆਂ ਵਲੋਂ ਬੁੱਤਾਂ ਨੂੰ ਤੋੜਨਾ ਹੋਵੇ ਜਾਂ ਚੀਨ ਵਲੋਂ ਕਰੋਨਾ ਰਾਹੀਂ ਦੁਨੀਆਂ ਨੂੰ ਮੌਤ ਦੀ ਨਗਰੀ ਵਿਚ ਧਕੇਲਣਾ ਹੋਵੇ।

ਸੱਭ ਤੋਂ ਖ਼ੂਬਸੂਰਤ ਹੈ ਕਿ ਉਸਦੀ ਕਵਿਤਾ ਵਿਚ ਉਹ ਬੱਚਾ ਵਿਚ ਵੀ ਜਿਉਂਦਾ ਹੈ ਜਿਸਦੀ ਅਵਾਜ ਅਸੀਂ ਵੱਡੇ ਹੋ ਕੇ ਸੁਣਨ ਤੋਂ ਇੰਨਕਾਰੀ ਹੋ ਜਾਂਦੇ ਹਾਂ। ਉਹ ਆਪਣੀ ਆਖਰੀ ਕਵਿਤਾ 'ਮਨ ਜੇ...' ਵਿਚ ਬਚਪਨੇ ਨੂੰ ਜਿਉਂਦਿਆਂ ਕਹਿੰਦਾ ਹੈ;

'ਕਦੀ ਵੱਡੇ ਤਲਾਬ ਦੇ ਕਿਨਾਰੇ
ਬੈਠ ਕੇ ਪਾਣੀ ਦੀ ਹੱਲਚੱਲ ਨੂੰ
ਚੁੱਪਚਾਪ ਘੰਟਿਆਂ ਬੱਧੀ ਦੇਖਦੇ ਰਹਿਣਾ
ਕਦੇ ਚੱਲਦੇ ਚੱਲਦੇ
ਆਪਣਾ ਪ੍ਰਛਾਵਾਂ
ਆਪਣੇ ਨਾਲੋਂ ਲੰਮਾ ਦੇਖ ਕੇ
ਘਬਰਾ ਜਾਣਾ'

ਖੁਦਾ ਕਰੇ! ਉਸਦੇ ਅੰਦਰਲਾ ਬੱਚਾ ਜਿਉਂਦਾ ਰਹੇ ਕਿਉਂਕਿ ਬੱਚੇ ਵਰਗੀ ਪਾਕੀਜਗੀ ਨਾਲ ਹੀ ਅਸੀਂ ਆਲੇ-ਦੁਆਲੇ ਦੇ ਵਰਤਾਰਿਆਂ ਨੂੰ ਸਹੀ ਸੰਦਰਭ ਵਿਚ ਦੇਖਦੇ ਹਾਂ। ਅਤੇ ਜਾਗਦੀ ਰਹੇ ਉਸਦੀ ਕਵਿਤਾ ਜੋ ਚੌਗਿਰਦੇ ਵਿਚ ਰੌਸ਼ਨੀ ਵੰਡਣ ਦਾ ਕਰਮ-ਧਰਮ ਤਾਅ ਉਮਰ ਨਿਭਾਉਂਦੀ ਰਹੇ। ਸੁਖਰਾਜ ਦੀ ਕਲਮ ਨੂੰ ਸਲਾਮ ਅਤੇ ਉਸਦੀ ਕਵਿਤਾ ਦੇ ਸੂਰਜਮੁੱਖੀ ਮੁਹਾਂਦਰੇ ਲਈ ਢੇਰ ਸਾਰੀਆਂ ਦੁਆਵਾਂ।

# ਸਫਲਤਾ ਦਾ ਮਾਪ



ਵਿਜੈ ਗਰਗ

ਅੱਜ ਕਿਸੇ ਦੀ ਸਫਲਤਾ ਦਾ ਇੱਕੋ ਇੱਕ ਮਾਪਦੰਡ ਪਦਾਰਥਵਾਦੀ ਸੱਭਿਆਚਾਰ ਦੇ ਨਿਯਮਾਂ 'ਤੇ ਅਧਾਰਤ ਹੈ, ਜੋ ਬਹੁਤ ਸਾਰੇ ਅਣਮਨੁੱਖੀ ਦਬਾਅ ਨੂੰ ਸਵੀਕਾਰ ਕਰਨ ਅਤੇ ਬੇਰਹਿਮ ਬਾਜ਼ਾਰ ਮੁਕਾਬਲੇ ਵਿੱਚ ਸ਼ਾਮਲ ਹੋਣ ਲਈ ਇੱਕ ਪੂਰਵ ਸ਼ਰਤ ਬਣ ਗਿਆ ਹੈ। ਸਫਲਤਾ ਨੂੰ ਸਰਵਉੱਚ ਮੰਨਦਿਆਂ, ਸਾਰੀਆਂ ਸਮਾਜਿਕ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ਼ ਕਰਨਾ ਆਮ ਹੋ ਗਿਆ ਹੈ। ਜਦੋਂ ਕਿ ਸਫ਼ਲਤਾ ਦਾ ਅਸਲ ਅਰਥ ਉਹ ਹੈ ਜੋ ਮਨੁੱਖ ਦੀ ਹੋਂਦ ਨੂੰ ਵਿਕਸਤ ਕਰੇ, ਉਸ ਨੂੰ ਸੰਕੀਰਣਤਾ ਤੋਂ ਮੁਕਤ ਕਰੇ ਅਤੇ ਉਸ ਦੀ ਦ੍ਰਿਸ਼ਟੀ ਨੂੰ ਉਦਾਰ ਅਤੇ ਵਿਸ਼ਾਲ ਬਣਾਵੇ। ਸਫਲਤਾ ਇਸਦੀ ਕੀਮਤ ਹੈਜਿਸ ਨੂੰ ਨਵੇਂ ਬਦਲ ਦੇ ਰਾਹ ਦੀਆਂ ਚੁਣੌਤੀਆਂ ਨਾਲ ਜੂਝਦੇ ਹੋਏ ਉਸੇ ਰੂਟ ਤੋਂ ਬਾਹਰ ਨਿਕਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਦਾ ਕਾਰਨ ਸਪਸ਼ਟ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਬੁੱਧੀਮਾਨ ਅਤੇ ਸੂਝਵਾਨ ਮਨੁੱਖ ਦੀਆਂ ਗ਼ਲਤੀਆਂ ਮੂਰਖਾਂ ਦੀਆਂ ਸਫ਼ਲਤਾਵਾਂ ਨਾਲੋਂ ਸਮਾਜ ਲਈ ਵਧੇਰੇ ਮਾਰਗ ਦਰਸ਼ਕ ਸਾਬਤ ਹੋ ਸਕਦੀਆਂ ਹਨ, ਉਸ ਦਾ ਨਿਰਮਾਣ ਕਰ ਸਕਦੀਆਂ ਹਨ। ਸਫਲਤਾ ਜੋ ਭੀੜ ਦੀ ਨਕਲ ਕਰਨ ਦੀ ਪ੍ਰਵਿਰਤੀ ਤੋਂ ਨਹੀਂ ਮਿਲਦੀ, ਸਗੋਂ ਆਪਣੇ ਸੰਘਰਸ਼ ਦੁਆਰਾ, ਵਿਅਕਤੀ ਦੀ ਚੇਤਨਾ ਨੂੰ ਅੰਦਰੂਨੀ ਤੌਰ 'ਤੇ ਨਿਖਾਰਦੀ ਹੈ ਅਤੇ ਉਸਨੂੰ ਨਵੇਂ ਵਿਕਲਪਾਂ ਅਤੇ ਅਣਜਾਣ ਸੰਭਾਵਨਾਵਾਂ ਵੱਲ ਲੈ ਜਾਂਦੀ ਹੈ। ਸਫਲਤਾ ਦੀ ਹੈ, ਜੋ ਕਿਜੀਵਨ ਦੇ ਦ੍ਰਿਸ਼ਟੀਕੋਣ ਦੀ ਸਪਸ਼ਟਤਾ ਦੇ ਨਾਲ ਇੱਕ ਪਰਿਭਾਸ਼ਾ ਅਰਥਪੂਰਨ ਅਤੇ ਮਨੁੱਖੀ ਹੋ ਸਕਦੀ ਹੈ, ਜੋ ਕਿ ਸਮੇਂ-ਸਮੇਂ 'ਤੇ ਸੰਪੂਰਨ, ਤੰਗ ਅਤੇ ਛੋਟੀਆਂ ਇੱਛਾਵਾਂ 'ਤੇ ਨਿਰਭਰ ਨਹੀਂ ਹੈ। ਇਹ ਸਫਲਤਾ ਸਮਾਜ ਦੇ ਭਲੇ ਲਈ ਕੀਮਤੀ ਹੋਣੀ ਚਾਹੀਦੀ ਹੈ ਅਤੇ ਪੁਰਾਣੇ ਦ੍ਰਿਸ਼ਟੀਕੋਣ ਤੋਂ ਉਦਾਰ ਹੋਣੀ ਚਾਹੀਦੀ ਹੈ ਅਤੇ ਜੀਵਨ ਦੇ ਅਨੁਭਵ ਨੂੰ ਇਸਦੀ ਉੱਤਮਤਾ ਦੀ ਉਚਾਈ ਅਤੇ ਇਸਦੇ ਅਰਥ ਸ਼ਾਸਤਰ ਦੀ ਸਿਖਰ ਤੱਕ ਲੈ ਜਾ ਸਕਦੀ ਹੈ। ਸਫ਼ਲਤਾ ਦਾ ਇਹ ਫਾਰਮੂਲਾ ਉਪਭੋਗਤਾਵਾਦੀ ਸਭਿਅਤਾ ਦੇ ਸਮੂਹਿਕ ਦਬਾਅ ਅਤੇ ਬਾਜ਼ਾਰ ਸੱਭਿਆਚਾਰ ਦੇ ਪ੍ਰਭਾਵ 'ਤੇ ਨਹੀਂ, ਸਗੋਂ ਆਪਣੇ ਅਨੁਭਵਾਂ ਦੀ ਸੁਤੰਤਰ ਸੋਚ ਅਤੇ ਤਰਕਸ਼ੀਲ ਦ੍ਰਿਸ਼ਟੀ 'ਤੇ ਅਧਾਰਤ ਹੋ ਸਕਦਾ ਹੈ, ਜੋ ਸਿਧਾਂਤਾਂ 'ਤੇ ਅਧਾਰਤ ਹਨ।ਪਰ ਤੁਰਨ ਵਾਲੇ ਲਈ ਇਹ ਔਖਾ ਹੈ, ਪਰ ਅਸੰਭਵ ਨਹੀਂ ਹੈ। ਉਨ੍ਹਾਂ ਵੱਡੇ ਟੀਚਿਆਂ ਅਤੇ ਖਾਹਿਸ਼ਾਂ ਨੂੰ ਪ੍ਰਾਪਤ ਕਰਨ ਲਈ ਅਣਥੱਕ ਯਤਨਾਂ ਵਿੱਚ ਵੀ ਇੱਕ ਸਦੀਵੀ ਖਿੱਚ ਹੈ ਜੋ ਪੂਰੀਆਂ ਨਹੀਂ ਹੁੰਦੀਆਂ। ਉਹ ਆਪਣੀ ਸੰਪੂਰਨਤਾ ਦੀ ਉਡੀਕ ਵਿਚ ਸਭ ਤੋਂ ਸੁੰਦਰ ਅਤੇ ਅਰਥਪੂਰਨ ਹਨ. ਇਹ ਉਦੇਸ਼ ਮਨੁੱਖ ਨੂੰ ਇੱਕ ਵਿਆਪਕ ਦ੍ਰਿਸ਼ਟੀਕੋਣ ਅਤੇ ਉਦਾਰਵਾਦੀ ਸੋਚ ਪ੍ਰਦਾਨ ਕਰਦੇ ਹਨ, ਜੀਵਨ ਨੂੰ ਜੀਣ ਦੇ ਸੀਮਤ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਤੋਂ ਮੁਕਤ ਕਰਦੇ ਹਨ। ਆਪਣੀਆਂ ਅਦਿੱਖ ਸੰਭਾਵਨਾਵਾਂ ਅਤੇ ਨਤੀਜਿਆਂ ਦੀ ਅਪੂਰਣਤਾ ਵਿੱਚ ਅਤੇ ਉਨ੍ਹਾਂ ਇੱਛਾਵਾਂ ਦੀ ਪ੍ਰਾਪਤੀ ਲਈ ਸੰਪੂਰਨਤਾ ਦੇ ਅਨੰਦ ਨੂੰ ਮਹਿਸੂਸ ਕਰਨ ਦੇ ਸੰਘਰਸ਼ ਵਿੱਚ ਵੀ।ਸੁਹਜਾਤਮਕ ਭਾਵਨਾ ਪੈਦਾ ਕਰਨ ਲਈ ਸਫਲਤਾ ਦੀ ਇਹ ਪੂਰਵ-ਪ੍ਰਕਿਰਿਆ ਵੀ ਓਨੀ ਹੀ ਮਹੱਤਵਪੂਰਨ ਹੈ, ਜਿਸ ਵਿੱਚ ਨਾ ਸਿਰਫ਼ ਜਿੱਤ ਲਈ, ਸਗੋਂ ਹਾਰ ਲਈ ਵੀ ਮਾਨਸਿਕ ਸਥਿਰਤਾ ਹੋਣੀ ਚਾਹੀਦੀ ਹੈ। ਇਹ ਸਫਲਤਾ ਜ਼ਿੰਦਗੀ ਨੂੰ ਖੁੱਲ੍ਹਾ ਵਿਸਥਾਰ ਦਿੰਦੀ ਹੈ ਅਤੇ ਉਦੇਸ਼ ਦੇ ਸਿਖਰ 'ਤੇ ਚੜ੍ਹਨ ਅਤੇ ਕਮੀਆਂ ਨੂੰ ਸੁਧਾਰਨ ਲਈ ਆਪਣਾ ਸਰਵੋਤਮ ਦੇਣ ਦੀ ਚੁਣੌਤੀ ਨੂੰ ਸਵੀਕਾਰ ਕਰਨ ਲਈ ਮਨੁੱਖੀ ਅਤੇ ਵਿਚਾਰਧਾਰਕ ਸ਼ਕਤੀ ਪ੍ਰਦਾਨ ਕਰਦੀ ਹੈ। ਸਮਾਜ ਹਮੇਸ਼ਾ ਅਜਿਹੇ ਬਦਲ ਦੀ ਉਡੀਕ ਵਿਚ ਰਹਿੰਦਾ ਹੈ, ਜੋ ਇਸ ਨੂੰ ਸਹੀ ਦਿਸ਼ਾ ਦੇ ਸਕੇ ਅਤੇ ਇਸ ਲਈ ਇਸ ਨੂੰ ਅਦ੍ਰਿਸ਼ਟ ਹੋਣ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ, ਜੋ ਇਸ ਦੀ ਮਦਦ ਕਰੇਗਾ।ਇੱਕ ਸਥਾਈ ਵਿਚਾਰ ਦੇ ਰੂਪ ਵਿੱਚ ਪ੍ਰਾਪਤ ਕਰਨ ਲਈ. ਅੱਜ ਸਾਰੀ ਵਿਵਸਥਾ, ਮੀਡੀਆ ਅਤੇ ਮੰਡੀ ਨੇ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਕਿ ਜੀਵਨ ਦਾ ਅੰਤਮ ਉਦੇਸ਼ ਵੱਧ ਤੋਂ ਵੱਧ ਖਪਤ, ਉੱਚ ਪਦਵੀ, ਪਲ-ਪਲ ਪ੍ਰਸਿੱਧੀ, ਸਮਾਜਿਕ ਮਾਣ-ਸਨਮਾਨ ਅਤੇ ਸੁੱਖ-ਸਹੂਲਤਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਾਪਤ ਕਰਨਾ ਮਨੁੱਖ ਲਈ ਸਰਵੋਤਮ ਬਣ ਗਿਆ ਹੈ। ਸਫ਼ਲਤਾ ਦੇ ਇਸ ਸੰਕਲਪ ਵਿਚ ਨੈਤਿਕਤਾ, ਮਨੁੱਖੀ ਕਦਰਾਂ-ਕੀਮਤਾਂ ਅਤੇ ਕੁਦਰਤ ਪ੍ਰਤੀ ਹਮਦਰਦੀ ਲਈ ਕੋਈ ਥਾਂ ਨਹੀਂ ਹੈ, ਜਿਸ ਨੂੰ ਇਸ ਦੀ ਇਕਪਾਸੜ ਅਤੇ ਸੌੜੀ ਨਜ਼ਰ ਕਿਹਾ ਜਾ ਸਕਦਾ ਹੈ। ਉਹ ਸਫਲਤਾ, ਜੋ ਮਨੁੱਖੀ ਹੋਂਦ, ਚੇਤੰਨਤਾ ਦੀ ਸਾਰਥਿਕਤਾ ਦੀ ਕੀਮਤ 'ਤੇ ਹੀ ਸੰਭਵ ਹੈਜੇ ਤੁਸੀਂ ਇਸ ਨੂੰ ਉਤਪਾਦ ਵਿੱਚ ਬਦਲ ਕੇ ਗਿਆਨ ਅਤੇ ਬੁੱਧੀ ਪ੍ਰਾਪਤ ਕਰਦੇ ਹੋ, ਤਾਂ ਇਹ ਸਮਾਜ ਲਈ ਬੇਕਾਰ ਅਤੇ ਖਤਰਨਾਕ ਹੈ। ਇਹ ਬੇਸਮਝ ਸਮੇਂ ਦੀ ਮਜਬੂਰੀ ਹੋ ਸਕਦੀ ਹੈ, ਪਰ ਇਸ ਬੇਰਹਿਮ ਮਾਹੌਲ ਅਤੇ ਹਾਲਾਤਾਂ ਦੇ ਦਬਾਅ ਵਿੱਚ, ਆਪਣੀ ਅਸਲ ਸਫਲਤਾ ਨੂੰ ਲੱਭਣਾ ਇੱਕ ਸਾਰਥਕ ਯਤਨ ਮੰਨਿਆ ਜਾ ਸਕਦਾ ਹੈ। ਜ਼ਿੰਦਗੀ ਦੇ ਵੱਡੇ-ਵੱਡੇ ਸੁਪਨੇ ਸਾਕਾਰ ਕਰਨ ਲਈ ਸੁਖਾਵੇਂ ਰਾਹਾਂ ਤੋਂ ਹਟ ਕੇ ਕੁਝ ਨਵਾਂ ਆਦਰਸ਼ ਲੱਭਣ ਲਈ ਸੰਘਰਸ਼ ਕਰਨਾ ਹੀ ਸਫ਼ਲਤਾ ਦਾ ਨਵਾਂ ਮਿਆਰ ਬਣ ਸਕਦਾ ਹੈ। ਪਰ ਅਸਲੀਅਤ ਇਹ ਹੈ ਕਿ ਬਹੁਤ ਘੱਟ ਲੋਕ ਆਪਣੀ ਅਤੇ ਸਮਾਜ ਦੀ ਮੁਕਤੀ ਲਈ ਮੁਕਤ ਰਾਹ ਚੁਣਦੇ ਹਨ। ਜ਼ਿਆਦਾਤਰ ਬਣਾਇਆ-ਅੱਪਸੁਵਿਧਾਜਨਕ ਰਸਤਿਆਂ 'ਤੇ ਚੱਲਣਾ ਬਿਹਤਰ ਹੈ. ਪਰ ਕੁਝ ਅਸਾਧਾਰਨ ਸਫਲਤਾ ਪ੍ਰਾਪਤ ਕਰਨ ਲਈ, ਪਰੰਪਰਾ ਤੋਂ ਦੂਰ ਕਿਸੇ ਅਪਹੁੰਚ ਵਿਕਲਪ ਲਈ ਭਟਕਣਾ, ਉਹੀ ਵਿਅਕਤੀ ਕੁਝ ਅਜਿਹਾ ਖੋਜ ਸਕਦਾ ਹੈ ਜੋ ਸਫਲਤਾ ਦੇ ਆਮ ਅਤੇ ਸਧਾਰਨ ਮਾਪਦੰਡਾਂ 'ਤੇ ਅਸੰਭਵ ਸਮਝਿਆ ਜਾ ਸਕਦਾ ਹੈ, ਪਰ ਜੋ ਇੰਨਾ ਵਿਆਪਕ, ਪ੍ਰਭਾਵਸ਼ਾਲੀ ਅਤੇ ਮੌਲਿਕ ਹੈ ਕਿ ਵਿਸ਼ੇ. ਜਿਸ ਬਾਰੇ ਸਫਲ ਹੋਣ ਦੇ ਸਰਲ ਅਰਥਾਂ ਦੀਆਂ ਸੀਮਾਵਾਂ ਕਾਰਨ ਕਦੇ ਸੋਚਿਆ ਹੀ ਨਹੀਂ ਗਿਆ, ਤਾਂ ਉਸ ਸਫਲਤਾ ਨੂੰ ਵਿਅਕਤੀਗਤ ਨਹੀਂ ਕਿਹਾ ਜਾ ਸਕਦਾ, ਸਗੋਂ ਸਮੂਹਿਕ ਪ੍ਰਾਪਤੀ ਕਿਹਾ ਜਾ ਸਕਦਾ ਹੈ। ਇਹ ਸਬਕ ਬਚਪਨ ਤੋਂ ਹੀ ਦੇਣਾ ਚਾਹੀਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editor** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer** | Bhupinder Dhillon |
| **Marketing:** | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਦਿਨ ਲੋਹੜੀ ਦਾ

ਫਿਰ ਆਇਆ ਦਿਨ ਲੋਹੜੀ ਦਾ।
ਸ਼ਗਨ ਹੈ ਗੁੜ ਦੀ ਰੋੜੀ ਦਾ।
'ਕੱਠੇ ਹੋ ਕੇ ਬੈਠਾਂਗੇ, ਧੂਣੀ ਦੀ ਅੱਗ ਸੇਕਾਂਗੇ।
ਨਿੱਘ ਸਾਨੂੰ ਵੀ ਲੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।
ਬੱਚੇ ਟੋਲੀਆਂ ਵਿੱਚ ਆਏ, ਪਾਥੀਆਂ ਮੰਗ ਕੇ ਲੈ ਆਏ।
ਥੋੜ੍ਹਾ-ਥੋੜ੍ਹਾ ਜੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।
ਸਾਲ ਹੈ ਮੇਲਾ ਹੈ ਪਹਿਲਾ, ਗੱਜਕ ਦਾ ਭਰਿਆ ਥੈਲਾ।
ਮੂੰਗਫਲੀਆਂ ਨੂੰ ਤੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।
ਨੱਚੀਏ ਤੇ ਭੰਗੜੇ ਪਾਈਏ, ਰਲ਼ 'ਰੂਹੀ' ਨਾਲ਼ ਸਭ ਗਾਈਏ।
'ਕੱਲਿਆਂ ਕਿਸੇ ਨਹੀਂ ਛੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।
ਸਾਡੇ ਮੇਲੇ ਤੇ ਤਿਉਹਾਰ, ਖੇੜਿਆਂ ਦੀ ਮਹਿਕੇ ਗੁਲਜ਼ਾਰ।
ਸੁੱਤਿਆਂ ਨੂੰ ਝੰਜੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।
ਆਓ ਸਾਰੇ ਪ੍ਰਣ ਕਰੀਏ, ਦੁਖ-ਸੋਗ ਸਭ ਦੇ ਹਰੀਏ।
ਖਾਲੀ ਕੋਈ ਨਹੀਂ ਮੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।



-ਪ੍ਰੋ. ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302 (ਬਠਿੰਡਾ) 9417692015.

# ਧੀਆਂ ਦੀ ਲੋਹੜੀ- ਸੋਚ ਵਿਚ ਬਦਲਾਅ ਜ਼ਰੂਰੀ ਨਹੀਂ ਤਾਂ ਇਹ ਰੰਗ ਫਿਕੇ ਦੇ ਫਿਕੇ



-ਸੁਰਜੀਤ ਸਿੰਘ ਫਲੋਰਾ-

ਨਵੇਂ ਸਾਲ ਦੇ ਜ਼ਸਨ ਖ਼ਤਮ ਹੁੰਦੇ ਹੀ ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ ਰਾਤ ਮਨਾਏ ਜਾਣ ਵਾਲੇ ਪਲੇਠੇ ਤਿਉਹਾਰ ਲੋਹੜੀ ਦੀਆਂ ਚਾਰ-ਚੁਫ਼ੇਰੇ ਤਿਆਰਿਆਂ ਅਤੇ ਰੌਣਕਾਂ ਇਕੱਠ ਹੋਣੇ ਸ਼ੁਰੂ ਹੋ ਜਾਂਦੇ ਹਨ । ਬਾਜ਼ਾਰਾਂ ਵਿੱਚ ਮੂੰਗਫਲੀ, ਰਿਉੜੀਆਂ, ਗੰਨੇ ਦੀ ਰਸ ਤੇ ਗੱਚਕਾਂ ਦੀ ਭਰਮਾਰ ਦੁਕਾਨਾ ਵਿਚ ਨਜ਼ਰ ਆਉਣ ਲੱਗ ਜਾਂਦੀ ਹੈ। ਗਰੀਬ ਲੋਕ ਖੁਸ਼ੀਆਂ ਦੇ ਗੀਤ ਗਾਉਂਦਿਆਂ ਘਰਾਂ ਵਿੱਚੋਂ ਲੋਹੜੀ ਮੰਗਦੇ ਹਨ। ਬੱਚੇ ਦੇ ਜਨਮ ਅਤੇ ਵਿਆਹ ਦੀ ਖੁਸ਼ੀ ਵਾਲੇ ਘਰਾਂ ਵਿੱਚ ਲੋਹੜੀ ਦੇ ਵਿਸ਼ੇਸ਼ ਜਸ਼ਨ ਰੱਖੇ ਜਾਂਦੇ ਹਨ। ਇਨ੍ਹਾਂ ਘਰਾਂ ਵੱਲੋਂ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਨ ਲਈ ਰਿਸ਼ਤੇਦਾਰਾਂ, ਗੁਆਂਢੀਆਂ ਤੇ ਦੋਸਤਾਂ-ਮਿੱਤਰਾਂ ਨੂੰ ਵਿਸ਼ੇਸ਼ ਸੱਦੇ ਭੇਜ ਕੇ ਬੁਲਾਇਆ ਜਾਂਦਾ ਹੈ। ਇਨ੍ਹਾਂ ਘਰਾਂ ਵਿੱਚ ਲੋਹੜੀ ਦੀ ਰਾਤ ਦੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਹਨ।

ਅਜੋਕੇ ਸਮੇਂ 'ਚ ਕਈ ਲੋਕਾਂ ਵੱਲੋਂ ਇਹ ਤਿਉਹਾਰ ਵਿਆਹਾਂ ਵਾਂਗ ਪੈਲੇਸਾਂ ਵਿੱਚ ਵੀ ਮਨਾਇਆ ਜਾਂਦਾ ਹੈ ਲੋਹੜੀ ਵਾਲੇ ਦਿਨ ਬੱਚੇ ਲੋਹੜੀ ਦੇ ਗੀਤ 'ਦੇ ਮਾਈ ਪਾਥੀ ਤੇਰਾ ਪੁੱਤ ਚੜੂਗਾ ਹਾਥੀ, ਹਾਥੀ ਨੇ ਮਾਰੀ ਟੱਕਰ, ਤੇਰੇ ਪੁੱਤ ਦੀ ਡੁੱਲਗੀ ਸ਼ੱਕਰ' ਤੇ 'ਦੇ ਮਾਈ ਲੋਹੜੀ, ਤੇਰਾ ਪੁੱਤ ਚੜੂਗਾ ਘੋੜੀ' ਆਦਿ ਗਾਉਂਦਿਆਂ ਘਰਾਂ ਵਿੱਚੋਂ ਲੋਹੜੀ ਮੰਗਣ ਜਾਂਦੇ ਹਨ। ਇਸ ਦੌਰਾਨ ਉਹ ਜਿੱਥੇ ਰਾਤ ਨੂੰ ਬਾਲਣ ਲਈ ਲੱਕੜਾਂ ਤੇ ਪਾਥੀਆਂ 'ਕੱਠੀਆਂ ਕਰਦੇ ਹਨ, ਉੱਥੇ ਖਾਣ ਲਈ ਗੱਚਕ, ਰਿਉੜੀਆਂ ਤੇ ਮੂੰਗਫਲੀਆਂ ਵੀ ਇਕੱਤਰ ਕਰਦੇ ਹਨ। ਲੋਹੜੀ ਵਾਲੀ ਰਾਤ ਸਾਰਿਆਂ ਵੱਲੋਂ ਗਲੀ ਵਿੱਚ ਸਾਂਝੀ ਧੂਣੀ ਬਾਲ਼ ਕੇ ਸੇਕਦਿਆਂ ਇੱਕ-ਦੂਜੇ ਦਾ ਮੂੰਹ ਮਿੱਠਾ ਕਰਵਾਉਂਦਿਆਂ ਤੇ ਗੀਤ-ਗਾਉਂਦਿਆਂ ਲੋਹੜੀ ਮਨਾਈ ਜਾਂਦੀ ਹੈ। ਇਸ ਤਿਉਹਾਰ ਦਾ ਵਿਸ਼ੇਸ਼ ਗਾਣਾ ਜਿਸ ਬਿੰਨਾ ਇਹ ਅਧੂਰੀ ਜਾਪਦੀ ਹੈ:

ਸੁਨਦਰ ਮੁਨਦਰੀਏ ...ਹੋ- ਤੇਰਾ ਕੋਨ ਵਿਚਾਰਾ ...ਹੋ

ਲੋਹੜੀ ਦਾ ਪਿਛੋਕੜ ਸਰਦੀ ਦੇ ਮੌਸਮ ਦੀ ਸਮਾਪਤੀ ਨਾਲ ਵੀ ਹੈ।

ਕਹਿਰ ਦੀ ਸਰਦੀ ਦਾ ਮੌਸਮ ਇਨਸਾਨਾਂ, ਪਸ਼ੂ-ਪੰਛੀਆਂ ਤੇ ਫਸਲਾਂ ਲਈ ਖੁਸ਼ਗਵਾਰ ਨਹੀਂ ਹੁੰਦਾ। ਪੋਹ ਮਹੀਨੇ ਦੀ ਸਮਾਪਤੀ ਨਾਲ ਹੀ ਠੰਢ ਦੀ ਸਮਾਪਤੀ ਦਾ ਕਿਆਸ ਕੀਤਾ ਜਾਂਦਾ ਹੈ। ਪੋਹ ਮਹੀਨਾ ਸਮਾਪਤ ਹੋਣ 'ਤੇ ਸੂਰਜ ਦਾ ਚੜ੍ਹ ਤੇ ਧੁੱਪਾਂ ਨਿੱਕਲਣੀਆਂ ਸ਼ੁਰੂ ਹੋ ਜਾਦੀਆਂ ਹਨ। ਦਿਨ ਲੰਮੇ ਤੇ ਰਾਤਾਂ ਛੋਟਿਆਂ ਹੁੰਦੀਆਂ ਜਾਂਦੀਆਂ ਹਨ। ਫਸਲਾਂ 'ਤੇ ਖੇੜਾ ਆ ਜਾਂਦਾ ਹੈ। ਸਰਦੀ ਕਾਰਨ ਫਸਲਾਂ ਦਾ ਰੁਕਿਆ ਵਿਕਾਸ ਸ਼ੁਰੂ ਹੋ ਜਾਂਦਾ ਹੈ। ਇਸ ਮੌਕੇ ਬਾਲ਼ੀ ਜਾਂਦੀ ਵੱਡੀ ਧੂਣੀ ਨੂੰ ਸਰਦੀ ਦੇ ਸੀਜ਼ਨ ਦੀ ਅਖੀਰਲੀ ਧੂਣੀ ਸਮਝਿਆ ਜਾਂਦਾ ਹੈ। ਧੂਣੀ ਵਿੱਚ ਤਿਲ ਸੁੱਟਦਿਆਂ 'ਈਸਰ ਆ ਦਲਿੱਦਰ ਜਾ' ਦਾ ਗਾਇਆ ਜਾਂਦਾ ਗੀਤ ਵੀ ਠੰਢ ਦੀ ਸਮਾਪਤੀ ਦੀਆਂ ਖੁਸ਼ੀਆਂ ਵੱਲ ਇਸ਼ਾਰਾ ਕਰਦਾ ਹੈ।

ਬੱਚੇ ਦੇ ਜਨਮ ਤੇ ਵਿਆਹ ਦੀ ਖ਼ੁਸ਼ੀ ਵਾਲੇ ਘਰਾਂ ਵਿਚ ਲੋਹੜੀ ਦੇ ਵਿਸ਼ੇਸ਼ ਜਸ਼ਨ ਮਨਾਏ ਜਾਂਦੇ ਹਨ। ਇਨ੍ਹਾਂ ਘਰਾਂ ਵਲੋਂ ਅਪਣੀਆਂ ਖ਼ੁਸ਼ੀਆਂ ਸਾਂਝੀਆਂ ਕਰਨ ਲਈ ਰਿਸ਼ਤੇਦਾਰਾਂ, ਗੁਆਢੀਆਂ ਤੇ ਦੋਸਤਾਂ-ਮਿੱਤਰਾਂ ਨੂੰ ਵਿਸ਼ੇਸ਼ ਸੱਦੇ ਭੇਜ ਕੇ ਬੁਲਾਇਆ ਜਾਂਦਾ ਹੈ। ਇਨ੍ਹਾਂ ਘਰਾਂ ਵਿਚ ਲੋਹੜੀ ਦੀ ਰਾਤ ਦੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਹਨ। ਅਜੋਕੇ ਸਮੇਂ ਵਿਚ ਕਈ ਲੋਕਾਂ ਵਲੋਂ ਇਹ ਤਿਉਹਾਰ ਵਿਆਹਾਂ ਵਾਂਗ ਪੈਲੇਸਾਂ ਵਿਚ ਵੀ ਮਨਾਇਆ ਜਾਂਦਾ ਹੈ ਤੇ ਗਿੱਧੇ-ਭੰਗੜੇ ਪਾਏ ਜਾਂਦੇ ਹਨ। ਕਿਸੇ ਸਮੇਂ ਮੁੰਡੇ ਦੇ ਜਨਮ ਤੇ ਵਿਆਹ ਵਾਲੇ ਘਰਾਂ ਦੀਆਂ ਖ਼ੁਸ਼ੀਆਂ ਤਕ ਸੀਮਤ ਇਸ ਤਿਉਹਾਰ ਦਾ ਬਦਲਦੇ ਸਮੇਂ ਅਨੁਸਾਰ ਘੇਰਾ ਵਿਸ਼ਾਲ ਹੋਣਾ ਸ਼ੁਰੂ ਹੋ ਗਿਆ ਹੈ।



ਕਿਉਂਕਿ ਕਿਸੇ ਸਮੇਂ ਮੁੰਡੇ ਦੇ ਜਨਮ ਤੇ ਵਿਆਹ ਵਾਲੇ ਘਰਾਂ ਦੀਆਂ ਖੁਸ਼ੀਆਂ ਤੱਕ ਸੀਮਤ ਇਸ ਤਿਉਹਾਰ ਦਾ ਬਦਲਦੇ ਸਮੇਂ ਅਨੁਸਾਰ ਘੇਰਾ ਵਿਸ਼ਾਲ ਹੋਣਾ ਸ਼ੁਰੂ ਹੋ ਗਿਆ ਹੈ। ਮੁੰਡੇ ਤੇ ਕੁੜੀ ਵਿਚਲੇ ਲੰਗਿ ਭੇਦ ਨੂੰ ਖ਼ਤਮ ਕਰਨ ਦੀ ਸੋਚ ਰੱਖਦੇ ਅਗਾਂਹਵਧੂ ਲੋਕਾਂ ਨੇ ਲੜਕੀ ਦੇ ਜਨਮ ਦੀਆਂ ਖੁਸ਼ੀਆਂ ਨੂੰ ਵੀ ਲੋਹੜੀ ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਕਰ ਲਿਆ ਹੈ। ਪਿਛਲੇ ਕਈ ਵਰ੍ਹਿਆਂ ਤੋਂ ਲੜਕੀਆਂ ਦੀ ਲੋਹੜੀ ਮਨਾਉਣ ਦਾ ਰਿਵਾਜ਼ ਕਾਫੀ ਪ੍ਰਚਲਿਤ ਹੋਇਆ ਹੈ। ਲੜਕਿਆਂ ਦੇ ਨਾਲ-ਨਾਲ ਲੜਕੀਆਂ ਦੀ ਲੋਹੜੀ ਮਨਾਉਣ ਦਾ ਰਿਵਾਜ਼ ਆਪਣੇ-ਆਪ ਵਿੱਚ ਹੀ ਸਮਾਜ ਦੀ ਅਗਾਂਹਵਧੂ ਸੋਚ ਦਾ ਪ੍ਰਮਾਣ ਹੈ। ਪਰ ਜੇਕਰ ਇਹ ਸੋਚ ਸਿਰਫ਼ ਦੇਖਾਂ ਦੇਖੀ ਤੱਕ ਸੀਮਤ ਹੈ ਤਾਂ ਇਸ ਦਾ ਕੋਈ ਬਜੂਦ ਕੋਈ ਅਹਿਮੀਅਤ ਨਹੀਂ ਹੈ।

ਪਰ ਇਕ ਸੱਚ ਇਹ ਵੀ ਹੈ ਕਿ ਅੱਜ-ਕੱਲ੍ਹ ਵੱਧਦੀ ਮਹਿੰਗਾਈ ਤੇ ਪੈਸੇ ਦੀ ਦੌੜ-ਭੱਜ ਵਾਲੀ ਜ਼ਿੰਦਗੀ ਨੇ ਮਾਹੌਲ ਬਦਲ ਕੇ ਰੱਖ ਦਿੱਤਾ ਹੈ। ਹੁਣ ਨਾ ਤਾਂ ਬੱਚੇ ਲੋਹੜੀ ਮੰਗਦੇ ਨਜ਼ਰ ਆਉਂਦੇ ਕਿਉਂਕਿ ਪੜ੍ਹਾਈ ਤੇ ਪੇਪਰਾਂ ਦੇ ਬੋਝ ਕਾਰਨ ਸਾਡੇ ਬੱਚੇ ਵੀ ਬੜੇ ਮਸਰੂਫ ਹੁੰਦੇ ਜਾ ਰਹੇ ਹਨ। ਹੁਣ ਉਨ੍ਹਾਂ ਕੋਲ ਵੀ ਸਾਂਝੀਆਂ ਖ਼ੁਸ਼ੀਆਂ ਮਨਾਉਣ ਲਈ ਫ਼ੁਰਸਤ ਨਹੀਂ ਰਹੀ, ਤੇ ਨਾ ਹੀ ਪਹਿਲਾਂ ਵਾਂਗ ਰਿਸ਼ਤਿਆਂ 'ਚ ਆਪਸੀ ਮੂੰਹ ਪਿਆਰ ਏਕਤਾ ਤੇ ਪ੍ਰਪੱਕਤਾ ਰਹੀ ਹੈ। ਜਿਥੇ ਕਿ ਅਜੋਕੀ ਲੋਹੜੀ ਬਹੁਤ ਬਦਲ ਗਈ ਹੈ। ਭਾਵੇਂ ਹੁਣ ਪੜ੍ਹੇ-ਲਿਖੇ ਸਮਾਜ ਦੀ ਸੋਚ ਬਦਲ ਦੇ ਨਾਲ ਲੋਕਾ ਵੱਲੋਂ ਨਵ-ਜੰਮੀਆਂ ਧੀਆਂ ਦੀ ਵੀ ਲੋਹੜੀ ਮਨਾਈ ਜਾਣ ਲੱਗੀ ਹੈ ਪਰ ਹੁਣ ਤਿਉਹਾਰਾਂ 'ਤੇ ਬਾਜ਼ਾਰੂ ਰੁਚੀ ਵੀ ਭਾਰੂ ਹੋਣ ਲੱਗੀ ਹੈ। ਤੇਜ਼ੀ ਨਾਲ ਉਸਰ ਰਹੇ ਗਲੋਬਲ ਪਿੰਡ ਕਾਰਨ ਰਿਸ਼ਤਿਆਂ ਦਾ ਨਿੱਘ, ਮੋਹ, ਸੱਭਿਆਚਾਰਕ ਸਾਂਝ ਤੇ ਮਿਲਵਰਤਨ ਵੀ ਘੱਟਦਾ ਜਾ ਰਿਹਾ ਹੈ।

ਹੁਣ ਲੋਕਾਂ ਵੱਲੋਂ ਮੁੰਡੇ ਦੀ ਲੋਹੜੀ ਲਈ ਵੀ ਵਿਆਹ ਵਾਂਗ ਪੈਲੇਸ ਬੁੱਕ ਕੀਤੇ ਜਾਂਦੇ ਹਨ। ਸਾਰਾ ਪ੍ਰੋਗਰਾਮ ਉੱਥੇ ਹੀ ਹੁੰਦਾ ਹੈ। ਲੋਕ ਬੇਗਾਨਿਆਂ ਦੀ ਤਰ੍ਹਾਂ ਆਉਂਦੇ ਹਨ ਤੇ ਸ਼ਗਨ ਤੇ ਮੂੰਹ ਦਿਖਾ ਕੇ ਚਲੇ ਜਾਂਦੇ ਹਨ। ਮੁੰਡੇ ਵਾਲਿਆਂ ਵੱਲੋਂ ਵੀ ਮਿਠਾਈ ਦਾ ਡੱਬਾ ਅਤੇ ਕਾਰਡ ਭੇਜ ਦਿੱਤਾ ਜਾਂਦਾ ਹੈ ਤੇ ਸ਼ਾਮ ਨੂੰ ਹਰ ਕੋਈ ਆਪਣੇ-ਆਪਣੇ ਘਰ 'ਚ ਵੱਖ-ਵੱਖ ਲੋਹੜੀ ਮਨਾਉਂਦੇ ਹਨ।

ਇਹ ਸਹੀ ਹੈ ਕਿ ਲੜਕੀਆਂ ਦੀ ਲੋਹੜੀ ਮਨਾਉਣ ਦਾ ਸ਼ੁਰੂ ਹੋਇਆ ਰਿਵਾਜ਼ ਵਾਕਿਆ ਹੀ ਔਰਤ ਜਾਤੀ ਦੇ ਗੌਰਵ ਵਿੱਚ ਇਜ਼ਾਫਾ ਕਰਦਾ ਹੈ। ਲੜਕੀਆਂ ਦੇ ਮਨਾਂ ਵਿੱਚ ਆਤਮ-ਵਿਸ਼ਵਾਸ ਜਗਾਉਣ ਦਾ ਇਹ ਸਭ ਤੋਂ ਕਾਰਗਰ ਤਰੀਕਾ ਹੈ। ਕਿਸੇ ਸਮੇਂ ਟਾਵੇਂ-ਟੱਲੇ ਪਰਿਵਾਰਾਂ ਜਾਂ ਸੰਸਥਾਵਾਂ ਤੋਂ ਲੜਕੀਆਂ ਦੀ ਲੋਹੜੀ ਮਨਾਉਣ ਦਾ ਸ਼ੁਰੂ ਹੋਇਆ ਰਿਵਾਜ਼ ਅੱਜ-ਕੱਲ੍ਹ ਬਹੁਤ ਵਿਸ਼ਾਲਤਾ ਨੂੰ ਪੁੱਜ ਗਿਆ ਹੈ। ਸੰਸਥਾਵਾਂ, ਕਲੱਬਾਂ ਅਤੇ ਸਰਕਾਰ ਵੱਲੋਂ ਧੀਆਂ ਦੀ ਲੋਹੜੀ ਵੱਡੇ ਪੱਧਰ 'ਤੇ ਮਨਾਈ ਜਾਣ ਲੱਗੀ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਧੀਆਂ ਦੀ ਲੋਹੜੀ ਮਨਾਉਣ ਦਾ ਇਹ ਰਿਵਾਜ਼ ਲੋਕਾਂ ਦੀ ਔਰਤ ਪ੍ਰਤੀ ਸੋਚ ਨੂੰ ਬਦਲਣ ਵਿੱਚ ਕਿੰਨਾ ਕੁ ਕਾਰਗਰ ਸਿੱਧ ਹੋ ਰਿਹਾ ਹੈ? ਕੀ ਸੱਚਮੁੱਚ ਹੀ ਲੋਕ ਧੀਆਂ ਨੂੰ ਪੁੱਤਾਂ ਦੇ ਬਰਾਬਰ ਸਮਝਣ ਵਾਲੀ ਸੋਚ ਦੇ ਧਾਰਨੀ ਹੋ ਗਏ ਹਨ?

ਕੀ ਸਮਾਜ ਧੀਆਂ ਨੂੰ ਉਨ੍ਹਾਂ ਦਾ ਬਣਦਾ ਇਜ਼ਤ ਮਾਨ-ਸਤਿਕਾਰ ਬਰਾ-ਬਰਤਾ ਦਾ ਅਧਿਕਾਰ ਦੇਣ ਦੇ ਯੋਗ ਹੋ ਗਿਆ ਹੈ? ਕੀ ਧੀਆਂ ਸੱਚਮੁੱਚ ਹੀ ਸੁਰੱਖਿਅਤ ਹੋ ਗਈਆਂ ਹਨ? ਅਤੇ ਜਾਂ ਫਿਰ ਕੀ ਮਾਦਾ ਭਰੂਣ ਹੱਤਿਆ ਦੇ ਖਾਤਮੇ ਦਾ ਕਿਆਸ ਕੀਤਾ ਜਾ ਸਕਦਾ ਹੈ? ਕਿਉਂ ਅੱਜ ਵੀ ਲੋਕ ਪਹਿਲੀ ਔਲਾਦ ਮੁੰਡਾ ਹੀ ਹੋਣ ਦੀਆਂ ਦੁਆਵਾਂ ਕਰਦੇ ਹਨ? ਕਿਉਂ ਹਾਲੇ ਸੋਚ ਇਹ ਹੀ ਹੈ ਕਿ ਵੀ ਵੰਸ਼ ਪੁੱਤਾਂ ਨਾਲ ਹੀ ਚੱਲਦਾ ਹੈ? ਕਿਉਂ ਅੱਜ ਵੀ ਔਰਤ ਹੀ ਔਰਤ ਦੀ ਦੁਸ਼ਮਣ ਬਣੀ ਹੋਈ ਹੈ? ਕਿਉਂ ਧੀਆਂ ਲਈ ਸਥਾਨਕ ਪੱਧਰ ਦੀ ਸਿੱਖਿਆ ਪ੍ਰਾਪਤੀ ਤੋਂ ਬਾਅਦ ਉਚੇਰੀ ਸਿੱਖਿਆ ਦੇ ਰਸਤੇ ਬੰਦ ਹੋ ਜਾਂਦੇ ਹਨ? ਕਿਉਂ ਅੱਜ ਵੀ ਲੜਕਿਆਂ ਨੂੰ ਸਮਝਾਉਣ ਦੀ ਬਜਾਏ ਧੀਆਂ ਤੇ ਹੀ ਪਹਿਨਣ, ਬੋਲਣ-ਚੱਲਣ ਤੇ ਵਿਹਾਰ ਦੇ ਤਰੀਕਿਆਂ ਦੀਆਂ ਪਾਬੰਦੀਆਂ ਲਾਇਆ ਜਾ ਰਹੀਆਂ ਹਨ।

ਉਪਰੋਕਤ ਸਵਾਲਾਂ ਦੀ ਕਚਹਿਰੀ ਵਿੱਚ ਖੜ੍ਹਾ ਧੀਆਂ ਦੀ ਲੋਹੜੀ ਮਨਾਉਣ ਦਾ ਰਿਵਾਜ਼ ਆਪਣੇ-ਆਪ ਵਿੱਚ ਬੌਣਾ ਜਿਹਾ ਜਾਪਦਾ ਹੈ। ਲੱਗਦਾ ਹੈ ਕਿ ਧੀਆਂ ਦੀ ਲੋਹੜੀ ਮਨਾਉਣ ਦਾ ਰਿਵਾਜ਼ ਮਹਿਜ਼ ਇੱਕ ਨਵੀਂ ਪਿਰਤ ਤੋਂ ਅਗਾਂਹ ਕੁੱਝ ਵੀ ਨਹੀਂ। ਕਿਉਂਕਿ ਧੀਆਂ ਤਾਂ ਅੱਜ ਵੀ ਪਹਿਲਾਂ ਵਾਂਗ ਹੀ ਦਾਜ ਦੀ ਬਲੀ ਚੜ੍ਹ ਰਹੀਆਂ ਹਨ। ਧੀਆਂ ਤਾਂ ਅੱਜ ਵੀ ਪਹਿਲਾਂ ਵਾਂਗ ਹੀ ਕੁੱਖ ਵਿੱਚ ਕਤਲ ਹੋ ਰਹੀਆਂ ਹਨ। ਧੀਆਂ ਤਾਂ ਅੱਜ ਵੀ ਮਰਦ ਪ੍ਰਧਾਨ ਸਮਾਜ ਦੇ ਵਹਿਸ਼ੀਪੁਣੇ ਦਾ ਸ਼ਿਕਾਰ ਹਨ। ਧੀਆਂ ਤਾਂ ਅੱਜ ਵੀ ਪੈਸੇ ਦੇ ਲਾਲਚ ਵਿਚ ਵੇਚੀਆਂ ਜਾ ਰਹੀਆਂ ਹਨ।

ਧੀਆਂ ਦੀ ਲੋਹੜੀ ਮਨਾਉਣ ਦੇ ਪ੍ਰਚਲਿਤ ਹੋ ਰਹੇ ਰਿਵਾਜ ਨੂੰ ਅਸਲੀ ਮਾਈਨਿਆਂ ਤਕ ਪਹੁੰਚਾਉਣ ਲਈ ਸੋਚ ਵਿਚ ਬਦਲਾਅ ਜ਼ਰੂਰੀ ਹੈ। ਮਹਿਜ਼ ਲੋਹੜੀ ਮਨਾ ਲੈਣ ਨਾਲ ਧੀਆਂ ਦਾ ਕੁੱਝ ਸੰਵਰਨ ਵਾਲਾ ਨਹੀਂ। ਇਸ ਰਿਵਾਜ ਨੂੰ ਮੰਜ਼ਲੇ ਮਕਸੂਦ ਤਕ ਪਹੁੰਚਾਉਣ ਲਈ ਧੀਆਂ ਨੂੰ ਧੁਰ ਅੰਦਰੋਂ ਪੁਤਰਾਂ ਬਰਾਬਰ ਰੁਤਬਾ ਦੇਣਾ ਪਵੇਗਾ, ਜੋ ਅਜੇ ਤਕ ਅਸਲੀਅਤ ਵਿਚ ਨਹੀਂ ਦਿਤਾ ਜਾ ਸਕਿਆ। ਧੀਆਂ ਲਈ ਸੁਰੱਖਿਅਤ ਵਾਤਾਵਰਣ ਸਿਰ-ਜਣਾ ਹੋਵੇਗਾ ਤਾਕਿ ਧੀਆਂ ਨੂੰ ਇਕੱਲਿਆਂ ਚਲਦਿਆਂ ਜਾਂ ਰਹਿੰਦਿਆਂ ਕੋਈ ਡਰ -ਭੈਅ ਨਾ ਰਹੇ। ਔਰਤ ਨੂੰ ਔਰਤ ਜਾਤੀ ਦੀ ਮਜ਼ਬੂਤੀ ਲਈ ਪੁਰਸ਼ਾਂ ਨਾਲੋਂ ਜ਼ਿਆਦਾ ਪਹਿਲ ਕਰਨ ਦੀ ਜ਼ਰੂਰਤ ਹੈ। ਅਸਲ ਵਿਚ ਧੀਆਂ ਦੀ ਲੋਹੜੀ ਮਨਾਉਣ ਦਾ ਰਿਵਾਜ ਉਸ ਦਿਨ ਅਪਣੇ ਮੰਜ਼ਲੇ ਮਕਸੂਦ ਤਕ ਪਹੁੰਚਿਆ ਸਮਝਿਆ ਜਾਵੇਗਾ ਜਿਸ ਦਿਨ ਸਾਡਾ ਸਮਾਜ ਧੀਆਂ ਜਾਂ ਪੁਤਰਾਂ ਦੀ ਲੋਹੜੀ ਮਨਾਉਣੀ ਬੰਦ ਕਰ ਕੇ 'ਬੱਚਿਆਂ ਦੀ ਲੋਹੜੀ' ਮਨਾਉਣੀ ਸ਼ੁਰੂ ਕਰੇਗਾ। ਕਿਉਂਕਿ 'ਧੀਆਂ ਦੀ ਲੋਹੜੀ' ਸ਼ਬਦ ਤਾਂ ਆਪਣੇ-ਆਪ ਵਿੱਚ ਹੀ 'ਲੜਕੇ' ਤੇ 'ਲੜਕੀ' ਵਿਚਲੇ ਭੇਦਭਾਵ ਦਾ ਪ੍ਰਤੀਕ ਹੋ ਨਿਬੜਦਾ ਹੈ।

# ਕੈਨੇਡਾ ਦੀ ਧਰਤੀ 'ਤੇ ਗੱਦਰ ਲਹਿਰ ਦਾ ਬੂਟਾ ਲਾਉਣ ਵਾਲੇ ਮੋਢੀ ਸਿੱਖ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ

-ਡਾ ਗੁਰਵਿੰਦਰ ਸਿੰਘ


2023 ਵਰ੍ਹੇ ਦੀ ਪਹਿਲੀ ਜਨਵਰੀ ਦਾ ਸੂਰਜ ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਤੱਕਣ ਦਾ ਸਬੱਬ ਬਣਿਆ। ਸੰਸਾਰ ਦੇ ਇਤਿਹਾਸ ਵਿਚ ਬਸਤੀਵਾਦ ਅਤੇ ਗੁਲਾਮੀ ਦੀ ਜੜ੍ਹ 'ਲੰਡਨ' ਵਿੱਚ, ਯੋਧੇ ਸ਼ਹੀਦ ਊਧਮ ਸਿੰਘ ਵੱਲੋਂ ਮਾਈਕਲ ਓਡਵਾਇਰ ਨੂੰ ਸੋਧਣ ਵਾਲੀ ਜਗ੍ਹਾ ਕੈਕਸਟਨ ਹਾਲ ਵਿਖੇ ਪਹੁੰਚ ਕੇ ਇਉਂ ਮਹਿਸੂਸ ਹੋਇਆ, ਜਿਵੇਂ ਸਿੱਖਾਂ, ਪੰਜਾਬੀਆਂ ਅਤੇ ਭਾਰਤ ਵਾਸੀਆਂ ਦੀ ਹੀ ਨਹੀਂ, ਸਗੋਂ ਗੁਲਾਮੀ ਵਿਰੁੱਧ ਲੜਨ ਵਾਲੇ ਦੁਨੀਆਂ ਦੇ ਹਰ ਬਸ਼ਿੰਦੇ ਦੀ ਡਿੱਗੀ ਪੱਗ, ਸਿਰ ਰੱਖਣ ਵਾਲੇ ਯੋਧੇ ਦੀ ਦਾਸਤਾਨ ਅੱਖਾਂ ਸਾਹਮਣੇ ਆ ਗਈ ਹੋਵੇ। ਉਂਝ ਚਾਹੇ ਅਧੂਰਾ ਹੀ ਸਹੀ, ਪਰ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਿਤੇ ਨਾ ਕਿਤੇ ਥੋੜ੍ਹਾ-ਬਹੁਤਾ ਜ਼ਰੂਰ ਮਿਲਦਾ ਹੈ, ਪਰ ਦੂਸਰੇ ਪਾਸੇ ਕੈਨੇਡਾ ਦੇ ਸਿੱਖ ਸ਼ਹੀਦ ਅਤੇ ਗ਼ਦਰ ਦਾ ਬੂਟਾ ਲਗਾਉਣ ਵਾਲੇ ਗ਼ਦਰ ਲਹਿਰ ਦੇ ਮਹਾਨ ਯੋਧੇ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ ਜ਼ਿਕਰ ਨਾਂ ਮਾਤਰ ਵੀ ਨਹੀਂ ਮਿਲਦਾ। ਇਹ ਜਾਣਦਿਆਂ ਕਈਆਂ ਨੂੰ ਹੈਰਾਨੀ ਹੋਵੇਗੀ ਕਿ ਭਾਈ ਮੇਵਾ ਸਿੰਘ ਲੋਪੋਕੇ, ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਉਹਨਾਂ ਕੈਨੇਡਾ ਅੰਦਰ ਉਸ ਸਮੇਂ ਦੇ ਨਸਲਵਾਦ ਅਤੇ ਭਾਰਤ ਵਿਚਲੇ ਬਸਤੀਵਾਦ ਖ਼ਿਲਾਫ਼ ਜੂਝਦਿਆਂ ਸ਼ਹੀਦੀ ਪਾਈ।

ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਦਾ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹ ਸ਼ਹਾਦਤ ਹੀ ਅੱਗਿਓ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਸਣੇ, ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। 1914 ਈ. ਨੂੰ ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿਚ, ਇਕ ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਬਦਨਾਮ ਜਾਸੂਸ ਅਤੇ ਐਂਗਲੋ-ਇੰਡੀਅਨ ਅਧਿਕਾਰੀ ਹਾਪਕਿਨਸਨ ਨੂੰ ਸੋਧਿਆ ਸੀ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ ਜਾ ਕੇ ਮਾਈਕਲ ਓਡਵਾਇਰ ਨੂੰ 1940 ਵਿੱਚ ਸੋਧਣ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ। ਦੁੱਖਦਾਈ ਗੱਲ ਇਹ ਹੈ ਕਿ ਇਹ ਮਹਾਨ ਸ਼ਹੀਦੀ ਕਾਰਨਾਮਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਘੱਟੋ-ਘੱਟ ਪੰਜਾਬ ਦੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਸ਼ਹਾਦਤ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜ਼ਲ੍ਹਿ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਨੰਦ ਸਿੰਘ ਔਲਖ ਦੇ ਘਰ ਹੋਇਆ। 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਮੇਵਾ ਸਿੰਘ ਵੀ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ। ਉਨ੍ਹਾਂ ਦਿਨੀਂ ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ।

ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਨਸਲਵਾਦ ਅਤੇ ਸਥਾਪਤੀ ਦੇ ਖ਼ਿਲਾਫ਼, ਸਿੱਖ ਇਤਿਹਾਸ ਦੇ ਕੁਰਬਾਨੀਆਂ ਭਰੇ ਜਜ਼ਬੇ ਤੋਂ ਪ੍ਰੇਰਨਾ ਵਜੋਂ ਭਾਈ ਮੇਵਾ ਸਿੰਘ ਲੋਪੋਕੇ ਅੰਦਰ ਆਜ਼ਾਦੀ ਦੀ ਚਿਣਗ, ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਵਿਚਲੇ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਥੇ ਹੀ 21 ਜੂਨ 1908 ਨੂੰ ਗੁਰਦੁਆਰਾ ਸਾਹਿਬ ਵਿਖੇ ਭਾਈ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਆਪ ਗੁਰੂ ਘਰ ਵਿਖੇ ਕੀਰਤਨ ਦੀ ਸੇਵਾ ਕਰਿਆ ਕਰਦੇ ਸਨ। ਹੱਕ, ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਕਿੰਨੀ ਪ੍ਰਬਲ ਅਤੇ ਦ੍ਰਿੜ ਸੀ ਕਿ ਉਹਨਾਂ ਨੇ ਅਜੇ ਵਿਆਹ ਨਹੀਂ ਸੀ ਕਰਵਾਇਆ ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ।

ਸ਼ਹੀਦ ਮੇਵਾ ਸਿੰਘ ਦੇ ਜੀਵਨ 'ਤੇ ਗੁਰੂ ਨਾਨਕ ਜਹਾਜ਼, ਕਾਮਾਗਾਟਾਮਾਰੂ ਜਹਾਜ਼ ਨੂੰ ਕੈਨੇਡਾ ਤੋਂ ਵਾਪਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼' ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ 'ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਰਾਂ ਨੂੰ ਕੈਨੇਡਾ ਦਾਖਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ ਕਾਮਾਗਾਟਾਮਾਰੂ ਦੇ ਵਾਪਸ ਜਾਣ ਤੋਂ ਪਹਿਲਾਂ ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ



ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਸੁਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਨੂੰ ਹਿੰਦ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗੱਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ ਗੁਰੂ ਨਾਨਕ ਜਹਾਜ਼ ਕਾਮ-'ਗਾਟਾਮਾਰੂ ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗੱਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਪ੍ਰਮੁੱਖ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਅਰਦਾਸ ਮੌਕੇ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ। ਇਹ ਕਹਿਣਾ ਬਿਲਕੁਲ ਗਲਤ ਨਹੀਂ ਹੋਵੇਗਾ ਕਿ ਜਿਵੇਂ ਪੰਜ ਸਾਲ ਮਗਰੋਂ ਜਲ੍ਹਿਆਂਵਾਲੇ ਬਾਗ ਅੰਦਰ ਇੱਕਠੇ ਹੋਏ ਲੋਕਾਂ ਜ਼ਾਲਮ ਡਾਇਰ, ਓਡਵਾਇਰ ਵਲੋਂ ਗੋਲੀਆਂ ਚਲਾਈਆਂ ਗਈਆਂ ਸਨ, ਉਸੇ ਤਰ੍ਹਾਂ ਗੁਰਦੁਆਰਾ ਸਾਹਿਬ ਵੈਨਕੂਵਰ ਅੰਦਰ ਜ਼ਾਲਮ ਵਿਲੀਅਮ ਹਾਪਕਿਨਸਨ ਦੇ ਇਸ਼ਾਰੇ 'ਤੇ ਸੰਗਤਾਂ ਉੱਪਰ ਗੋਲੀਆਂ ਚਲਾਈਆਂ ਗਈਆਂ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਰਦਨਾਕ ਪੰਨਾ ਸੀ, ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਗੁਰਦੁਆਰਾ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਵਾਪਰੀ ਇਸ ਘਟਨਾ ਨੇ ਭਾਈ ਸਾਹਿਬ ਦੇ ਮਨ ਨੂੰ ਪੂਰੀ ਤਰ੍ਹਾਂ ਝੰਜੋੜ ਦਿੱਤਾ ਸੀ। ਉਨ੍ਹਾਂ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ।

21 ਅਕਤੂਬਰ 1914 ਨੂੰ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ ਵਿੱਚ ਤਾਣਦੀਆਂ ਸਾਰ ਹੀ ਗੋਲੀਆਂ ਦਾਗ਼ ਦਿੱਤੀਆਂ। ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। 30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ 'ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਚਾਓ ਪੱਖ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ।

ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਇੰਟਰਪਰੇ-ਟਰ ਮਿਸਟਰ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ, ਜਿਨ੍ਹਾਂ ਨੂੰ ਪੰਜਾਬੀ ਵਿਚ ਅਨੁ-ਵਾਦਤ ਕਰਦਿਆਂ ਇਤਿਹਾਸਕਾਰ ਸੋਹਣ ਸਿੰਘ ਪੂਨੀ ਨੇ ਇਉਂ ਲਿਖਿਆ ਹੈ: "ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁ-ਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰੁਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ। ਇਹ ਸਭ ਕਾਸੇ ਲਈ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ।"

"ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋ਼ਲੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।"

ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਵਿਚ ਆਏ ਭਾਰਤੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ, ਖਾਸ ਕਰਕੇ ਸਿੱਖਾਂ ਨਾਲ ਹੋ ਰਹੇ ਵਰਤਾਉ ਦੀ ਦਿਲ ਕੰਬਾਊ ਤਸਵੀਰ ਪੇਸ਼ ਕੀਤੀ ਹੈ। ਆਪਣੇ ਸ਼ਬਦਾਂ 'ਚ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ।

11 ਜਨਵਰੀ 1915 ਈ. ਨੂੰ ਨਿਊਵੈਸਟਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ "ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ" ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਇਹ ਵੀ ਇਤਫ਼ਾਕ ਦੀ ਗੱਲ ਹੈ ਕਿ ਜਿਹੜਾ ਦਿਨ ਭਾਈ ਮੇਵਾ ਸਿੰਘ ਜੀ ਦੀ ਸ਼ਹੀਦੀ ਦਾ ਹੈ, ਉਸ ਦੇ ਨੇੜ-ਤੇੜ ਅਸੀਂ ਆਪਣੇ ਘਰਾਂ ਵਿੱਚ ਲੋਹੜੀ ਬਾਲਦੇ ਹਾਂ, ਪਰ ਇਹ ਭੁੱਲ ਜਾਂਦੇ ਹਾਂ ਕਿ ਭਾਈ ਮੇਵਾ ਸਿੰਘ ਨੇ ਆਪ ਗ੍ਰਹਿਸਥੀ ਜੀਵਨ ਅਤੇ ਘਰ ਦਾ ਦੀਵਾ ਨਾ ਬਾਲ ਕੇ, ਸਾਡੇ ਘਰਾਂ ਦੇ ਦੀਵੇ ਰੌਸ਼ਨ ਕੀਤੇ ਸਨ, ਪਰ ਅਸੀਂ ਅਕਿਰਤਘਣ ਹੋ ਕੇ ਇਸ ਗੱਲ ਪ੍ਰਤੀ ਖਿਆਲ ਨਹੀਂ ਰੱਖਦੇ। ਭਾਈ ਮੇਵਾ ਸਿੰਘ ਜੀ ਦਾ ਸ਼ਹੀਦੀ ਦਿਨ ਸਾਨੂੰ ਸਭਨਾਂ ਨੂੰ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ।

ਭਾਈ ਸਾਹਿਬ ਦੀ ਸ਼ਹਾਦਤ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਲੰਮੀ ਜੰਗ ਦੀ ਪ੍ਰਤੀਕ ਹੈ, ਜੋ ਅੱਜ ਵੀ ਜਾਰੀ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਨਸਲਵਾਦ ਅਤੇ ਬਸਤੀਵਾਦ ਦਾ ਅੱਜ ਨਵਾਂ ਰੂਪ ਵੇਖਣ ਨੂੰ ਮਿਲ ਰਿਹਾ ਹੈ, ਅੱਜ ਹੋਰ ਵੀ ਵਧ ਖ਼ਤਰਨਾਕ ਹੈ। ਇਕ ਪਾਸੇ ਭਾਈ ਮੇਵਾ ਸਿੰਘ ਸ਼ਹੀਦ ਵਰਗੇ ਯੋਧਿਆਂ ਨੇ ਭਾਰਤ ਅੰਦਰੋਂ ਨਸਲਵਾਦ ਅਤੇ ਬਸਤੀਵਾਦੀ ਦੀ ਜੜ੍ਹ ਪੁੱਟਣ ਲਈ ਸ਼ਹੀਦੀਆਂ ਪਾਈਆਂ, ਦੂਜੇ ਪਾਸੇ ਅੱਜ ਭਾਰਤ ਅੰਦਰ ਨਵ- ਬਸਤੀਵਾਦ ਭਾਰੂ ਹੋ ਚੁੱਕਿਆ ਹੈ, ਜਿਸ ਦੀ ਜੜ੍ਹ ਪੁੱਟਣ ਲਈ ਅੱਜ ਫੇਰ ਏਕੇ ਦੀ ਲੋੜ ਹੈ।

ਇਕ ਹੋਰ ਦੁਖਦਾਈ ਪਹਿਲੂ ਇਹ ਹੈ ਕਿ ਕੈਨੇਡਾ ਦੇ ਇਤਿਹਾਸ ਵਿਚ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਅਜੇ ਵੀ 'ਸ਼ਹੀਦ ਦੀ ਥਾਂ ਤੇ ਮੁਜਰਿਮ' ਕਰਾਰ ਦਿੱਤੇ ਹੋਏ ਹਨ। ਅਜੇਹੇ ਗਲਤ ਇਤਿਹਾਸ ਨੂੰ ਠੀਕ ਕਰਾਉਣ ਦੀ ਲੋੜ ਹੈ। ਧੰਨਵਾਦ ਕਰਨਾ ਬਣਦਾ ਹੈ ਸਿਟੀ ਆਫ ਨਿਊ ਵੈਸਟਮਿਨਸਟਰ ਦੇ ਸਾਬਕਾ ਕੌਂਸਲਰ ਚਕ ਪਕ ਮਾਇਰ ਦਾ, ਜਿਨ੍ਹਾਂ ਨੇ ਭਾਈ ਮੇਵਾ ਸਿੰਘ ਦੀ ਸ਼ਹੀਦੀ ਨੂੰ ਯਾਦ ਕੀਤਾ ਅਤੇ 11 ਜਨਵਰੀ ਦੇ ਦਿਨ 'ਭਾਈ ਮੇਵਾ ਸਿੰਘ ਦਿਹਾੜਾ' ਘੋਸ਼ਿਤ ਕਰਵਾਇਆ ਸੀ, ਪਰ ਦੁੱਖ ਹੈ ਕਿ ਭਾਰਤੀ ਮੂਲ ਦੇ ਕੈਨੇਡੀਅਨ ਸਿਆਸਤਦਾਨ ਇਸ ਬਾਰੇ ਚੁੱਪ ਹਨ। ਇਸ ਸਬੰਧ ਵਿਚ 14 ਜਨਵਰੀ ਨੂੰ, ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਗੁਰਦੁਆਰਾ ਸਾਹਿਬ ਨਿਊ ਵੈਸਟਮਿਨਸਟਰ ਵੱਲੋਂ ਵਿਸ਼ੇਸ਼ ਸੈਮੀਨਾਰ, ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਕਰਵ-'ਇਆ ਜਾ ਰਿਹਾ ਹੈ। ਇਸ ਮੌਕੇ 'ਤੇ ਸਭ ਨੂੰ ਵੱਧ-ਚੜ੍ਹ ਕੇ ਸ਼ਾਮਲ ਹੋਣ ਦੀ ਗੁਜ਼ਾਰਿਸ਼ ਕੀਤੀ ਜਾਂਦੀ ਹੈ।

# ਗ੍ਰੇਡੇਸ਼ਨ - ਕੀ ਇਹ ਕਿਸੇ ਦੀ ਯੋਗਤਾ ਜਾਂ ਗਿਆਨ ਦਾ ਮੁਲਾਂਕਣ ਕਰਨ ਦਾ ਸਹੀ ਤਰੀਕਾ ਹੈ?

-ਵਿਜੈ ਗਰਗ-

ਗ੍ਰੇਡ ਕਿਸੇ ਵਿਸ਼ੇ, ਖੇਤਰ ਜਾਂ ਖੇਤਰ ਵਿੱਚ ਕਿਸੇ ਵਿਅਕਤੀ ਦੀ ਯੋਗਤਾ ਦੇ ਪ੍ਰਮਾਣਿਤ ਮਾਪਾਂ ਦਾ ਹਵਾਲਾ ਦਿੰਦੇ ਹਨ। ਗ੍ਰੇਡਾਂ ਨੂੰ ਅੱਖਰਾਂ ਵਿੱਚ ਨਿਰਧਾਰਤ ਕੀਤਾ ਜਾ ਸਕਦਾ ਹੈ, ਉਦਾਹਰਨ ਲਈ, ਏ, ਬੀ, ਸੀ, ਡੀ, ਈ, ਐਫ, ਇੱਕ ਰੇਂਜ ਦੇ ਤੌਰ 'ਤੇ ਉਦਾਹਰਨ ਲਈ 4.0 - 1.0, ਵਰਣਨਕਰਤਾ ਵਜੋਂ, ਉਦਾਹਰਨ ਲਈ, ਸ਼ਾਨਦਾਰ, ਸ਼ਾਨਦਾਰ, ਤਸੱਲੀਬਖਸ਼, ਸੁਧਾਰ ਦੀ ਲੋੜ ਹੈ, ਪ੍ਰਤੀਸ਼ਤ ਵਿੱਚ, ਜਾਂ ਇੱਕ ਗ੍ਰੇਡ ਪੁਆਇੰਟ ਔਸਤ (ਜੀਪੀਏ) ਵਜੋਂ। ਇਸ ਤਰ੍ਹਾਂ ਅਕਾਦਮਿਕ ਅਰਥਾਂ ਵਿੱਚ ਗ੍ਰੇਡੇਸ਼ਨ ਦਾ ਮਤਲਬ ਇੱਕ ਗ੍ਰੇਡਡ ਲੜੀ ਵਿੱਚ ਇੱਕ ਰਿਸ਼ਤੇਦਾਰ ਸਥਿਤੀ ਹੈ। ਜੀਪੀਏ ਦੀ ਵਰਤੋਂ ਵਿਦਿਅਕ ਸੰਸਥਾਵਾਂ ਦੁਆਰਾ ਵਿਦਿਅਕ ਮੁਲਾਂਕਣ ਅਤੇ ਮੁਲਾਂਕਣ ਲਈ ਅਤੇ ਵਿਦਿਆਰਥੀਆਂ ਦੀ ਸੰਭਾਵਨਾ ਅਤੇ ਤਰੱਕੀ ਨੂੰ ਮਾਪਣ ਲਈ ਕੀਤੀ ਜਾ ਸਕਦੀ ਹੈ। ਸੰਪੂਰਨਤਾ ਅਤੇ ਚੰਗੀ ਪੇਸ਼ਕਾਰੀ ਨੂੰ ਉਤਸ਼ਾਹਿਤ ਕਰਨ ਲਈ ਅੰਕ ਆਮ ਤੌਰ 'ਤੇ ਪ੍ਰਤੀਸ਼ਤ ਵਿੱਚ ਦਿੱਤੇ ਜਾਂਦੇ ਹਨ। ਕੁਝ ਸਕੂਲ ਅਕਸਰ ਪ੍ਰਾਇਮਰੀ ਸਕੂਲ ਵਿੱਚ ਹੇਠਲੀਆਂ ਜਮਾਤਾਂ ਵਿੱਚ ਵੀ ਗ੍ਰੇਡ ਦਿੰਦੇ ਹਨ। ਉੱਚ ਸ਼੍ਰੇਣੀਆਂ ਵਿੱਚ, ਦਰਜਾਬੰਦੀ ਲਈ ਦੋ ਦਸ਼ਮਲਵ ਤੱਕ ਪ੍ਰਤੀਸ਼ਤ ਦੇ ਅੰਤਰ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਬੋਰਡ ਦੀਆਂ ਪ੍ਰੀਖਿਆਵਾਂ ਪੂਰੇ ਭਾਰਤ ਵਿੱਚ 10ਵੀਂ ਅਤੇ 12ਵੀਂ ਜਮਾਤ ਵਿੱਚ ਵਿਦਿਆਰਥੀਆਂ ਦੁਆਰਾ ਦਿੱਤੀਆਂ ਜਾਂਦੀਆਂ ਹਨ, ਰਿਪੋਰਟ ਕਾਰਡ ਵਿੱਚ ਹਰੇਕ ਵਿਸ਼ੇ ਵਿੱਚ ਪ੍ਰਾਪਤ ਅੰਕ ਵੀ ਪੇਸ਼ ਕਰਦੇ ਹਨ। ਕਾਲਜਾਂ ਵਿੱਚ, ਇੱਕ ਪ੍ਰਤੀਸ਼ਤ ਜਾਂ ਜੀਪੀਏ ਪ੍ਰਣਾਲੀ ਵਿਕ-ਲਪਿਕ ਤੌਰ 'ਤੇ ਵੱਖ-ਵੱਖ ਸੰਸਥਾਵਾਂ ਦੁਆਰਾ ਪਾਲਣਾ ਕੀਤੀ ਜਾਂਦੀ ਹੈ। ਪਰ ਜ਼ਿਆਦਾਤਰ, ਪ੍ਰਤੀਸ਼ਤ ਵਰਤੇ ਜਾਂਦੇ ਹਨ. ਬਹੁਤ ਸਾਰੇ ਸਕੂਲਾਂ ਲਈ 12ਵੀਂ-ਗਰੇਡ ਤੱਕ 90% ਤੋਂ ਉੱਪਰ ਦੀ ਉੱਚ ਪ੍ਰਤੀਸ਼ਤਤਾ ਇੱਕ ਵਿਦਿਆਰਥੀ ਦੀ ਸ਼ਾਨਦ-ਾਰ ਗੁਣਵੱਤਾ ਨੂੰ ਦਰਸਾਉਂਦੀ ਹੈ ਜਦੋਂ ਕਿ ਬਹੁਤ ਸਾਰੇ ਅੰਡਰਗਰੈਜੂਏਟ ਅਤੇ ਗ੍ਰੈਜੂਏਟ ਕੋਰਸਾਂ ਵਿੱਚ 65% ਤੋਂ ਵੱਧ ਸਕੋਰ ਪ੍ਰਾਪਤ ਕਰਨਾ ਵੀ ਬਹੁਤ ਮੁਸ਼ਕਲ ਹੁੰਦਾ ਹੈ, ਹਾਲਾਂਕਿ ਇਹ ਬੋਰਡ ਜਾਂ ਯੂਨੀਵਰਸਿਟੀ ਦੇ ਆਧਾਰ 'ਤੇ ਵੱਖ-ਵੱਖ ਹੁੰਦਾ ਹੈ। ਇੱਕ ਸੰਚਤ ਗ੍ਰੇਡ ਪੁਆਇੰਟ ਔਸਤ ਇੱਕ ਦਿੱਤੇ ਅਕਾਦਮਿਕ ਸਾਲ ਦੇ ਅੰਦਰ ਸਾਰੀਆਂ ਅਕਾਦਮਿਕ ਸ਼ਰਤਾਂ ਤੋਂ ਔਸਤ ਜੀਪੀਏ ਹੁੰਦਾ ਹੈ, ਜਦੋਂ ਕਿ ਜੀਪੀਏ ਸਿਰਫ਼ ਇੱਕ ਮਿਆਦ ਦਾ ਹਵਾਲਾ ਦੇ ਸਕਦਾ ਹੈ। ਬਹੁਤੇ ਦੇਸ਼ਾਂ ਵਿੱਚ ਵਿਅਕਤੀਗਤ ਗਰੇਡਿੰਗ ਪ੍ਰਣਾਲੀਆਂ ਉਹਨਾਂ ਦੇ ਆਪਣੇ ਸਕੂਲਾਂ ਲਈ ਵਿਲੱਖਣ ਹੁੰਦੀਆਂ ਹਨ। ਹਾਲਾਂਕਿ, ਗਰੇਡਿੰਗ ਲਈ ਕਈ ਅੰਤਰਰਾਸ਼ਟਰੀ ਮਾਪਦੰਡ ਹਾਲ ਹੀ ਵਿੱਚ ਪੈਦਾ ਹੋਏ ਹਨ।

ਭਾਰਤ ਵਿੱਚ ਗਰੇਡਿੰਗ ਸਿਸਟਮ ਵੱਖ-ਵੱਖ ਹੁੰਦਾ ਹੈ। ਹਾਲਾਂਕਿ, ਗ੍ਰੇਡਿੰਗ ਦਾ ਸਭ ਤੋਂ ਪ੍ਰਮੁੱਖ ਰੂਪ ਪ੍ਰਤੀਸ਼ਤ ਪ੍ਰਣਾਲੀ ਹੈ। ਇੱਕ ਇਮਤਿਹਾਨ ਵਿੱਚ ਕਈ ਪ੍ਰਸ਼ਨ ਹੁੰਦੇ ਹਨ ਜਿਨ੍ਹਾਂ ਵਿੱਚੋਂ ਹਰ ਇੱਕ ਕ੍ਰੈਡਿਟ ਦਿੰਦਾ ਹੈ। ਸਾਰੇ ਪ੍ਰਸ਼ਨਾਂ ਲਈ ਕ੍ਰੈਡਿਟ ਦਾ ਜੋੜ ਆਮ ਤੌਰ 'ਤੇ 100 ਤੱਕ ਗਿਣਿਆ ਜਾਂਦਾ ਹੈ। ਇੱਕ ਵਿਦਿਆਰਥੀ ਨੂੰ ਦਿੱਤਾ ਗਿਆ ਗ੍ਰੇਡ ਪ੍ਰੀਖਿਆ ਵਿੱਚ ਪ੍ਰਾਪਤ ਕੀਤੀ ਪ੍ਰਤੀਸ਼ਤਤਾ ਹੈ। ਇੱਕ ਇਮਤਿਹਾਨ ਵਿੱਚ ਲਏ ਗਏ ਸਾਰੇ ਵਿਸ਼ਿਆਂ ਦੀ ਪ੍ਰਤੀਸ਼ਤਤਾ ਸਾਲ ਦੇ ਅੰਤ ਵਿੱਚ ਦਿੱਤਾ ਗਿਆ ਗ੍ਰੇਡ ਹੈ। ਪ੍ਰਤੀਸ਼ਤ ਪ੍ਰਣਾਲੀ ਸਕੂਲ ਅਤੇ ਯੂਨੀਵਰਸਿਟੀ ਦੋਵਾਂ ਵਿੱਚ ਵਰਤੀ ਜਾਂਦੀ ਹੈ। ਭਾਰਤ ਸਰਕਾਰ ਨੇ 31 ਅਗਸਤ 2009 ਨੂੰ ਘੋਸ਼ਣਾ ਕੀਤੀ ਕਿ ਇਹ ਸਾਰੇ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐਸਈ) ਸਕੂਲਾਂ ਵਿੱਚ ਗਰੇਡਿੰਗ ਪ੍ਰਣਾਲੀ ਲਾਗੂ ਕਰੇਗੀ।

ਗ੍ਰੇਡੇਸ਼ਨ/ਗ੍ਰੇਡਿੰਗ ਸਿਸਟਮ ਦੇ ਫਾਇਦੇ

ਇਹ ਸਿਸਟਮ ਵਿਦਿਆਰਥੀਆਂ ਦੀ ਪ੍ਰਾਪਤੀ ਸਥਿਤੀ ਨੂੰ ਉਹਨਾਂ ਦੇ ਮਾਪਿਆਂ ਅਤੇ ਹੋਰਾਂ ਤੱਕ ਪਹੁੰਚਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਲੈਟਰ ਗ੍ਰੇਡ ਮਾਪਿਆਂ ਅਤੇ ਹੋਰਾਂ ਨੂੰ ਵਿਦਿਆਰਥੀਆਂ ਦੀ ਪ੍ਰਾਪਤੀ ਅਤੇ ਉਹਨਾਂ ਦੇ ਪ੍ਰਦਰਸ਼ਨ ਦੀ ਉਚਿਤਤਾ ਦਾ ਸੰਖੇਪ ਵਰਣਨ ਪੇਸ਼ ਕਰਦੇ ਹਨ।

ਇਹ ਕਿਸੇ ਦੀਆਂ ਪ੍ਰਾਪਤੀਆਂ ਅਤੇ ਨੁਕਸ ਦਾ ਸਪੱਸ਼ਟ ਸੰਕੇਤ ਹੈ। ਸਿੱਖਣ ਦੇ ਸੰਬੰਧ ਵਿੱਚ, ਇਸਨੂੰ ਆਮ ਤੌਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਦੁਆਰਾ ਸਵੀਕਾਰ ਕੀਤਾ ਜਾਂਦਾ ਹੈ ਕਿਉਂਕਿ ਇਸਨੂੰ ਵਧੀਆ ਮੰਨਿਆ ਜਾਂਦਾ ਹੈ।

ਗ੍ਰੇਡਾਂ ਦੀ ਮੌਜੂਦਗੀ ਅਤੇ ਹੋਰ ਰਿਪੋਰਟਿੰਗ ਵਿਧੀਆਂ ਇਹ ਨਿਰਧਾਰਤ ਕਰਨ ਲਈ ਮਹੱਤਵਪੂਰਨ ਕਾਰਕ ਹਨ ਕਿ ਵਿਦਿਆਰਥੀ ਕਿੰਨੀ ਮਿਹਨਤ ਕਰਦੇ ਹਨ। ਜ਼ਿਆਦਾਤਰ ਵਿਦਿਆਰਥੀ ਉੱਚ ਗ੍ਰੇਡਾਂ ਨੂੰ ਆਪਣੀ ਸਫਲਤਾ ਦੀ ਸਕਾਰਾਤਮਕ ਮਾਨਤਾ ਵਜੋਂ ਦੇਖਦੇ ਹਨ ਅਤੇ ਕੁਝ ਘੱਟ ਗ੍ਰੇਡਾਂ ਦੇ ਨਤੀਜਿਆਂ ਤੋਂ ਬਚਣ ਲਈ ਸਖ਼ਤ ਮਿਹਨਤ ਕਰਦੇ ਹਨ।

ਇਹ ਵਿਦਿਆਰਥੀਆਂ ਨੂੰ ਆਪਣੇ ਸਵੈ-ਮੁਲਾਂਕਣ ਲਈ ਵੀ ਜਾਣਕਾਰੀ ਪ੍ਰਦਾਨ ਕਰਦਾ ਹੈ।



ਇਹ ਵਿਦਿਆਰਥੀਆਂ ਦੀ ਚੋਣ, ਉਹਨਾਂ ਦੇ ਲਾਭ ਲਈ ਕੁਝ ਵਿਦਿਅਕ ਮਾਰਗ ਜਾਂ ਪ੍ਰੋਗਰਾਮ ਪ੍ਰਦਾਨ ਕਰਨ ਲਈ ਉਹਨਾਂ ਦੀ ਪਛਾਣ ਦੀ ਸਹੂਲਤ ਦਿੰਦਾ ਹੈ।

ਗਰੇਡਿੰਗ ਸਿਸਟਮ ਵਿਦਿਆਰਥੀਆਂ ਨੂੰ ਸਿੱਖਣ ਲਈ ਪ੍ਰੋਤਸਾਹਨ ਵੀ ਪ੍ਰਦਾਨ ਕਰਦਾ ਹੈ ਅਤੇ ਉਹਨਾਂ ਨੂੰ ਵਧੀਆ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਇਹ ਨਿਰਦੇਸ਼ਕ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਦੇ ਹੋਰ ਮੁਲਾਂਕਣ ਲਈ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਦਸਤਾਵੇਜ਼ੀ ਬਣਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ।

ਗਰੇਡਿੰਗ ਪ੍ਰਣਾਲੀ ਵਿਦਿਆਰਥੀਆਂ ਨੂੰ ਛੋਟੀਆਂ ਅਤੇ ਬਿਹਤਰ-ਪ੍ਰਭਾਸ਼ਿਤ ਸ਼੍ਰੇਣੀਆਂ ਵਿੱਚ ਵੀ ਵੱਖ ਕਰਦੀ ਹੈ।

ਸਿਸਟਮ ਇੱਕ ਅਧਾਰ ਬਣਾਉਂਦਾ ਹੈ ਜਿਸ 'ਤੇ ਯੂਨੀਵਰਸਿਟੀ ਆਪਣੀ ਨੀਂਹ ਪਹਿਲਾਂ ਨਾਲੋਂ ਮਜ਼ਬੂਤ ਬਣਾ ਸਕਦੀ ਹੈ।

ਵਿਦਿਆਰਥੀਆਂ ਦੀ ਸਿੱਖਣ ਦੀ ਪ੍ਰਗਤੀ ਦੀ ਨਿਯਮਤ ਜਾਂਚ ਸਫਲ ਅਧਿਆਪਨ ਦਾ ਇੱਕ ਜ਼ਰੂਰੀ ਪਹਿਲੂ ਹੈ।

ਰਿਪੋਰਟ ਕਾਰਡਾਂ ਦੇ ਤੌਰ 'ਤੇ ਚੰਗੇ ਬਿਰਤਾਂਤ ਸਮਾਂ ਲੈਣ ਵਾਲੇ ਹੁੰਦੇ ਹਨ ਅਤੇ ਜਿਵੇਂ-ਜਿਵੇਂ ਅਧਿਆਪਕ ਵਧੇਰੇ ਬਿਰਤਾਂਤਾਂ ਨੂੰ ਪੂਰਾ ਕਰਦੇ ਹਨ, ਉਨ੍ਹਾਂ ਦੀਆਂ ਟਿੱਪਣੀਆਂ ਵੱਧ ਤੋਂ ਵੱਧ ਮਿਆਰੀ ਬਣ ਜਾਂਦੀਆਂ ਹਨ। ਮਿਆਰ-ਅਧਾਰਿਤ ਰਿਪੋਰਟਾਂ ਅਕਸਰ ਮਾਪਿਆਂ ਲਈ ਵਿਦਿਆਰਥੀ ਦੀ ਤਰੱਕੀ ਦੀ ਉਚਿਤਤਾ ਨੂੰ ਸਮਝਣ ਅਤੇ ਘੱਟ ਹੀ ਸੰਚਾਰ ਕਰਨ ਲਈ ਬਹੁਤ ਗੁੰਝਲਦਾਰ ਹੁੰਦੀਆਂ ਹਨ। ਮਾਪੇ ਅਕਸਰ ਦੂਜੇ ਬੱਚਿਆਂ ਦੇ ਮੁਕਾਬਲੇ ਆਪਣੇ ਬੱਚੇ ਦੀ ਪ੍ਰਾਪਤੀ ਨੂੰ ਲੈ ਕੇ ਉਲਝਣ ਵਿੱਚ ਰਹਿੰਦੇ ਹਨ। ਇਹ ਉਹਨਾਂ ਨੂੰ ਅਧਿਆਪਕ ਦੀਆਂ ਉਮੀਦਾਂ ਦੇ ਅਨੁਸਾਰ ਇਸ ਬਾਰੇ ਵੀ ਪਰੇਸ਼ਾਨ ਕਰਦਾ ਹੈ।

ਗ੍ਰੇਡੇਸ਼ਨ/ਗ੍ਰੇਡਿੰਗ ਸਿਸਟਮ ਦੇ ਨੁਕਸਾਨ

ਕਈ ਵਾਰ ਗ੍ਰੇਡਾਂ ਦਾ ਦਬਾਅ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਇਹ ਆਪਣੇ ਆਪ ਵਿੱਚ ਅਧਿਆਪਕਾਂ ਵਿੱਚ ਪੜ੍ਹਾਉਣ ਅਤੇ ਵਿਦਿਆਰਥੀਆਂ ਵਿੱਚ ਸਿੱਖਣ ਵਿੱਚ ਵਿਘਨ ਬਣ ਜਾਂਦਾ ਹੈ। ਇਸ ਦੇ ਨਤੀਜੇ ਵਜੋਂ ਆਤਮ ਹੱਤਿਆ ਦੀਆਂ ਪ੍ਰਵਿਰਤੀਆਂ ਅਤੇ ਹੋਰ ਵਿਕਾਰ ਵਰਗੇ ਜੋਖਮ ਭਰੇ ਵਿਵਹਾਰ ਹੋ ਸਕਦੇ ਹਨ।

ਗਰੇਡਿੰਗ ਸਿਸਟਮ ਦੀ ਦੁਰਵਰਤੋਂ ਹੋਣ ਦਾ ਰੁਝਾਨ ਹੈ। ਕੁਝ ਸਕੂਲ ਪਲੱਸਸ ਜਾਂ ਮਾਇਨਸ ਜੋੜ ਕੇ, ਜਾਂ ਪ੍ਰਤੀਸ਼ਤ ਸੂਚਕਾਂ ਦੇ ਨਾਲ ਲੈਟਰ ਗ੍ਰੇਡ ਜੋੜ ਕੇ ਲੈਟਰ ਗ੍ਰੇਡਾਂ ਦੇ ਪੱਖਪਾਤੀ ਕਾਰਜ ਨੂੰ ਵਧਾਉਣ ਦੀ ਕੋਸ਼ਿਸ਼ ਕਰਦੇ ਹਨ।

ਗਰੇਡਿੰਗ ਨੂੰ ਅਧਿਆਪਕਾਂ ਦੇ ਮੁਲਾਂਕਣ ਅਤੇ ਵਿਦਿਆਰਥੀਆਂ ਲਈ ਵੀ ਮਾਪਣ ਵਾਲੇ ਸਾਧਨ ਵਜੋਂ ਮਾਨਤਾ ਪ੍ਰਾਪਤ ਹੈ। ਜਦੋਂ ਕਿ ਅਧਿਆਪਕਾਂ ਨੂੰ ਚੰਗੀ ਤਰ੍ਹਾਂ ਸਿਖਾਉਣ ਲਈ ਗ੍ਰੇਡ ਜਾਂ ਰਿਪੋਰਟਿੰਗ ਫਾਰਮਾਂ ਦੀ ਲੋੜ ਨਹੀਂ ਹੁੰਦੀ ਹੈ ਅਤੇ ਵਿਦਿਆਰਥੀ ਉਹਨਾਂ ਤੋਂ ਬਿਨਾਂ ਬਹੁਤ ਸਾਰੀਆਂ ਚੀਜ਼ਾਂ ਚੰਗੀ ਤਰ੍ਹਾਂ ਸਿੱਖ ਸਕਦੇ ਹਨ ਅਤੇ ਕਰ ਸਕਦੇ ਹਨ।

ਬਿਰਤਾਂਤ ਅਤੇ ਮਿਆਰ-ਅਧਾਰਿਤ ਰਿਪੋਰਟਾਂ ਖਾਸ ਜਾਣਕਾਰੀ ਪੇਸ਼ ਕਰਦੀਆਂ ਹਨ ਜੋ ਵਿਦਿਆਰਥੀ ਦੀ ਪ੍ਰਾਪਤੀ ਨੂੰ ਦਸਤਾਵੇਜ਼ ਬਣਾਉਣ ਵਿੱਚ ਉਪਯੋਗੀ ਹੁੰਦੀ ਹੈ।

ਵਿਦਿਆਰਥੀ ਦੇ ਸੱਭਿਆਚਾਰਕ ਅੰਤਰ, ਉਹਨਾਂ ਦੀ ਦਿੱਖ, ਪਰਿਵਾਰਕ ਪਿਛੋਕੜ, ਅਤੇ ਜੀਵਨਸ਼ੈਲੀ ਕਈ ਵਾਰ ਉਹਨਾਂ ਦੇ ਅਕਾਦਮਿਕ ਪ੍ਰਦਰਸ਼ਨ ਦੇ ਪੱਖਪਾਤੀ ਮੁਲਾਂਕਣ ਦੇ ਨਤੀਜੇ ਵਜੋਂ ਹੋ ਸਕਦੇ ਹਨ। ਵਿਦਿਆਰਥੀਆਂ ਦੇ ਵਿਵਹਾਰ ਬਾਰੇ ਅਧਿਆਪਕਾਂ ਦੀਆਂ ਧਾਰਨਾਵਾਂ ਵੀ ਅਕਾਦਮਿਕ ਪ੍ਰਦਰਸ਼ਨ ਦੇ ਉਹਨਾਂ ਦੇ ਨਿਰਣੇ ਨੂੰ ਮਹੱਤਵਪੂਰਨ ਤੌਰ 'ਤੇ ਪ੍ਰਭਾਵਿਤ ਕਰ ਸਕਦੀਆਂ ਹਨ। ਵਿਵਹਾਰ ਅਤੇ ਲਿਖਤ ਦੀਆਂ ਸਮੱਸਿਆਵਾਂ ਵਾਲੇ ਵਿਦਿਆਰਥੀ ਜੋ ਸ਼ਾਇਦ ਅਕਾਦਮਿਕ ਤੌਰ 'ਤੇ ਨਿਪੁੰਨ ਹੋ ਸਕਦੇ ਹਨ, ਅਧਿਆਪਕਾਂ ਦੇ ਨਿਰਣੇ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ।

ਕਈ ਵਾਰ, ਵਿਦਿਆਰਥੀ ਘੱਟ ਗ੍ਰੇਡ ਪ੍ਰਾਪਤ ਕਰਨ 'ਤੇ ਸਿੱਖਣ ਤੋਂ ਪਿੱਛੇ ਹਟ ਜਾਂਦੇ ਹਨ। ਅਤੇ ਵੱਧ ਤੋਂ ਵੱਧ ਕੋਸ਼ਿਸ਼ਾਂ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਇਹ ਵਿਦਿਆਰਥੀਆਂ ਨੂੰ ਘੱਟ ਅੰਕਾਂ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਪ੍ਰੇਰਿਤ ਕਰਦਾ ਹੈ ਅਤੇ ਸੁਧਾਰ ਕਰਨ ਲਈ ਬੇਵੱਸੀ ਦੀ ਭਾਵਨਾ ਪ੍ਰਬਲ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਗਰੇਡਿੰਗ ਅਪ੍ਰਸੰਗਿਕ ਅਤੇ ਅਰਥਹੀਣ ਹੋ ਜਾਂਦੀ ਹੈ। ਸਗੋਂ ਇਹ ਸਵੈ-ਚਿੱਤਰ ਨੂੰ ਨਿਰਾਸ਼ ਕਰਦਾ ਹੈ।

ਅੱਖਰ ਗ੍ਰੇਡਾਂ ਦੀ ਵਰਤੋਂ ਕਰਨ ਲਈ ਇੱਕ ਸਿੰਗਲ ਚਿੰਨ੍ਹ ਵਿੱਚ ਬਹੁਤ ਸਾਰੀ ਜਾਣਕਾਰੀ ਦੇ ਐਬਸਟਰੈਕਸ਼ਨ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਗ੍ਰੇਡਾਂ ਵਿਚਕਾਰ ਕੱਟ-ਆਫ ਹਮੇਸ਼ਾ ਮਨਮਾਨੇ ਅਤੇ ਜਾਇਜ਼ ਠਹਿਰਾਉਣਾ ਮੁਸ਼ਕਲ ਹੁੰਦਾ ਹੈ। ਲੈਟਰ ਗ੍ਰੇਡਾਂ ਵਿੱਚ ਹੋਰ, ਵਧੇਰੇ ਵਿਸਤ੍ਰਿਤ ਰਿਪੋਰਟਿੰਗ ਵਿਧੀਆਂ ਜਿਵੇਂ ਕਿ ਬਿਰਤਾਂਤ ਜਾਂ ਮਿਆਰ-ਆਧਾਰਿਤ ਰਿਪੋਰਟਾਂ ਦੀ ਵੀ ਘਾਟ ਹੁੰਦੀ ਹੈ।

ਕੀ ਕੀਤਾ ਜਾਣਾ ਚਾਹੀਦਾ ਹੈ?

ਗ੍ਰੇਡਿੰਗ ਇਹ ਪਤਾ ਲਗਾਉਣ ਦਾ ਇੱਕ ਤਰੀਕਾ ਹੈ ਕਿ ਵਿਦਿਆਰਥੀ ਕਿਵੇਂ ਕਰ ਰਹੇ ਹਨ, ਉਹਨਾਂ ਨੇ ਕੀ ਚੰਗੀ ਤਰ੍ਹਾਂ ਸਿੱਖਿਆ ਹੈ, ਉਹਨਾਂ ਨੂੰ ਕਿਹੜੀਆਂ ਸਮੱਸਿਆਵਾਂ ਜਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਤੇ ਕਿਹੜੇ ਸੁਧਾਰਾਤਮਕ ਉਪਾਅ ਕੀਤੇ ਜਾਣ ਦੀ ਲੋੜ ਹੈ। ਪ੍ਰਕਿਰਿਆ ਮੁੱਖ ਤੌਰ 'ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਇੱਕ ਨਿਦਾਨ ਅਤੇ ਨੁਸਖ਼ੇ ਵਾਲੀ ਗੱਲਬਾਤ ਹੋਣੀ ਚਾਹੀਦੀ ਹੈ। ਕਿਉਂਕਿ ਇਸ ਵਿੱਚ ਸਮੇਂ ਦੇ ਇੱਕ ਖਾਸ ਬਿੰਦੂ 'ਤੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਯੋਗਤਾ ਦਾ ਨਿਰਣਾ ਸ਼ਾਮਲ ਹੁੰਦਾ ਹੈ, ਇਹ ਮੁੱਖ ਤੌਰ 'ਤੇ ਸਿਰਫ ਮੁਲਾਂਕਣ ਅਤੇ ਵਰਣਨਯੋਗ ਹੋਣਾ ਚਾਹੀਦਾ ਹੈ।

ਗ੍ਰੇਡਿੰਗ ਸਿਸਟਮ ਨੂੰ ਪ੍ਰਭਾਵੀ ਬਣਾਉਣ ਲਈ ਇਸ ਨੂੰ ਨਾ ਸਿਰਫ਼ ਵਿਦਿਆਰਥੀ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨਾ ਚਾਹੀਦਾ ਹੈ, ਇਹ ਕਿਸੇ ਵਿਦਿਆਰਥੀ ਦੇ ਜੋ ਵੀ ਮਜ਼ਬੂਤ ਨੁਕਤਿਆਂ ਦੀ ਪ੍ਰਸ਼ੰਸਾ ਵਿੱਚ ਉਦਾਰ ਹੋਣਾ ਚਾਹੀਦਾ ਹੈ। ਇਸ ਤਰ੍ਹਾਂ, ਇਹ ਇੱਕ ਰੋਕਥਾਮ ਅਤੇ ਪ੍ਰੇਰਨਾਦਾਇਕ ਭੂਮਿਕਾ ਪ੍ਰਾਪਤ ਕਰਦਾ ਹੈ.

ਜਦੋਂ ਗਰੇਡਿੰਗ ਅਧਿਆਪਕ ਜਾਂਚ ਅਤੇ ਗਰੇ-ਡਿੰਗ ਦੋਵੇਂ ਕਰਦੇ ਹਨ ਤਾਂ ਉਹਨਾਂ ਨੂੰ ਵਿਦਿਆਰਥੀਆਂ ਲਈ ਵਕੀਲ ਅਤੇ ਜੱਜ ਦੋਵਾਂ ਵਜੋਂ ਦੋਹਰੀ ਭੂਮਿਕਾਵਾਂ ਨਿਭਾਉਣੀਆਂ ਚਾਹੀਦੀਆਂ ਹਨ - ਉਹ ਭੂਮਿਕਾਵਾਂ ਜੋ ਜ਼ਰੂਰੀ ਤੌਰ 'ਤੇ ਅਨੁਕੂਲ ਨਹੀਂ ਹੁੰਦੀਆਂ ਹਨ।

ਗਰੇਡਿੰਗ ਪੇਸ਼ੇਵਰ ਨਿਰਣੇ ਦੀ ਇੱਕ ਪ੍ਰਕਿਰਿਆ ਹੈ ਅਤੇ ਗਰੇਡਿੰਗ ਪ੍ਰਕਿਰਿਆ ਜਿੰਨੀ ਜ਼ਿਆਦਾ ਵਿਸਤ੍ਰਿਤ ਅਤੇ ਵਿਸ਼ਲੇਸ਼ਣਾਤਮਕ ਹੁੰਦੀ ਹੈ, ਓਨੀ ਹੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿ ਸਬਜੈਕਟਿਵਟੀ ਨਤੀਜਿਆਂ ਨੂੰ ਪ੍ਰਭਾਵਤ ਕਰੇਗੀ। ਇਸ ਲਈ, ਉਦਾਹਰਨ ਲਈ, ਸੰਪੂਰਨ ਸਕੋਰਿੰਗ ਪ੍ਰਕਿਰਿਆਵਾਂ ਵਿੱਚ ਵਿਸ਼ਲੇਸ਼ਣਾਤਮਕ ਪ੍ਰਕਿਰਿਆਵਾਂ ਨਾਲੋਂ ਵਧੇਰੇ ਭਰੋਸੇਯੋਗਤਾ ਹੁੰਦੀ ਹੈ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਜਾਣਦੇ ਹਨ, ਵਿਦਿਆਰਥੀਆਂ ਦੇ ਕੰਮ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝਦੇ ਹਨ ਅਤੇ ਕੀਤੀ ਗਈ ਪ੍ਰਗਤੀ ਬਾਰੇ ਸਪੱਸ਼ਟ ਵਿਚਾਰ ਰੱਖਦੇ ਹਨ, ਉਹਨਾਂ ਦੀਆਂ ਵਿਅਕਤੀਗਤ ਧਾਰਨਾਵਾਂ ਵਿਦਿਆਰਥੀਆਂ ਦੇ ਬਹੁਤ ਸਹੀ ਵਰਣਨ ਪ੍ਰਦਾਨ ਕਰ ਸਕਦੀਆਂ ਹਨ। ਸਿੱਖਿਆ ਹੈ.

ਸਿੰਗਲ ਗਰੇਡਿੰਗ ਵਿਧੀ ਸਾਰੇ ਉਦੇਸ਼ਾਂ ਨੂੰ ਪੂਰਾ ਕਰਦੀ ਹੈ, ਸਕੂਲਾਂ ਨੂੰ ਪਹਿਲਾਂ ਗਰੇਡਿੰਗ ਲਈ ਆਪਣੇ ਪ੍ਰਾਇਮਰੀ ਉਦੇਸ਼ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਫਿਰ ਸਭ ਤੋਂ ਢੁਕਵੀਂ ਪਹੁੰਚ ਦੀ ਚੋਣ ਜਾਂ ਵਿਕਾਸ ਕਰਨਾ ਚਾਹੀਦਾ ਹੈ। ਇਸ ਪ੍ਰਕਿਰਿਆ ਵਿੱਚ ਹਿੱਸੇਦਾਰਾਂ ਦੇ ਵਿਭਿੰਨ ਸਮੂਹਾਂ ਵਿੱਚ ਸਹਿਮਤੀ ਪ੍ਰਾਪਤ ਕਰਨ ਦਾ ਮੁਸ਼ਕਲ ਕੰਮ ਸ਼ਾਮਲ ਹੈ।

ਅਧਿਆਪਕ ਨੂੰ ਕੁਝ ਸਿਖਲਾਈ ਪ੍ਰੋਗਰਾਮਾਂ ਦੀ ਲੋੜ ਹੁੰਦੀ ਹੈ ਜਿਸ ਵਿੱਚ ਉਹ ਆਪਣੇ ਮੁਲਾਂਕਣ ਵਿੱਚ ਪਛਾਣ ਕਰ ਸਕਦੇ ਹਨ, ਸਹੀ ਕਰ ਸਕਦੇ ਹਨ ਅਤੇ ਇਕਸਾਰ ਹੋ ਸਕਦੇ ਹਨ। ਇਹ ਮੁਲਾਂਕਣ ਪੂਰੀ ਤਰ੍ਹਾਂ ਨਾਲ ਵਿਦਿਆਰਥੀ ਦੀਆਂ ਅਕਾਦਮਿਕ ਪ੍ਰਾਪਤੀਆਂ 'ਤੇ ਕੇਂਦਰਿਤ ਹੋਵੇਗਾ ਅਤੇ ਜੋ ਵਿਦਿਆਰਥੀ ਦੇ ਸੱਭਿਆਚਾਰਕ ਅੰਤਰ, ਉਨ੍ਹਾਂ ਦੀ ਦਿੱਖ, ਪਰਿਵਾਰਕ ਪਿਛੋਕੜ, ਅਤੇ ਜੀਵਨ ਸ਼ੈਲੀ ਆਦਿ ਦੇ ਪ੍ਰਭਾਵ ਤੋਂ ਰਹਿਤ ਹੋਵੇਗਾ।

ਇਸ ਲਈ, ਇਹ ਜਾਣਿਆ ਜਾਣਾ ਚਾਹੀਦਾ ਹੈ ਕਿ ਗਰੇਡਿੰਗ ਅਤੇ ਰਿਪੋਰਟਿੰਗ ਦਾ ਮੁਢਲਾ ਉਦੇਸ਼ ਸਿੱਖਿਆ ਜਾਂ ਸਿੱਖਣ ਦੀ ਸਹੂਲਤ ਤੋਂ ਇਲਾਵਾ ਹੋਰ ਹੈ। ਗ੍ਰੇਡਿੰਗ ਅਤੇ ਰਿਪੋਰਟਿੰਗ ਅਭਿਆਸਾਂ ਨੂੰ ਵਿਕਸਤ ਕਰਨ ਲਈ ਜੋ ਵਿਦਿਆਰਥੀ ਦੀ ਸਿਖਲਾਈ ਬਾਰੇ ਗੁਣਵੱਤਾ ਦੀ ਜਾਣਕਾਰੀ ਪ੍ਰਦਾਨ ਕਰਦੇ ਹਨ, ਲਈ ਸਪੱਸ਼ਟ ਸੋਚ, ਧਿਆਨ ਨਾਲ ਯੋਜਨਾਬੰਦੀ, ਵਧੀਆ ਸੰਚਾਰ ਹੁਨਰ, ਅਤੇ ਵਿਦਿਆਰਥੀਆਂ ਦੀ ਭਲਾਈ ਲਈ ਇੱਕ ਓਵਰਰਾਈਡ ਚਿੰਤਾ ਦੀ ਲੋੜ ਹੁੰਦੀ ਹੈ। ਇਹਨਾਂ ਹੁਨਰਾਂ ਨੂੰ ਪ੍ਰਭਾਵੀ ਅਭਿਆਸ 'ਤੇ ਮੌਜੂਦਾ ਗਿਆਨ ਦੇ ਨਾਲ ਜੋੜਨ ਨਾਲ ਯਕੀਨੀ ਤੌਰ 'ਤੇ ਵਧੇਰੇ ਕੁਸ਼ਲ ਅਤੇ ਵਧੇਰੇ ਪ੍ਰਭਾਵਸ਼ਾਲੀ ਗਰੇਡਿੰਗ ਅਤੇ ਰਿਪੋਰਟਿੰਗ ਅਭਿਆਸਾਂ ਦਾ ਨਤੀਜਾ ਹੋਵੇਗਾ।

# ਪਾਣੀ ਪਤਾਲ ਨੂੰ ਇਮਾਰਤਾਂ ਆਕਾਸ਼ ਨੂੰ

ਪ੍ਰਿੰ: ਸਰਵਣ ਸਿੰਘ

ਕਾਰਪੋਰੇਟੀ ਸਿਸਟਮ ਦੀ ਕਾਰਸਤਾਨੀ ਵੇਖੋ ਕਿ ਪੰਜਾਬ ਦਾ ਪਾਣੀ ਪਤਾਲ ਵੱਲ ਨੂੰ ਨਿੱਘਰੀ ਜਾ ਰਿਹੈ ਤੇ ਇਮਾਰਤਾਂ ਆਕਾਸ਼ ਵੱਲ ਨੂੰ ਉੱਸਰੀ ਜਾ ਰਹੀਐਂ! ਕਦੇ ਕਹਾਵਤ ਸੀ, "ਪੱਤੋ ਦੇ ਸ਼ੁਕੀਨ ਬੋਝੇ 'ਚ ਗਾਜਰਾਂ।" ਉਹ ਕਹੌਤ ਹੁਣ ਪੂਰੇ ਪੰਜਾਬ 'ਤੇ ਢੁੱਕਦੀ ਲੱਗਦੀ ਹੈ। ਹੁਣ ਤਾਂ ਸਾਡੇ ਸਾਧਾਰਨ ਪੇਂਡੂ ਭਰਾ ਵੀ ਫੋਕੀਆਂ ਟੌਅਰਾਂ ਨੇ ਪੱਟ ਛੱਡੇ ਨੇ। ਨਿੱਤ ਨਵੀਂ ਰੀਸ ਦੀ ਘੜੀਸ ਹੋ ਰਹੀ ਹੈ। ਸਿੱਟੇ ਵਜੋਂ ਹਾਲਤ ਉਸ ਅਖੌਤ ਵਾਲੀ ਹੋਈ ਪਈ ਹੈ, "ਵੇਖੋ ਜੱਟ ਦੀ ਅਕਲ ਗਈ, ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋ ਗਿਆ ਲਿੱਦ ਚੱਕਣੀ ਪਈ।" ਕਈ ਸ਼ੁਕੀਨ 'ਕਿਸੇ ਤੋਂ ਘੱਟ ਨਾ ਰਹਿਣ' ਦੀ ਭੇਡ ਚਾਲ ਵਿਚ ਈ ਜ਼ਮੀਨਾਂ ਵੇਚ ਕੇ ਕੋਠੀਆਂ ਬਣਾਈ ਜਾਂਦੇ ਹਨ। ਕਹਿੰਦੇ ਹਨ, "ਜ਼ਮੀਨ ਤਾਂ ਕੋਈ ਮਗਰੋਂ ਦੇਖੂ, ਕੋਠੀ ਪਹਿਲਾਂ ਦਿਸੂ!" ਕੋਈ ਕਹਿੰਦਾ ਹੈ, "ਪੈਸਾ ਕਿਹੜਾ ਕਿਸੇ ਨੂੰ ਦਿਸਦੈ? ਕੋਠੀ ਤਾਂ ਅੰਨ੍ਹਿਆਂ ਨੂੰ ਵੀ ਦੀਂਹਦੀ ਐ!"

ਹਜ਼ਾਰਾ ਸਿੰਘ ਰਮਤਾ ਜਟਕਾ ਕਵੀ ਸੀ। ਉਸ ਨੇ ਇਕ ਵਾਰ ਜਟਕੀ ਗੱਲ ਸੁਣਾਈ। ਅਖੇ ਬਾਣੀਏਂ ਦੀ ਲਾਟਰੀ ਨਿਕਲ ਆਵੇ ਤਾਂ ਉਹ ਇਕ ਦੁਕਾਨ ਹੋਰ ਖੋਲ੍ਹ ਲੈਂਦੈ। ਅੰਗਰੇਜ਼ ਨੂੰ ਚੈੱਕ ਮਿਲ ਜਾਵੇ ਤਾਂ ਉਹ ਸੈਰਸਪਾਟੇ ਦਾ ਇਕ ਟੂਰ ਹੋਰ ਬਣਾ ਲੈਂਦੈ। ਮੁਸਲਮਾਨ ਨੂੰ ਕਿਤੋਂ ਪੈਸੇ ਮਿਲ ਜਾਣ ਤਾਂ ਉਹ ਇਕ ਵਿਆਹ ਹੋਰ ਕਰਾ ਲੈਂਦੈ। ਜੱਟ ਨੂੰ ਭਾਵੇਂ ਕਰਜ਼ਾ ਚੁੱਕ ਕੇ ਈ ਪੈਸੇ ਮਿਲੇ ਹੋਣ ਉਹ ਇਕ ਕਤਲ ਹੋਰ ਕਰ ਦਿੰਦੈ! ਰਮਤੇ ਦੀ ਗੱਲ 'ਚ ਬੱਸ ਏਨਾ ਵਾਧਾ ਕਰਨ ਦੀ ਲੋੜ ਹੈ ਕਿ ਜੱਟ ਜਦੋਂ ਦੇ 'ਬਾਹਰ' ਦੇ 'ਐਨਆਈਆਰ' ਬਣੇ ਹਨ ਉਦੋਂ ਤੋਂ ਉਹ ਕਾਫੀ 'ਸੁਧਰ' ਗਏ ਹਨ। ਹੁਣ ਉਹ ਕਮਾਏ ਪੌਂਡਾਂ ਤੇ ਡਾਲਰਾਂ ਨਾਲ ਕਿਸੇ ਦਾ ਕਤਲ ਕਰ ਕੇ 'ਸੂਰਮੇ' ਵੱਜਣ ਦੀ ਥਾਂ ਆਪਣੇ ਪਿੰਡਾਂ ਵਿਚ ਚੜ੍ਹਦੇ ਤੋਂ ਚੜ੍ਹਦੀਆਂ ਕੋਠੀਆਂ ਪਾ ਕੇ 'ਫੰਨੇ ਖਾਂ' ਕਹਾਉਣ ਲੱਗ ਪਏ ਹਨ। ਉਂਜ ਡਰ ਇਹੀ ਹੈ, ਕਿਤੇ ਵੱਟਾਂ ਬੰਨਿਆਂ ਦੇ ਕਤਲਾਂ ਵਾਂਗ ਭਵਿੱਖ 'ਚ ਕੋਠੀਆਂ ਪਿੱਛੇ ਕਤਲ ਨਾ ਹੋਣ ਲੱਗ ਪੈਣ!

ਪੰਜਾਬ ਦੇ ਪਿੰਡਾਂ ਨੂੰ ਉਤੋਂ ਉਤੋਂ ਵੇਖੀਏ ਤਾਂ ਬੜੇ ਰੱਜੇ ਪੁੱਜੇ ਦਿਸਦੇ ਹਨ ਪਰ ਅੰਦਰੋਂ ਕਰਜ਼ੇ ਦੇ ਖਾਧੇ ਪੀਤੇ ਪਏ ਹਨ। ਕੋਠੀਆਂ 'ਚ ਸੰਗ ਮਰਮਰ ਲੱਗੀ ਜਾਂਦਾ ਹੈ ਬਾਹਰ ਬਰਬਰ ਉੱਡੀ ਜਾਂਦੀ ਹੈ। ਜਿਨ੍ਹਾਂ ਬੱਚਿਆਂ ਲਈ ਦੁਹਾਸਵੇਂ ਤਿਹਾਸਵੇਂ ਛੱਤੇ ਜਾ ਰਹੇ ਹਨ ਉਨ੍ਹਾਂ ਨੇ ਉਹਨਾਂ ਵਿਚ ਰਹਿਣਾ ਨਹੀਂ ਤੇ ਜਿਹੜੇ ਉਮਰ ਭਰ ਦੀ ਕਮਾਈ ਲਾ ਰਹੇ ਹਨ ਉਹ ਆਪਣੀ ਹੋਂਦ ਜਤਲਾਉਣ ਤੇ ਹਉਂ ਵਿਖਾਉਣ ਲਈ ਹੀ ਹੂਲੇ ਫੱਕ ਰਹੇ ਹਨ। ਹਾਂ ਇਹ ਗੱਲ ਜ਼ਰੂਰ ਹੈ, ਜਿਹੜੇ ਭਈਏ ਮਜ਼ਦੂਰ ਬਣ ਕੇ ਪੰਜਾਬ ਦੀਆਂ ਕੋਠੀਆਂ ਉਸਾਰ ਰਹੇ ਹਨ ਆਖ਼ਰ ਉਹਨਾਂ ਨੇ ਹੀ ਉਹ 'ਸਾਂਭਣੀਆਂ' ਹਨ। ਬਹੁਤ ਸਾਰੀਆਂ ਕੋਠੀਆਂ ਉਹ 'ਸਾਂਭ' ਵੀ ਰਹੇ ਹਨ। ਉਹ ਕੋਠੀਆਂ ਉਤੇ ਪੱਕੇ ਕਬਜ਼ੇ ਕਰ ਲੈਣ ਤਾਂ ਕੋਈ ਅਲੋਕਾਰ ਗੱਲ ਨਹੀਂ ਹੋਵੇਗੀ। ਉਸਾਰੀਆਂ ਜੁ ਉਨ੍ਹਾਂ ਨੇ ਹਨ। ਜੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਵਿਦੇਸ਼ਾਂ 'ਚ ਈ ਵਸ ਜਾਣਾ ਹੈ ਤਾਂ ਭਈਆਂ ਦਾ ਦਾਅ ਲੱਗ ਈ ਜਾਣੈ। ਉਹ ਉਨ੍ਹਾਂ ਦੇ ਉਸਾਰੇ ਮਹਿਲ ਸੁੰਨੇ ਕਿਉਂ ਰਹਿਣ ਛੱਡਣਗੇ?

ਮੈਂ ਢੁੱਡੀਕੇ ਕਾਲਜ ਵਿਚ ਤੀਹ ਕੁ ਸਾਲ ਪੜ੍ਹਾਇਆ। ਆਪਣੇ ਪਿੰਡ ਚਕਰੋਂ ਨਿੱਤ ਵੀਹ ਕਿਲੋਮੀਟਰ ਆਉਣ ਜਾਣ ਦੀ ਥਾਂ ਅਸੀਂ ਢੁੱਡੀਕੇ ਦੇ ਕੈਨੇਡਾ/ਅਮਰੀਕਾ ਰਹਿੰਦੇ ਮਾਲਕਾਂ ਦੀਆਂ ਬਣਾਈਆਂ ਖੁੱਲ੍ਹੀਆਂ ਡੁੱਲ੍ਹੀਆਂ ਕੋਠੀਆਂ ਵਿਚ ਰਹੇ। ਕੋਈ ਕਿਰਾਇਆ ਨਹੀਂ, ਭਾੜਾ ਨਹੀਂ ਅਤੇ ਮਕਾਨ ਦੀ ਮੁਰੰਮਤ ਤੇ ਰੰਗ ਰੋਗਨ ਦਾ ਵੀ ਕੋਈ ਫਿਕਰ ਨਹੀਂ। ਕੋਠੀਆਂ ਪਾਉਣ ਵਾਲਿਆਂ ਨੂੰ ਇਸ ਕਰਕੇ ਕੋਈ ਫਿਕਰ ਨਹੀਂ ਸੀ ਕਿ ਉਨ੍ਹਾਂ ਦੀਆਂ ਕੋਠੀਆਂ ਅਸੀਂ ਮੁਫ਼ਤ ਵਿਚ 'ਸੰਭਾਲੀਆਂ' ਹੋਈਆਂ ਸਨ। ਭਈਆਂ ਨੂੰ ਸੰਭਾਲਦੇ ਤਾਂ ਪੈਸੇ ਦੇਣੇ ਪੈਂਦੇ। ਵਿਚੋਂ ਮੈਂ ਤੇ ਮੇਰੀ ਪਤਨੀ ਅਮਰੀਕਾ ਗਏ ਤਾਂ ਅਮਰੀਕਾ ਵਾਲਿਆਂ ਨੇ ਜ਼ੋਰ ਪਾ ਕੇ ਕਿਹਾ, "ਕੈਨੇਡਾ ਵਾਲਿਆਂ ਦਾ ਮਕਾਨ ਤਾਂ ਤੁਸੀਂ ਬਹੁਤ ਚਿਰ ਸੰਭਾਲ ਲਿਐ, ਹੁਣ ਸਾਡਾ ਵੀ ਸਾਂਭੋ!" ਬਰਨਾਰਡ ਸ਼ਾਅ ਦੀ ਗੱਲ ਸੱਚੀ ਸਾਬਤ ਹੋਈ ਕਿ 'ਮੂਰਖ' ਮਕਾਨ ਬਣਾਉਂਦੇ ਹਨ, 'ਸਿਆਣੇ' ਉਨ੍ਹਾਂ 'ਚ ਰਹਿੰਦੇ ਹਨ।

ਪਿਛਲੇ ਪੰਜਾਹ ਸੱਠ ਸਾਲਾਂ ਵਿਚ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਹੁਤ ਬਦਲੀ ਹੈ। ਮੈਂ ਕੱਚੇ ਕੋਠਿਆਂ, ਛੱਪਰਾਂ ਤੇ ਛੱਤੜਿਆਂ ਵਾਲੇ ਪਿੰਡ ਵੇਖੇ ਹਨ। ਅੱਜ ਪੰਜਾਬ ਦੇ ਪਿੰਡਾਂ ਦਾ ਮੁਹਾਂਦਰਾ ਹੀ ਹੋਰ ਹੈ। ਪਿੰਡਾਂ ਵਿਚ ਕੋਠੀਆਂ ਉਸਾਰਨ ਦੀ ਦੌੜ ਲੱਗੀ ਹੋਈ ਹੈ ਜਿਨ੍ਹਾਂ 'ਚ ਬਹੁਤੀਆਂ ਵਿਦੇਸ਼ ਗਏ ਵਿਅਕਤੀਆਂ ਦੀਆਂ ਹਨ। ਕਿਸੇ ਕੋਠੀ ਉਤੇ ਬਣਾਈ ਪਾਣੀ ਦੀ ਟੈਂਕੀ ਨੂੰ ਹਵਾਈ ਜਹਾਜ਼ ਦਾ ਰੂਪ ਦੇ ਦਿੱਤਾ ਗਿਐ, ਕਿਸੇ 'ਤੇ ਟ੍ਰੈਕਟਰ ਤੇ ਕਿਸੇ ਉਤੇ ਕਾਰ ਚੜ੍ਹਾ ਦਿੱਤੀ ਗਈ ਹੈ। ਕਿਸੇ ਨੇ ਬਾਜ ਬਣਾਇਆ ਹੈ, ਕਿਸੇ ਨੇ ਸ਼ੇਰ। ਕੋਈ ਫੁੱਟਬਾਲ ਬਣਾਈ ਬੈਠਾ ਹੈ, ਕੋਈ ਭਾਰ ਚੁੱਕਦਾ ਹੋਇਆ ਵੇਟਲਿਫਟਰ। ਕਿਸੇ ਨੇ ਕਬੂਤਰ ਤੇ ਕਿਸੇ ਨੇ ਮੁਰਗਾ ਬਣਾਉਣ ਦਾ ਸ਼ੌਕ ਪਾਲਿਆ ਹੈ। ਸਾਡੇ ਪਿੰਡ ਦੀ ਇਕ ਕੋਠੀ ਉਤੇ ਗੈਸ ਸਿਲੰਡਰ ਦੇ ਵੱਡੇ ਆਕਾਰ ਦੀ ਟੈਂਕੀ ਬਣਾਈ ਗਈ ਹੈ। ਇਕ ਟੈਂਕੀ ਮੈਂ ਬੰਦੂਕ ਫੜੀ ਖੜ੍ਹੇ ਫੌਜੀ ਦੀ ਵੇਖੀ ਤੇ ਇਕ ਤੀਰ ਕਮਾਨ ਚਲਾਉਂਦੇ ਜੋਧੇ ਦੀ। ਹੋ ਸਕਦੈ ਕਿਸੇ ਕੋਠੀ ਦੀ ਟੈਂਕੀ ਤਾਜ ਮਹੱਲ ਵਰਗੀ ਵੀ ਹੋਵੇ। ਕੋਠੀ ਬਣਾਉਣ ਵਾਲੇ ਦੀ ਦਿਲੀ ਰੀਝ ਇਹੋ ਹੁੰਦੀ ਹੈ ਕਿ ਦੇਖਣ ਵਾਲੇ ਦੰਗ ਰਹਿ ਜਾਣ ਤੇ ਕੋਠੀ ਦੀ ਸਿਫਤ ਸਲਾਹ ਕਰਨ। 'ਗਾਹਾਂ ਨੂੰ ਕੋਠੀ 'ਚ ਰਹਿਣ ਰੂਹਣ ਦੀਆਂ ਗੱਲਾਂ ਕੌਣ ਪੁੱਛਦੈ?

ਕਦੇ ਜਲੰਧਰੋਂ ਰੋਪੜ ਵੱਲ ਚੱਲੋ। ਪਿੰਡਾਂ 'ਚ ਚੜ੍ਹਦੀਆਂ ਤੋਂ ਚੜ੍ਹਦੀਆਂ ਕੋਠੀਆਂ ਦੇ ਨਜ਼ਾਰੇ ਦਿਸਣਗੇ। ਨਵਾਂਸ਼ਹਿਰ ਵੱਲ ਵਧੋਗੇ ਤਾਂ ਪੰਜਾਹ ਸੱਠ ਲੱਖ ਤੋਂ ਲੈ ਕੇ ਕਰੋੜ ਦੋ ਕਰੋੜ ਦੀਆਂ ਕੋਠੀਆਂ ਦੇ ਝਲਕਾਰੇ ਪੈਣਗੇ। ਕੋਠੀਆਂ ਪਾਉਣ 'ਚ ਤਾਂ ਹੁਣ ਮਾਝਾ ਮਾਲਵਾ ਵੀ ਦੁਆਬਾ ਬਣ ਚੱਲਿਆ ਹੈ। ਹਿਸਾਬੀ ਕਿਤਾਬੀ ਬੰਦੇ ਦੱਸਦੇ ਹਨ ਕਿ ਪੰਜਾਬੀ ਹਰ ਸਾਲ ਕਰੋੜਾਂ ਦੀ ਸ਼ਰਾਬ ਪੀਂਦੇ ਤੇ ਅਰਬਾਂ ਖਰਬਾਂ ਦੇ ਹੋਰ ਨਸ਼ੇ ਕਰਦੇ ਹਨ। ਏਨੇ ਕੁ ਹੋਰ ਖਰਚੇ ਰੀਸੋ-ਰੀਸੀ ਕੇਵਲ ਵਿਖਾਵੇ ਦੀਆਂ ਕੋਠੀਆਂ, ਕਾਰਾਂ, ਮੈਰਿਜ ਪੈਲਸਾਂ, ਗਹਿਣੇ ਗੱਟੇ, ਡੇਰੇਦਾਰਾਂ ਤੇ ਸਿਆਸੀ ਰੈਲੀਆਂ 'ਤੇ ਹੁੰਦੇ ਵੀ ਜੋੜ ਲਓ। ਪੰਜਾਬ ਸਿਰ ਚੜ੍ਹੇ ਤਿੰਨ ਲੱਖ ਦੇ ਕਰਜ਼ੇ ਤੋਂ ਕਿਤੇ ਵੱਧ ਬਣਨਗੇ। ਏਨੇ ਧਨ ਦਾ ਕੋਈ ਉਤਪਾਦਨ ਵੀ ਹੋਇਆ ਹੋਵੇਗਾ ਜਾਂ ਸਾਰਾ ਖਪਤ ਖਾਤੇ ਚਲਾ ਗਿਆ ਹੋਵੇਗਾ? ਅਰਥ ਸ਼ਾਸ਼ਤ੍ਰੀ ਹਿਸਾਬ ਲਾ ਕੇ ਦੱਸਣ। ਏਨਾ ਧਨ ਪੰਜਾਬੀਆਂ ਦੇ ਉਤਪਾਦਕ ਰੁਜ਼ਗਾਰ ਉਤੇ ਲੱਗੇ ਤਾਂ ਪੰਜਾਬੀ ਬਾਹਰ ਨੂੰ ਕਿਉਂ ਭੱਜਣ? ਰੰਗਲਾ ਪੰਜਾਬ ਕੰਗਲਾ ਕਿਉਂ ਬਣੇ?

ਟੋਰਾਂਟੋ ਵਿਚ ਇਕ ਬੰਦੇ ਨੇ ਹੋਰ ਈ ਗੱਲ ਦੱਸੀ ਅਖੇ ਉਹਦੇ ਨਾਲ ਕੰਮ ਕਰਦੀ ਇਕ ਦੇਸੀ ਸੁਆਣੀ ਆਖੀ ਜਾਵੇ, "ਮੈਂ ਏਧਰੋਂ ਓਧਰੋਂ ਡਾਲਰ' ਕੱਠੇ ਕਰ ਕੇ ਪਿੰਡ ਕੋਠੀ ਪਾ ਆਈ ਆਂ ਤੇ ਸ਼ਰੀਕਾਂ ਦੀ ਪੂਛ ਨੂੰ ਅੱਗ ਲਾ ਆਈ ਆਂ। ਨੱਕ ਰੱਖਣ ਲਈ ਹੁਣ ਦੇਖਿਓ ਸ਼ਰੀਕ ਜ਼ਮੀਨਾਂ ਜਾਇਦਾਦਾਂ ਵੇਚ ਕੇ ਤੀਹ ਤੀਹ ਚਾਲੀ ਚਾਲੀ ਲੱਖ ਦਿੰਦੇ ਤੇ ਮੁੰਡੇ ਕੁੜੀਆਂ ਨੂੰ ਬਾਹਰ ਭੇਜਦੇ!" ਪੂਛ ਨੂੰ ਅੱਗ ਲਾਉਣੀ ਸ਼ਰੀਕੇ 'ਚ ਬੜੀ ਕੁੱਤੀ ਸ਼ੈਅ ਹੈ। ਪਿੰਡਾਂ 'ਚ ਜਿਹੜੀਆਂ ਲੱਖਾਂ ਕਰੋੜਾਂ ਦੀਆਂ ਕੋਠੀਆਂ ਵੇਖ ਰਹੇ ਹਾਂ ਇਨ੍ਹਾਂ ਦੇ ਬਹੁਤੇ ਮਾਲਕ ਕਈ ਸਾਲ ਪਹਿਲਾਂ ਤੰਗੀ ਤੁਰਸ਼ੀ ਦੇ ਮਾਰੇ ਪਰਦੇਸਾਂ 'ਚ ਖੱਟਣ ਕਮਾਉਣ ਗਏ ਸਨ। ਉਥੇ ਉਨ੍ਹਾਂ ਨੇ ਹਿੱਕ ਡਾਹ ਕੇ ਕਰੜੇ ਤੋਂ ਕਰੜਾ ਕੰਮ ਕੀਤਾ। ਸੰਡੇ ਵੀ ਲਾਏ ਤੇ ਦੋ ਦੋ ਸ਼ਿਫਟਾਂ ਵੀ ਲਾਈਆਂ। ਤਾਪ ਚੜ੍ਹੇ ਤੋਂ ਵੀ ਦਿਹਾੜੀ ਨਾ ਭੰਨੀ। ਛੋਟੇ ਵੱਡੇ ਬਿਜਨਸ ਕੀਤੇ ਤੇ ਜਿੰਨਾ ਕੁ ਟੈਕਸ ਚੋਰੀ ਹੋ ਸਕਿਆ ਉਹ ਵੀ ਕੀਤਾ। ਟਰੱਕਾਂ ਉਤੇ ਨਸ਼ਾ ਪੱਤਾ ਲੰਘਾਉਣ ਦਾ ਰਿਸਕ ਵੀ ਲਿਆ। ਕਮਾਈਆਂ ਕਰਦਿਆਂ ਜੁਆਕਾਂ ਨਾਲ ਲਾਡ ਬਾਡੀਆਂ ਤਾਂ ਕੀ, ਕਈਆਂ ਤੋਂ ਜੁਆਕਾਂ ਦੇ ਮੂੰਹ ਵੀ ਨਹੀਂ ਵੇਖ ਹੋਏ। ਕਮਾਈਆਂ ਦਾ ਬਹੁਤਾ ਧਨ ਕੋਠੀਆਂ 'ਤੇ ਹੀ ਥੱਪਿਆ।

ਹੁਣ ਰਿਸ਼ਤੇਦਾਰਾਂ ਤੇ ਸ਼ਰੀਕਾਂ ਵੱਲੋਂ ਦੱਬੀਆਂ ਜਾ ਰਹੀਆਂ ਕੋਠੀਆਂ ਦੀ ਚਰਚਾ ਵੀ ਸੁਣਨ ਵਿਚ ਆ ਰਹੀ ਹੈ। ਪੁਲਿਸ ਨੇ ਦੱਬੀਆਂ ਹੋਈਆਂ ਕੋਠੀਆਂ ਛੁਡਾਉਣੀਆਂ ਹੁੰਦੀਆਂ ਹਨ ਪਰ ਸੁਣਨ ਵਿਚ ਆਇਐ ਕਈ ਪੁਲਸੀਆਂ ਨੇ ਹੀ ਦੱਬ ਰੱਖੀਆਂ ਹਨ। ਇਹ ਜਿਹੜਾ ਕਰੋੜਾਂ ਅਰਬਾਂ ਰੁਪਈਆ 'ਆਲੀਸ਼ਾਨ' ਤੇ 'ਸ਼ਾਨਦਾਰ' ਕੋਠੀਆਂ ਉਤੇ ਥੱਪਿਆ ਜਾ ਰਿਹੈ, ਕੀ ਇਸ ਧਨ ਦਾ ਮੂੰਹ ਕਦੇ ਉਤਪਾਦਨ ਕਾਰਜਾਂ ਵੱਲ ਵੀ ਹੋਵੇਗਾ? ਜਾਂ ਮੱਝ ਵੇਚ ਕੇ ਘੋੜੀ ਲੈਣ ਦੀ ਥਾਂ ਘੋੜੀ ਵੇਚ ਕੇ ਮੱਝ ਲੈਣ ਦਾ ਤੋਰਾ ਵੀ ਤੁਰੇਗਾ?

# ਨੀਟ ਪੀ ਜੀ 2023 ਦੀ ਤਿਆਰੀ ਕਿਵੇਂ ਕਰੀਏ

ਨੀਟ ਪੀ ਜੀ ਨੈਸ਼ਨਲ ਬੋਰਡ ਆਫ਼ ਐਗਜ਼ਾਮੀਨੇਸ਼ਨ ਦੁਆਰਾ ਆਯੋਜਿਤ ਪਬਲਿਕ ਅਤੇ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਡਾਕਟਰ ਆਫ਼ ਮੈਡੀਸਨ , ਮਾਸਟਰ ਆਫ਼ ਸਰਜਰੀ , ਡਿਪਲੋਮਾ ਪ੍ਰੋਗਰਾਮਾਂ ਅਤੇ ਹੋਰ ਵਿਸ਼ੇਸ਼ਤਾਵਾਂ ਦਾ ਪਿੱਛਾ ਕਰਨ ਵਾਲੇ ਮੈਡੀਕਲ ਵਿਦਿਆਰਥੀਆਂ ਲਈ ਇੱਕ ਸਾਲਾਨਾ ਪ੍ਰੀਖਿਆ ਹੈ। ਐਨਬੀਈ ਨੇ ਦੱਸਿਆ ਹੈ ਕਿ 2023 ਦੀ ਪ੍ਰੀਖਿਆ 5 ਮਾਰਚ, 2023 ਨੂੰ ਦੇਸ਼ ਦੇ 267 ਸ਼ਹਿਰਾਂ ਵਿੱਚ ਹੋਣ ਵਾਲੀ ਹੈ। ਪ੍ਰੀਖਿਆ ਦੇ ਇਸ ਐਡੀਸ਼ਨ ਵਿਚ ਡਾਕਟਰ ਆਫ਼ ਮੈਡੀਸਨ (ਧ) ਲਈ 19,953 ਸੀਟਾਂ, ਮਾਸਟਰ ਆਫ਼ ਸਰਜਰੀ (ੱ) ਲਈ 10,821 ਸੀਟਾਂ ਦੀ ਪੇਸ਼ਕਸ਼ ਕੀਤੀ ਜਾਵੇਗੀ। ) ਅਤੇ ਉਮੀਦਵਾਰਾਂ ਨੂੰ ਹੋਰ ਪੀਜੀ ਡਿਪਲੋਮਾ ਕੋਰਸਾਂ ਲਈ 1979 ਸੀਟਾਂ। ਕੁਝ ਆਮ ਵਿਸ਼ਿਆਂ ਜਿਨ੍ਹਾਂ ਤੋਂ ਉਮੀਦਵਾਰ ਪ੍ਰੀਖਿਆ ਦੇ ਆਰਥੋਪੀਡਿਕਸ ਖੰਡ ਵਿੱਚ ਪ੍ਰਸ਼ਨਾਂ ਦੀ ਉਮੀਦ ਕਰ ਸਕਦੇ ਹਨ ਉਹਨਾਂ ਵਿੱਚ ਸ਼ਾਮਲ ਹਨ ਕਮਰ ਅਤੇ ਮੋਢੇ ਦਾ ਵਿਸਥਾਪਨ, ਕੋਲੇਸ ਫ੍ਰੈਕਚਰ, ਇਸਦੇ ਕਲੀਨਿਕੋ ਐਨਾਟੋਮਿਕਲ ਸਬੰਧਾਂ 'ਤੇ ਧਿਆਨ ਕੇਂਦ੍ਰਤ ਕਰਨ ਦੇ ਨਾਲ ਉੱਪਰਲੇ ਅੰਗ ਦੀ ਨਸਾਂ ਦੀ ਸੱਟ, ਅਤੇ ਓਪੀਡੀ ਡਾਇਗਨੌਸਟਿਕ ਕੇਸ ਜਿਵੇਂ ਕਿ ਪਿੱਠ ਦੇ ਹੇਠਲੇ ਹਿੱਸੇ ਵਿੱਚ ਦਰਦ, ਓਸਟੀਓਪੋਰੋਸਿਸ ਅਤੇ ਫਸਾਉਣ ਦੇ ਸਿੰਡਰੋਮਜ਼। ਇਮਤਿਹਾਨ ਲਈ ਬਿਨੈ-ਪੱਤਰ ਦੀ ਪ੍ਰਕਿਰਿਆ ਦਸੰਬਰ 2022 ਦੇ ਤੀਜੇ ਹਫ਼ਤੇ ਤੋਂ ਸ਼ੁਰੂ ਹੋਣ ਵਾਲੀ ਹੈ। ਪ੍ਰੀਖਿਆ ਦਾ ਦਿਨ ਨੇੜੇ ਆਉਣ ਨਾਲ ਉਮੀਦਵਾਰ ਅਕਸਰ ਚਿੰਤਾ ਅਤੇ ਤਣਾਅ ਦਾ ਅਨੁਭਵ ਕਰਦੇ ਹਨ। ਇਸ ਸਮੇਂ ਦੌਰਾਨ ਉਮੀਦਵਾਰਾਂ ਦੀ ਮਦਦ ਕਰਨ ਲਈ, ਫੋਕਸ ਰਹਿਣ ਲਈ ਇੱਥੇ ਕੁਝ ਸੁਝਾਅ ਦਿੱਤੇ ਗਏ ਹਨ: ਪਿਛਲੇ ਸਾਲਾਂ ਦੇ ਸਵਾਲਾਂ 'ਤੇ ਫੋਕਸ ਕਰੋ: ਉਮੀਦਵਾਰਾਂ ਨੂੰ ਆਪਣੇ ਗਿਆਨ ਦੀ ਪਰਖ ਕਰਨ ਅਤੇ ਇਮਤਿਹਾਨ ਦੇ ਪੈਟਰਨ ਤੋਂ ਜਾਣੂ ਕਰਵਾਉਣ ਲਈ ਲਗਾਤਾਰ ਮੌਕ ਟੈਸਟ ਦੇਣੇ ਚਾਹੀਦੇ ਹਨ। ਹਾਲਾਂਕਿ, ਉਹਨਾਂ ਲਈ ਇਹ ਜ਼ਰੂਰੀ ਹੈ ਕਿ ਉਹ ਨੀਟ ਪੀ ਜੀ ਪ੍ਰੀਖਿਆ ਦੇ ਪਿਛਲੇ ਐਡੀਸ਼ਨਾਂ ਵਿੱਚ ਪੁੱਛੇ ਗਏ ਪ੍ਰਸ਼ਨਾਂ ਨੂੰ ਹੱਲ ਕਰਨ ਨੂੰ ਤਰਜੀਹ ਦੇਣ ਤਾਂ ਜੋ ਉਹਨਾਂ ਦਾ ਆਤਮਵਿਸ਼ਵਾਸ ਵਧਾਇਆ ਜਾ ਸਕੇ ਅਤੇ ਸਮੇਂ ਦੇ ਨਾਲ ਉਹਨਾਂ ਦੀ ਤਰੱਕੀ ਦੀ ਨਿਗਰਾਨੀ ਕੀਤੀ ਜਾ ਸਕੇ। ਪ੍ਰੀਖਿਆ ਦੇ ਪਿਛਲੇ ਐਡੀਸ਼ਨਾਂ ਦੇ ਸਵਾਲਾਂ ਨੂੰ ਹੱਲ ਕਰਕੇ, ਉਮੀਦਵਾਰ ਉਹਨਾਂ ਖੇਤਰਾਂ ਦੀ ਪਛਾਣ ਕਰਨ ਅਤੇ ਉਹਨਾਂ ਦਾ ਮੁਲਾਂਕਣ ਕਰਨ ਦੇ ਯੋਗ ਹੋਣਗੇ ਜਿੱਥੇ ਉਹ ਕਮਜ਼ੋਰ ਹਨ ਅਤੇ ਉਹਨਾਂ ਖੇਤਰਾਂ ਨੂੰ ਸੁਧਾਰਨ ਲਈ ਕਾਰਵਾਈ ਕਰਨਗੇ। ਮਹੱਤਵਪੂਰਨ ਵਿਸ਼ੇ: ਉੱਪਰ ਦੱਸੇ ਵਿਸ਼ਿਆਂ ਤੋਂ ਇਲਾਵਾ, ਉਮੀਦਵਾਰਾਂ ਨੂੰ ਵਿਸ਼ਿਆਂ ਬਾਰੇ ਆਪਣੀ ਸਮਝ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਜਿਵੇਂ ਕਿ ਐਮਰਜੈਂਸੀ ਵਿੱਚ ਫਰੈਕਸ਼ਨਾਂ ਅਤੇ ਸਪਲਿੰਟ, ਟਿਊਮਰ ਦੀ ਵਰਤੋਂ ਕਰਕੇ ਫ੍ਰੈਕਚਰ ਦੀ ਅਸਥਾਈ ਸਥਿਰਤਾ; ਖਾਸ ਤੌਰ 'ਤੇ ਘੁਛਠ, ੋਸਟਏਸਅਰਚੋਮਅ ਅਤੇ ਓਨਿਗ'ਸ ਆਪਣੇ ਅਜੀਬ ਐਕਸ-ਰੇ ਖੋਜਾਂ ਲਈ, ਅਤੇ ਨਸਾਂ ਦੀਆਂ ਸੱਟਾਂ ਜਿਵੇਂ ਕਿ ਅਲਨਰ ਨਸਾਂ ਦੀਆਂ ਸੱਟਾਂ, ਮੱਧ ਨਸ ਦੀਆਂ ਸੱਟਾਂ, ਰੇਡੀਅਲ ਨਸਾਂ ਦੀਆਂ ਸੱਟਾਂ, ਅਤੇ ਆਮ ਪੈਰੋਨਲ ਨਸਾਂ ਦੀਆਂ ਸੱਟਾਂ। ਇਸ ਤੋਂ ਇਲਾਵਾ, ਪ੍ਰੀਖਿਆ ਵਿਚ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਲਈ ਉਮੀਦਵਾਰਾਂ ਨੂੰ ਉਹਨਾਂ ਦੇ ਪ੍ਰਬੰਧਨ ਦੀ ਬਜਾਏ ਬੀਮਾਰੀਆਂ ਅਤੇ ਸੱਟਾਂ ਦੇ ਲੱਛਣਾਂ ਅਤੇ ਲੱਛਣਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸੰਸ਼ੋਧਨ: ਇੱਕ ਚੰਗੀ ਤਰ੍ਹਾਂ ਨਿਰਧਾਰਿਤ ਸੰਸ਼ੋਧਨ ਪੈਟਰਨ ਬਣਾ ਕੇ, ਉਮੀਦਵਾਰ ਮਹੱਤਵਪੂਰਣ ਵਿਸ਼ਿਆਂ ਅਤੇ ਅਧਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮੁੜ ਵਿਚਾਰ ਕਰ ਸਕਦੇ ਹਨ ਤਾਂ ਜੋ ਉਹਨਾਂ ਦੀ ਸਮਝ ਨੂੰ ਬਿਹਤਰ ਬਣਾਇਆ ਜਾ ਸਕੇ। ਉਮੀਦਵਾਰਾਂ ਨੂੰ ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ ਔਨਲਾਈਨ ਉਪਲਬਧ ਸਮੱਗਰੀ ਤੋਂ ਇਲਾਵਾ ਆਪਣੇ ਖੁਦ ਦੇ ਨੋਟਸ ਬਣਾਉਣਾ ਬਹੁਤ ਜ਼ਰੂਰੀ ਹੈ। ਉਮੀਦਵਾਰ ਤਿਆਰੀ ਲਈ ਕ੍ਰੈਸ਼-ਕੋਰਸਾਂ ਅਤੇ ਕਲਾਸਾਂ ਲਈ ਵੀ ਦਾਖਲਾ ਲੈ ਸਕਦੇ ਹਨ।, ਸੰਸ਼ੋਧਨ ਉਮੀਦਵਾਰ ਦੀ ਸੰਸ਼ੋਧਨ ਰਣਨੀਤੀ ਦੇ ਮੁੱਖ ਭਾਗਾਂ ਵਿੱਚੋਂ ਇੱਕ ਹੈ, ਅਤੇ ਇਹ ਜ਼ਰੂਰੀ ਹੈ ਕਿ ਉਮੀਦਵਾਰ ਸਿਲੇਬਸ ਨੂੰ ਜਿੰਨੀ ਵਾਰੀ ਉਹ ਕਰ ਸਕਦੇ ਹਨ ਸੰਸ਼ੋਧਿਤ ਕਰਨ। ਉਮੀਦਵਾਰਾਂ ਨੂੰ ਇਹ ਨੋਟ ਕਰਨਾ ਚਾਹੀਦਾ ਹੈ ਕਿ ਨਵੇਂ ਵਿਸ਼ੇ ਦਾ ਸਿਰਫ਼ ਇੱਕ ਵਾਰ ਅਧਿਐਨ ਕਰਨ ਨਾਲੋਂ ਵਾਰ-ਵਾਰ ਅਭਿਆਸ ਕਰਨਾ ਹਮੇਸ਼ਾ ਵਧੇਰੇ ਲਾਭਦਾਇਕ ਹੁੰਦਾ ਹੈ। ਤਿਆਰੀ ਦੇ ਦੌਰਾਨ ਕੋਈ ਵੀ ਵਿਸ਼ਾ ਨਾ ਛੱਡੋ: ਉਮੀਦਵਾਰ ਅਕਸਰ ਸਿਲੇਬਸ ਦੀ ਲੰਬਾਈ ਦੁਆਰਾ ਦਬਾਅ ਮਹਿਸੂਸ ਕਰਦੇ ਹਨ ਅਤੇ ਦੂਜਿਆਂ 'ਤੇ ਧਿਆਨ ਕੇਂਦਰਿਤ ਕਰਨ ਲਈ ਕਿਸੇ ਇੱਕ ਵਿਸ਼ੇ ਦੀ ਤਿਆਰੀ ਕਰਨ ਤੋਂ ਬਚਣ ਦੀ ਚੋਣ ਕਰਦੇ ਹਨ। ਹਾਲਾਂਕਿ, ਇਹ ਸਲਾਹ ਨਹੀਂ ਦਿੱਤੀ ਜਾਂਦੀ। ਜੇਕਰ ਕੋਈ ਉਮੀਦਵਾਰ ਆਪਣੀ ਤਿਆਰੀ ਦੌਰਾਨ ਖਾਸ ਵਿਸ਼ਿਆਂ ਦੀ ਤਿਆਰੀ ਤੋਂ ਬਚਣ ਦੀ ਚੋਣ ਕਰਦਾ ਹੈ, ਤਾਂ ਉਹਨਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਉਹਨਾਂ ਪ੍ਰਸ਼ਨਾਂ ਵਿੱਚੋਂ ਲੰਘਦੇ ਹਨ ਜੋ ਇਮਤਿਹਾਨ ਦੇ ਪਿਛਲੇ ਐਡੀਸ਼ਨਾਂ ਵਿੱਚ ਸਾਹਮਣੇ ਆਏ ਹਨ। ਅਜਿਹਾ ਕਰਨ ਨਾਲ, ਉਮੀਦਵਾਰ ਆਪਣੇ ਆਪ ਨੂੰ ਦੇ ਮਹੱਤਵਪੂਰਨ ਵਿਸ਼ਿਆਂ ਤੋਂ ਜਾਣੂ ਕਰਵਾ ਸਕਦੇ ਹਨ ਵਿਸ਼ੇ ਦੇ ਨਾਲ-ਨਾਲ ਇਮਤਿਹਾਨ ਦੇ ਨਮੂਨੇ ਲਈ, ਉਹਨਾਂ ਨੂੰ ਇਮਤਿਹਾਨ ਨੇੜੇ ਆਉਣ ਦੇ ਨਾਲ ਇੱਕ ਅਨੁਕੂਲ ਸਥਿਤੀ ਵਿੱਚ ਪਾਓ। ਕੋਸ਼ਿਸ਼ ਕਰਨ ਤੋਂ ਪਹਿਲਾਂ ਸਵਾਲਾਂ ਦਾ ਵਿਸ਼ਲੇਸ਼ਣ ਕਰੋ: ਪੀ ਜੀ ਇਮਤਿਹਾਨ ਵਿੱਚ ਲੰਬੇ ਸਵਾਲ ਅਕਸਰ ਜਵਾਬ ਦੇਣ ਲਈ ਸਭ ਤੋਂ ਆਸਾਨ ਹੁੰਦੇ ਹਨ। ਇੱਕ ਲੰਬੇ ਸਵਾਲ ਨੂੰ ਪੜ੍ਹਦੇ ਸਮੇਂ, ਉਮੀਦਵਾਰਾਂ ਨੂੰ ਪਹਿਲੀਆਂ ਦੋ ਲਾਈਨਾਂ ਵਿੱਚ ਜਵਾਬ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਉਹ ਅਕਸਰ ਜਵਾਬ ਦੇ ਸੰਕੇਤ ਹੁੰਦੇ ਹਨ। ਲੰਬੇ ਸਵਾਲ ਨੂੰ ਪੜ੍ਹਦੇ ਸਮੇਂ ਇਸ ਪਹੁੰਚ ਦੀ ਵਰਤੋਂ ਕਰਨ ਨਾਲ, ਉਮੀਦਵਾਰ ਸਮਾਂ ਬਚਾਉਣ ਅਤੇ ਸਹੀ ਵਿਕਲਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚੁਣਨ ਦੇ ਯੋਗ ਹੋਣਗੇ। ਸ਼ਾਂਤ ਅਤੇ ਕੰਪੋਜ਼ਡ ਰਹੋ: ਸਾਰੇ ਉਮੀਦਵਾਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਇਮਤਿਹਾਨ ਦੇ ਦਿਨ ਦੇ ਨੇੜੇ ਆਉਣ ਤੇ ਕੇਂਦ੍ਰਿਤ ਅਤੇ ਕੰਪੋਜ਼ਡ ਰਹਿਣ। ਉਮੀਦਵਾਰਾਂ ਨੂੰ ਆਪਣੇ ਆਪ ਵਿੱਚ ਵਿਸ਼ਵਾਸ ਅਤੇ ਆਪਣੀ ਤਿਆਰੀ ਵਿੱਚ ਵਿਸ਼ਵਾਸ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਲੋੜੀਂਦੀ ਨੀਂਦ ਲੈਣ, ਆਪਣੀ ਮਾਨਸਿਕ ਅਤੇ ਸਰੀਰਕ ਸਿਹਤ ਦਾ ਧਿਆਨ ਰੱਖਣ, ਅਤੇ ਸਿਹਤਮੰਦ ਭੋਜਨ ਖਾਣ। ਅੰਤ ਵਿੱਚ, ਉਮੀਦਵਾਰਾਂ ਲਈ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਤਣਾਅ ਅਤੇ ਚਿੰਤਾ ਉਹਨਾਂ ਦੇ ਪ੍ਰਦਰਸ਼ਨ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ, ਇਸ ਲਈ ਉਹਨਾਂ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੇ ਸੰਜਮ ਅਤੇ ਫੋਕਸ ਨੂੰ ਬਣਾਈ ਰੱਖਣ ਲਈ ਸਾਰੇ ਜ਼ਰੂਰੀ ਉਪਾਅ ਕਰਨ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ ਪੰਜਾਬ*




# ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਦੇ ਹੱਲ ਲਈ ਹੋਰ ਫਾਸਟ ਟਰੈਕ ਅਦਾਲਤਾਂ ਸਥਾਪਤ ਕੀਤੀਆਂ ਜਾਣਗੀਆਂ

## ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਇਸ ਸਬੰਧੀ ਜਲਦ ਹੀ ਚੀਫ਼ ਜਸਟਿਸ ਨੂੰ ਮਿਲਣਗੇ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਦੁਨੀਆਂ ਭਰ ਵਿੱਚ ਵਸਦੇ ਪ੍ਰਵਾਸੀ ਪੰਜਾਬੀਆਂ ਦੀਆਂ ਸਾਰੀਆਂ ਜਾਇਜ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੀ ਵਚਨਬੱਧਤਾ ਦੇ ਨਾਲ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਨੇ ਵਿਸ਼ੇਸ਼ ਤੌਰ 'ਤੇ ਪ੍ਰਵਾਸੀ ਭਾਰਤੀਆਂ ਨਾਲ ਸਬੰਧਤ ਕੇਸਾਂ ਲਈ ਹੋਰ ਫਾਸਟ ਟਰੈਕ ਅਦਾਲਤਾਂ ਸਥਾਪਤ ਕਰਨ ਸਬੰਧੀ ਕਾਰਵਾਈ ਆਰੰਭ ਦਿੱਤੀ ਹੈ। ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਇਸ ਸਬੰਧੀ ਕਾਨੂੰਨੀ ਅਤੇ ਹੋਰ ਰੂਪ-ਰੇਖਾ ਉਲੀਕਣ ਬਾਰੇ ਜਲਦ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ ਮਿਲਣਗੇ।

ਪੰਜਾਬ ਭਰ 'ਚ ਆਯੋਜਿਤ 'ਪ੍ਰਵਾਸੀ ਪੰਜਾਬੀਆਂ ਨਾਲ ਮਿਲਣੀ' ਪ੍ਰੋਗਰਾਮ ਦੌਰਾਨ ਆਈਆਂ ਸ਼ਿਕਾਇਤਾਂ ਦੀ ਸਥਿਤੀ ਸਬੰਧੀ ਅੱਜ ਇੱਥੇ ਪੰਜਾਬ ਭਵਨ ਵਿਖੇ ਐਨ.ਆਰ.ਆਈਜ਼ ਮਾਮਲੇ ਵਿਭਾਗ ਦੇ ਅਧਿਕਾਰੀਆਂ, ਏ.ਡੀ.ਜੀ.ਪੀ. ਐਨ.ਆਰ.ਆਈ., ਕਮਿਸ਼ਨਰ ਐਨ.ਆਰ.ਆਈ. ਸਭਾ ਨਾਲ ਮੀਟਿੰਗ ਕਰਦਿਆਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਐਨਆਰਆਈਜ਼ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਲਈ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਕਾਨੂੰਨੀ ਰੂਪ-ਰੇਖਾ ਤਿਆਰ ਸਬੰਧੀ ਜਲਦੀ ਹੀ ਚੀਫ਼ ਜਸਟਿਸ ਨਾਲ ਮੀਟਿੰਗ ਕਰਨਗੇ।



ਕੈਬਨਿਟ ਮੰਤਰੀ ਨੇ ਪ੍ਰਵਾਸੀ ਭਾਰਤੀਆਂ ਨੂੰ ਲੋੜੀਂਦੀ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਕਾਨੂੰਨੀ ਸਲਾਹਕਾਰ ਤਾਇਨਾਤ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ 'ਮਿਲਣੀ ਪ੍ਰੋਗਰਾਮਾਂ' ਦੌਰਾਨ ਆਈਆਂ ਲਗਭਗ 50 ਫੀਸਦੀ ਸ਼ਿਕਾਇਤਾਂ ਨੂੰ ਪ੍ਰਵਾਸੀ ਭਾਰਤੀਆਂ ਦੇ ਕੇਸਾਂ ਲਈ ਵਿਸ਼ੇਸ਼ ਤੌਰ 'ਤੇ ਨਿਯੁਕਤ ਕੀਤੇ ਗਏ ਨੋਡਲ ਅਫਸਰਾਂ ਰਾਹੀਂ ਹੱਲ ਕਰਨ ਦੇ ਆਦੇਸ਼ ਦਿੱਤੇ।

ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਪੰਜਾਬ ਸਰਕਾਰ ਵੱਲੋਂ ਹਰ ਕਦਮ ਚੁੱਕਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸਬੰਧਤ ਡਿਪਟੀ ਕਮਿਸ਼ਨਰ, ਨੋਡਲ ਅਫ਼ਸਰ, ਤਹਿਸੀਲਦਾਰਾਂ ਅਤੇ ਸਟੇਸ਼ਨ ਹਾਊਸ ਅਫ਼ਸਰਾਂ (ਐਸ.ਐਚ.ਓਜ਼) ਨੂੰ ਅਰਧ ਸਰਕਾਰੀ (ਡੀ.ਓ.) ਪੱਤਰ ਜਾਰੀ ਕਰਨ ਲਈ ਵੀ ਕਿਹਾ ਤਾਂ ਜੋ ਪੰਜਾਬੀ ਪ੍ਰਵਾਸੀ ਭਾਰਤੀਆਂ ਦੇ ਸਾਰੇ ਮੁੱਦਿਆਂ ਨੂੰ ਸੁਲਝਾਉਣ ਲਈ ਹਰ ਲੋੜੀਂਦੀ ਮਦਦ ਅਤੇ ਲੌਜਿਸਟਿਕ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਬੰਧਤ ਐਨ.ਆਰ.ਆਈਜ਼ ਨੋਡਲ ਅਫ਼ਸਰਾਂ ਬਾਰੇ ਉਨ੍ਹਾਂ ਦੇ ਸੰਪਰਕ ਵੇਰਵਿਆਂ ਨਾਲ ਜ਼ਿਲ੍ਹਾ ਵਾਰ ਜਾਣਕਾਰੀ ਦੇਣ ਲਈ ਵੀ ਕਿਹਾ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਵੱਖ-ਵੱਖ ਪੱਧਰਾਂ 'ਤੇ ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਦੇ ਹੱਲ ਲਈ ਕਾਨੂੰਨੀ ਮਾਹਿਰਾਂ ਦਾ ਪੈਨਲ ਵੀ ਗਠਿਤ ਕੀਤਾ ਜਾਵੇਗਾ। ਉਨ੍ਹਾਂ 'ਐਨ.ਆਰ.ਆਈਜ਼ ਮਿਲਣੀ ਪ੍ਰੋਗਰਾਮ' ਦੌਰਾਨ ਹੱਲ ਕੀਤੇ ਗਏ ਕੇਸਾਂ ਬਾਰੇ ਅਧਿਕਾਰੀਆਂ ਤੋਂ ਰਿਪੋਰਟ ਵੀ ਤਲਬ ਕੀਤੀ।

# ਪੀ.ਸੀ.ਐਸ. ਅਫਸਰਾਂ ਦੀ ਹੜਤਾਲ ਖ਼ਤਮ, ਮੁੱਖ ਮੰਤਰੀ ਭਗਵੰਤ ਮਾਨ ਮਾਨ ਨੇ ਕਿਹਾ ਕਿਸੇ ਨਾਲ ਬੇਇਨਸਾਫੀ ਨਹੀਂ ਹੋਵੇਗੀ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਦੇ ਵਧੀਕ ਪ੍ਰਮੁੱਖ ਸਕੱਤਰ ਵੇਣੂ ਪ੍ਰਸਾਦ ਨਾਲ ਪੀ.ਸੀ.ਐਸ. ਆਫ਼ੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਜਤ ਓਬਰਾਏ ਅਤੇ ਹੋਰਨਾਂ ਅਫ਼ਸਰਾਂ ਵਲੋਂ ਮੀਟਿੰਗ ਕੀਤੀ। ਇਸ ਦੌਰਾਨ ਪੀ.ਸੀ.ਐੱਸ.ਅਧਿਕਾਰੀਆਂ ਨੇ ਹੜਤਾਲ ਖ਼ਤਮ ਕਰਕੇ ਕੰਮ 'ਤੇ ਪਰਤਣ ਦਾ ਫ਼ੈਸਲਾ ਲਿਆ ਹੈ। ਮੀਟਿੰਗ ਮਗਰੋਂ ਵੇਣੂ ਪ੍ਰਸਾਦ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਭਰੋਸਾ ਦਿੱਤਾ ਹੈ ਕਿ ਕਿਸੇ ਨਾਲ ਧੱਕਾ ਨਹੀਂ ਹੋਵੇਗਾ, ਪਰ ਭ੍ਰਿਸ਼ਟਾਚਾਰੀਆਂ ਖ਼ਿਲਾਫ਼ ਮੁਹਿੰਮ ਜਾਰੀ ਰਹੇਗੀ। ਦੱਸ ਦੇਈਏ ਕਿ ਪੀਸੀਐਸ ਅਫ਼ਸਰਾਂ ਨੇ ਹਫ਼ਤੇ ਦੀ ਛੁਟੀ ਲੈ ਕੇ ਹੜਤਾਲ ਸ਼ੁਰੂ ਕੀਤੀ ਸੀ। ਪਰ ਇਸ ਮਗਰੋਂ ਸੀਐਮ ਮਾਨ ਨੇ ਵੀ ਐਲਾਨ ਜਾਰੀ ਕਰ ਦਿੱਤਾ ਸੀ ਕਿ ਜੇ 2 ਵਜੇ ਤਕ ਅਫ਼ਸਰ ਹੜਤਾਲ ਖ਼ਤਮ ਕਰ ਕੇ ਵਾਪਸ ਨਾ ਆਏ ਤਾਂ ਸਸਪੈਂਡ ਕੀਤਾ ਜਾਵੇਗਾ। ਇਸ ਮਗਰੋਂ ਪੀਸੀਐਸ ਅਫ਼ਸਰਾਂ ਨੇ ਆਪਣੀ ਹੜਤਾਲ ਖ਼ਤਮ ਕਰ ਦਿੱਤੀ ਹੈ।





# ਈਟੀਟੀ ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਨੇ ਮੁੱਖ ਮੰਤਰੀ ਨੂੰ ਖ਼ੂਨ ਨਾਲ ਲਿਖਕੇ ਭੇਜਿਆ ਮੰਗ ਪੱਤਰ

## 2364 ਅਧਿਆਪਕਾਂ ਦੀ ਭਰਤੀ ਲਈ ਤੁਰੰਤ ਕੋਰਟ 'ਚ ਹਲਫ਼ਨਾਮਾ ਦਾਇਰ ਕਰਕੇ ਰੁਜ਼ਗਾਰ ਦੇਣ ਦੀ ਕੀਤੀ ਮੰਗ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਅੱਜ ਈਟੀਟੀ 2364 ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਆਪਣੇ ਖ਼ੂਨ ਨਾਲ ਆਪਣਾ ਮੰਗ ਪੱਤਰ ਲਿਖ ਕੇ ਭੇਜਿਆ ਗਿਆ। ਜਿਸ ਵਿੱਚ ਈਟੀਟੀ 2364 ਅਧਿਆਪਕਾਂ ਦੀ ਭਰਤੀ ਨੂੰ ਜਲਦੀ ਤੋਂ ਜਲਦੀ ਬਹਾਲ ਕਰਵਾ ਕੇ ਇਸ ਭਰਤੀ ਨੂੰ ਪੂਰਾ ਕਰਨ ਦੀ ਮੰਗ ਕੀਤੀ ਗਈ।

ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰਧਾਨ ਸੁਰਿੰਦਰਪਾਲ ਗੁਰਦਾਸਪੁਰ ਨੇ ਕਿਹਾ ਕਿ ਈਟੀਟੀ ਟੈੱਟ ਪਾਸ ਬੇਰੁਜ਼ਗਾਰ 2364 ਸੰਘਰਸ਼ ਕਮੇਟੀ ਪੰਜਾਬ ਲਗਾਤਾਰ ਈਟੀਟੀ 2364 ਅਧਿਆਪਕਾਂ ਦੀ ਭਰਤੀ ਨੂੰ ਬਹਾਲ ਕਰਵਾਉਣ ਲਈ ਸੰਘਰਸ਼ ਕਰਦੀ ਆ ਰਹੀ ਹੈ, ਪ੍ਰੰਤੂ ਪੰਜਾਬ ਸਰਕਾਰ ਲਗਾਤਾਰ ਬੇਰੁ-ਜ਼ਗਾਰ ਅਧਿਆਪਕਾਂ ਨਾਲ਼ ਮੀਟਿੰਗਾਂ ਕਰਕੇ ਰੁਜ਼ਗਾਰ ਦੇਣ ਤੋਂ ਭੱਜ ਰਹੀ ਹੈ ਅਤੇ ਈਟੀਟੀ 2364 ਅਧਿਆਪਕਾਂ ਦੀ ਭਰਤੀ ਨੂੰ ਪੂਰਾ ਕਰਨ ਲਈ ਕੋਈ ਕਦਮ ਨਹੀਂ ਪੁੱਟ ਰਹੀ।



ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਬੇਰੁਜ਼ਗਾਰ ਅਧਿਆਪਕਾਂ ਦੀਆਂ ਮੰਗਾਂ ਨੂੰ ਸੁਣਨ ਤੋਂ ਪਾਸਾ ਵੱਟ ਰਹੀ ਹੈ। ਉਨ੍ਹਾਂ ਕਿਹਾ ਕਿ ਸੱਤਾ ਵਿਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਕਹਿੰਦੀ ਸੀ ਕਿ ਸਾਡੇ ਨਾਲ਼ ਕੋਈ ਵੀ ਯੂਨੀਅਨ ਕਿਸੇ ਵੀ ਸਮੇਂ ਆ ਕੇ ਉਹਨਾਂ ਨਾਲ ਗੱਲਬਾਤ ਕਰ ਸਕਦੀ ਹੈ ਪਰ ਮੌਜੂਦਾ ਹਾਲਾਤ ਇਸ ਦੇ ਬਿਲਕੁੱਲ ਉੱਲਟ ਹਨ। ਪੰਜਾਬ ਸਰਕਾਰ ਬੇਰੁਜ਼ਗਾਰ ਅਧਿਆਪਕਾਂ ਦੇ ਮਸਲੇ ਹੱਲ ਕਰਨ ਵਿਚ ਨਾਕਾਮਯਾਬ ਨਜ਼ਰ ਆ ਰਹੀ ਹੈ।

ਯੂਨੀਅਨ ਦੇ ਸੂਬਾ ਪ੍ਰਧਾਨ ਸੁਰਿੰ-ਦਰਪਾਲ ਗੁਰਦਾਸਪੁਰ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਈਟੀਟੀ 2364 ਅਧਿਆਪਕਾਂ ਦੀ ਭਰਤੀ ਨੂੰ ਜਲਦ ਕੋਰਟ ਵਿੱਚ ਹਲਫ਼ਨਾਮਾ ਦਾਇਰ ਕਰਕੇ ਬਹਾਲ ਕਰਵਾਇਆ ਜਾਵੇ ਤਾਂ ਕਿ ਈਟੀਟੀ 2364 ਟੈੱਟ ਪਾਸ ਬੇਰੁ-ਜ਼ਗਾਰ ਅਧਿਆਪਕਾਂ ਨੂੰ ਇਨਸਾਫ਼ ਮਿਲ ਸਕੇ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਾਡੀ 2364 ਭਰਤੀ ਨੂੰ ਜਲਦ ਬਹਾਲ ਨਾ ਕਰਵਾਇਆ ਤਾਂ ਇੱਕ ਵਾਰ ਫਿਰ ਤੋਂ ਸਾਨੂੰ ਧਰਨੇ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹੋਣਾ ਪਵੇਗਾ।

# ਬੁਢਲਾਡਾ ਅਤੇ ਬਰੇਟਾ ਵਿਖੇ ਸੀਵਰੇਜ ਅਤੇ ਜਲ ਸਪਲਾਈ ਦੀ ਸਹੂਲਤ ਮੁਹੱਈਆ ਕਰਨ ਲਈ 12.39 ਕਰੋੜ ਰੁਪਏ ਖਰਚੇ ਜਾਣਗੇ : ਡਾ. ਨਿੱਜਰ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ਼-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਇਸ ਦਿਸ਼ਾ ਵਿੱਚ ਕੰਮ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਵਿਕਾਸ ਕਾਰਜ਼ ਕਰਵਾਏ ਜਾ ਰਹੇ ਹਨ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਜ਼ਿਲ੍ਹਾ ਮਾਨਸਾ ਦੇ ਬੁਢਲਾਡਾ ਅਤੇ ਬਰੇਟਾ ਵਿੱਖੇ ਸੀਵਰੇਜ ਅਤੇ ਜਲ ਸਪਲਾਈ ਦੇ ਕੰਮਾਂ 'ਤੇ ਪੰਜਾਬ ਸਰਕਾਰ ਵੱਲੋ ਤਕਰੀਬਨ 12.39 ਕਰੋੜ ਰੁਪਏ ਖਰਚਣ ਦਾ ਫੈਸਲਾ ਲਿਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਮਾਨਸਾ ਦੇ ਬੁਢਲਾਡਾ ਵਿਖੇ ਸੀਵਰੇਜ ਦੀਆਂ ਯੂਪੀਵੀਸੀ ਪਾਈਪਾਂ ਅਤੇ ਡੀਆਈਕੇ7 ਜਲ ਸਪਲਾਈ ਦੀਆਂ ਪਾਈਪਾਂ ਵਿਛਾਉਣ, ਸੀਵਰੇਜ ਅਤੇ ਪਾਣੀ ਦੇ ਹਾਊਸ ਕੁਨੈਕਸ਼ਨ ਮੁਹੱਈਆ ਕਰਵਾਉਣ, ਮੈਨਹੋਲ ਚੈਂਬਰਾਂ ਦੇ ਨਿਰਮਾਣ ਕਰਨ ਅਤੇ ਇਸ ਨਾਲ ਸਬੰਧਤ ਹੋਰ ਕੰਮਾਂ ਲਈ 6.56 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਮੰਤਰੀ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ ਮਾਨਸਾ ਦੇ ਬਰੇਟਾ ਵਿਖੇ ਸੀਵਰੇਜ ਦੀਆਂ ਯੂਪੀਵੀਸੀ ਪਾਈਪਾਂ ਅਤੇ ਡੀਆਈਕੇ7 ਜਲ ਸਪਲਾਈ ਦੀਆਂ ਪਾਈਪਾਂ ਵਿਛਾਉਣ ਦੇ ਨਾਲ-ਨਾਲ ਸੀਵਰੇਜ ਅਤੇ ਪਾਣੀ ਦੇ ਹਾਊਸ ਕੁਨੈਕਸ਼ਨ ਦੇਣ ਦਾ ਕੰਮ ਕੀਤਾ ਜਾਵੇਗਾ। ਮੈਨਹੋਲ ਚੈਂਬਰਾਂ ਦੇ ਨਿਰਮਾਣ ਅਤੇ ਸੀਵਰੇਜ ਅਤੇ ਜਲ ਸਪਲਾਈ ਨਾਲ ਸਬੰਧਤ ਹੋਰ ਕੰਮਾਂ ਲਈ ਤਕਰੀਬਨ 5.83 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਇਹਨਾਂ ਕੰਮਾਂ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਹਨਾਂ ਕੰਮਾਂ ਦਾ ਮਾਨਸਾ ਦੀ ਵੱਡੀ ਆਬਾਦੀ ਨੂੰ ਲਾਭ ਮਿਲੇਗਾ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦੇ ਨਾਗਰਿਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਭ੍ਰਿਸਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਹੈ।

# ਸਿੱਖ ਫ਼ੌਜੀ ਕਿਸੇ ਵੀ ਤਰੀਕੇ ਦੀ ਟੋਪੀ ਜਾਂ ਹੈਲਮਟ ਨਹੀਂ ਪਾਉਣਗੇ : ਗਿਆਨੀ ਹਰਪ੍ਰੀਤ ਸਿੰਘ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਫ਼ੌਜੀਆਂ ਨੂੰ ਹੈਲਮਟ ਪਹਿਨਾਉਣ ਦਾ ਵਿਰੋਧ ਕਰਦਿਆਂ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਸਾਡਾ ਰੱਖਿਅਕ ਅਕਾਲ ਪੁਰਖ ਹੈ, ਸਿੱਖ ਕਿਸੇ ਵੀ ਕੀਮਤ ਤੇ ਕਿਸੇ ਵੀ ਤਰੀਕੇ ਦਾ ਹੈਲਮਟ ਜਾਂ ਟੋਪੀ ਨਹੀਂ ਪਾਉਣਗੇ ।

ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜੋ ਲੋਕ ਸਿੱਖ ਹੈਲਮਟ ਨਾਮ ਦੀ ਵੈਬਸਾਈਟ ਬਣਾਕੇ ਇਸ ਨੂੰ ਉਤਸ਼ਾਹਿਤ ਕਰ ਰਹੇ ਹਨ, ਉਹ ਮੰਦਭਾਗਾ ਹੈ ਅਤੇ ਇਸਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਕਿਹਾ ਕਿ ਦਸਤਾਰ ਸਿੱਖ ਲਈ ਗੁਰੂ ਸਾਹਿਬਾਨ ਵਲੋਂ ਬਖ਼ਸ਼ੀ ਆਪ ਤਾਜ ਹੈ ਇਸ ਦੀ ਥਾਂ 'ਤੇ ਹੈਲਮਟ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਪਣੇ ਫ਼ੈਸਲੇ ਨੂੰ ਮੁੜ ਵਿਚਾਰ ਕਰੇ . ਇਸ ਨਾਲ ਸਿੱਖਾਂ ਦੀ ਵੱਖਰੀ ਪਛਾਣ ਖ਼ਤਮ ਹੋ ਜਾਵੇਗੀ।



# ਬੰਦੀ ਸਿੱਖਾਂ ਦੀ ਰਿਹਾਈ ਲਈ ਇਨਸਾਫ ਮੋਰਚੇ ਵਿਚ ਸ਼ਮੂਲੀਅਤ ਕਰਨ 16 ਜਨਵਰੀ ਨੂੰ ਸੰਗਤ ਹੋਵੇਗੀ ਰਵਾਨਾ



ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਬਲਜੀਤ ਸਿੰਘ ਭੁੱਟਾ ਸਾਬਕਾ ਚੇਅਰਮੈਨ ਜ਼ਲ੍ਹਿਾ ਪ੍ਰੀਸ਼ਦ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਜਲ੍ਹਿ ਦੀ ਸੀਨੀਅਰ ਲੀਡਰਸ਼ਿਪ ਦੀ ਅਗਵਾਈ ਵਿੱਚ ਗੁਰੂ ਰਾਮਦਾਸ ਹੋਟਲ ਵਿੱਚ ਇਲਾਕੇ ਦੀ ਸੰਗਤ ਦੀ ਭਰਵੀਂ ਮੀਟਿੰਗ ਹੋਈ। ਇਸ ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਇਨਸਾਫ਼ ਲਈ, 328 ਲਾਪਤਾ ਸਰੂਪਾਂ ਦੇ ਇਨਸਾਫ਼ ਲਈ, ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਇਨਸਾਫ਼ ਲੈਣ ਲਈ ਚੰਡੀਗੜ੍ਹ ਦੀਆਂ ਬਰੂਹਾਂ 'ਤੇ ਚੱਲ ਕੇ ਕੌਮੀ ਇਨਸਾਫ ਮੋਰਚੇ ਦਾ ਸਮਰਥਨ ਦੇਣ ਦਾ ਸਰਬ-ਸੰਮਤੀ ਨਾਲ ਫੈਸਲਾ ਲਿਆ ਗਿਆ। ਇਸ ਮੌਕੇ ਬਲਜੀਤ ਸਿੰਘ ਭੁੱਟਾ ਨੇ ਕਿਹਾ ਕਿ ਕੌਮ ਦੀ ਖ਼ਾਤਰ ਲੜੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਲੰਮੇਂ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ 16 ਜਨਵਰੀ ਨੂੰ ਸਵੇਰੇ 10:30 ਵਜੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਤੋਂ ਕਾਰਾਂ, ਮੋਟਰਸਾਈਕਲਾਂ ਤੇ ਕੇਸਰੀ ਝੰਡੇ ਲਾ ਕੇ ਇਨਸਾਫ ਮੋਰਚੇ ਵਿੱਚ ਸ਼ਮੂਲੀਅਤ ਕਰਨ ਲਈ ਸੰਗਤ ਰਵਾਨਾ ਹੋਵੇਗੀ। ਉਨ੍ਹਾਂ ਜ਼ਲ੍ਹਿਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਨਿਵਾਸੀਆਂ ਨੂੰ ਪਿੰਡਾਂ ਤੇ ਸ਼ਹਿਰ ਦੇ ਮੁਹੱਲਿਆ ਤੋਂ ਸੰਗਤ ਨੂੰ ਵਧ-ਚੜ੍ਹ ਕੇ ਇਨਸਾਫ਼ ਮੋਰਚੇ ਵਿਚ 16 ਜਨਵਰੀ ਨੂੰ ਸ਼ਮੂਲੀਅਤ ਕਰਨ ਲਈ ਅਪੀਲ ਕੀਤੀ।

# ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਮੋਹਾਲੀ ਹਵਾਈ ਅੱਡੇ ਨੇੜੇ ਸ਼ਹੀਦ ਭਗਤ ਸਿੰਘ ਦਾ 5ਡੀ ਬੁੱਤ ਲਾਉਣ ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਕਿਹਾ

## ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਦੇਸ਼ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਦਾ ਹੱਲ ਦੱਸਿਆ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਇੱਥੇ ਕੌਮਾਂਤਰੀ ਹਵਾਈ ਅੱਡੇ ਨੇੜੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਅਤਿ-ਆਧੁਨਿਕ 5ਡੀ ਬੁੱਤ ਲਾਉਣ ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਕਿਹਾ।

ਮੁੱਖ ਮੰਤਰੀ ਨੇ ਉਸ ਪ੍ਰਸਤਾਵਿਤ ਥਾਂ ਵੀ ਜਾਇਜ਼ਾ ਲਿਆ, ਜਿੱਥੇ ਇਹ ਅਤਿ-ਆਧੁਨਿਕ ਬੁੱਤ ਲਾਇਆ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਇਹ ਗੱਲ ਯਕੀਨੀ ਬਣਾਉਣ ਲਈ ਆਖਿਆ ਕਿ ਇਹ ਕੰਮ ਤੈਅ ਸਮੇਂ ਵਿੱਚ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਬੁੱਤ ਨੌਜਵਾਨ ਪੀੜ੍ਹੀਆਂ ਨੂੰ ਦੇਸ਼ ਦੀ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕਰੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਬੁੱਤ ਰਾਹੀਂ ਸੂਬਾ ਸਰਕਾਰ ਵੱਲੋਂ ਇਸ ਧਰਤੀ ਦੇ ਮਹਾਨ ਸਪੂਤ ਨੂੰ ਢੁਕਵੀਂ ਸ਼ਰਧਾਂਜਲੀ ਦਿੱਤੀ ਜਾਵੇਗੀ।



ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਦੇਸ਼ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਹਵਾਈ ਅੱਡੇ ਤੋਂ ਦੇਸ਼ ਤੇ ਵਿਦੇਸ਼ਾਂ ਵਿੱਚ ਸਫ਼ਰ ਕਰਦੇ ਪੰਜਾਬ ਦੇ ਨੌਜਵਾਨਾਂ ਨੂੰ ਸ਼ਹੀਦ ਦੀ ਮਹਾਨ ਵਿਰਾਸਤ ਬਾਰੇ ਜਾਗਰੂਕ ਕਰਨ ਵਿੱਚ ਇਹ ਬੁੱਤ ਅਹਿਮ ਭੂਮਿਕਾ ਨਿਭਾਏਗਾ। ਇਸ ਦੇ ਨਾਲ-ਨਾਲ ਇਹ ਬੁੱਤ ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਹੋਰ ਸੂਬਿਆਂ ਦੇ ਯਾਤਰੀਆਂ ਨੂੰ ਵੀ ਇਸ ਨੌਜਵਾਨ ਕੌਮੀ ਨਾਇਕ ਵੱਲੋਂ ਦਿੱਤੇ ਮਹਾਨ ਬਲੀਦਾਨ ਬਾਰੇ ਚੇਤੇ ਕਰਵਾਏਗਾ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਸਮਾਜਿਕ ਬਰਾਬਰੀ, ਫਿਰਕੂ ਸਦਭਾਵਨਾ ਅਤੇ ਭਾਈਚਾਰੇ ਦੇ ਹਾਮੀ ਸਨ। ਭਗਵੰਤ ਮਾਨ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਦਾ ਸੁਪਨਾ ਸਮਾਜ ਨੂੰ ਭ੍ਰਿਸ਼ਟਾਚਾਰ ਤੇ ਬੇਇਨਸਾਫ਼ੀ ਤੋਂ ਮੁਕਤ ਕਰਨਾ ਸੀ। ਉਨ੍ਹਾਂ ਕਿਹਾ ਕਿ ਸਿਰਫ਼ ਅਜਿਹੀ ਵਿਚਾਰਧਾਰਾ ਨਾਲ ਹੀ ਭਾਰਤ ਨੂੰ ਵਿਸ਼ਵ ਦਾ ਮੋਹਰੀ ਮੁਲਕ ਬਣਾਇਆ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਨੌਜਵਾਨ ਕ੍ਰਾਂਤੀਕਾਰੀ ਭਗਤ ਸਿੰਘ ਨੂੰ ਨਾ ਸਿਰਫ਼ ਇਕ ਨਾਇਕ ਵਜੋਂ ਸਗੋਂ ਉਨ੍ਹਾਂ ਦੇ ਸਮਾਜਵਾਦ ਅਤੇ ਨਾਇਨਸਾਫ਼ੀ ਵਿਰੁੱਧ ਜੂਝਣ ਦੇ ਫਲਸਫ਼ੇ ਕਾਰਨ ਵੀ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨੌਜਵਾਨ ਸ਼ਹੀਦ ਦਾ ਜੀਵਨ ਤੇ ਫਲਸਫ਼ਾ ਹਮੇਸ਼ਾ ਨੌਜਵਾਨ ਪੀੜ੍ਹੀਆਂ ਨੂੰ ਦੇਸ਼ਭਗਤੀ ਦੇ ਜਜ਼ਬੇ ਨਾਲ ਮੁਲਕ ਦੀ ਸੇਵਾ ਕਰਨ ਲਈ ਪ੍ਰੇਰਿਤ ਕਰੇਗਾ। ਭਗਵੰਤ ਮਾਨ ਨੇ ਦੁਹਰਾਇਆ ਕਿ ਸੂਬਾ ਸਰਕਾਰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ ਅਤੇ ਇਸ ਮਹਾਨ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਸ ਮੌਕੇ ਡਾਇਰੈਕਟਰ ਸੂਚਨਾ ਤੇ ਲੋਕ ਸੰਪਰਕ ਵਿਭਾਗ ਸੋਨਾਲੀ ਗਿਰਿ, ਮੁੱਖ ਮੰਤਰੀ ਦੇ ਵਧੀਕ ਪ੍ਰਮੁੱਖ ਸਕੱਤਰ ਹਿਮਾਂਸ਼ੂ ਜੈਨ, ਡਿਪਟੀ ਕਮਿਸ਼ਨਰ ਅਮਿਤ ਤਲਵਾਰ, ਸੀਨੀਅਰ ਪੁਲਿਸ ਕਪਤਾਨ ਡਾ. ਸੰਦੀਪ ਗਰਗ ਤੇ ਹੋਰ ਅਧਿਕਾਰੀ ਹਾਜ਼ਰ ਸਨ।

Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



## ਸੁਪਰੀਮ ਕੋਰਟ ਨੇ ਚੰਡੀਗੜ੍ਹ ਵਿੱਚ ਰਿਹਾਇਸ਼ੀ ਯੂਨਿਟਾਂ ਨੂੰ ਫਲੋਰ-ਵਾਈਜ਼ ਅਪਾਰਟਮੈਂਟਾਂ ਵਿੱਚ ਬਦਲਣ 'ਤੇ ਲਗਾਈ ਰੋਕ



ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਦੇਸ਼ ਦੇ ਪਹਿਲੇ ਯੋਜਨਾਬੱਧ ਸ਼ਹਿਰ ਚੰਡੀਗੜ੍ਹ ਦੀ ਵਿਰਾਸਤ ਨੂੰ ਬਚਾਉਣ ਲਈ ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਚੰਡੀਗੜ੍ਹ ਸ਼ਹਿਰ ਦੇ ਫੇਜ਼-1 ਵਿੱਚ ਸਿੰਗਲ ਰਿਹਾਇਸ਼ੀ ਯੂਨਿਟਾਂ ਨੂੰ ਫਲੋਰ-ਵਾਈਜ਼ ਅਪਾਰਟਮੈਂਟਾਂ ਵਿੱਚ ਤਬਦੀਲ ਕਰਨ 'ਤੇ ਰੋਕ ਲਗਾ ਦਿੱਤੀ ਹੈ। ਫੇਜ਼-1 ਵਿੱਚ, ਇਕਸਾਰ ਵੱਧ ਤੋਂ ਵੱਧ ਉਚਾਈ ਵਾਲੀਆਂ ਮੰਜ਼ਿਲਾਂ ਦੀ ਗਿਣਤੀ ਤਿੰਨ ਤੱਕ ਸੀਮਤ ਕਰ ਦਿੱਤੀ ਗਈ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਭਾਰਤ ਦੇ ਪਹਿਲੇ ਯੋਜਨਾਬੱਧ ਸ਼ਹਿਰ ਦੇ ਵਿਰਾਸਤੀ ਦਰਜੇ ਦੇ ਨਾਲ-ਨਾਲ ਸਥਿਰਤਾ ਦੇ ਸਿਧਾਂਤ ਦੇ ਮੱਦੇਨਜ਼ਰ ਇਹ ਪਾਬੰਦੀ ਜ਼ਰੂਰੀ ਹੈ। ਅਦਾਲਤ ਨੇ ਕਿਹਾ ਕਿ ਟਿਕਾਊ ਵਿਕਾਸ ਅਤੇ ਵਾਤਾਵਰਨ ਸੁਰੱਖਿਆ ਵਿਚਕਾਰ 'ਉਚਿਤ ਸੰਤੁਲਨ' ਕਾਇਮ ਕਰਨ ਦੀ ਵੀ ਲੋੜ ਹੈ।

ਜਸਟਿਸ ਬੀਆਰ ਗਵਈ ਅਤੇ ਜਸਟਿਸ ਬੀਵੀ ਨਾਗਰਤਨ ਦੇ ਬੈਂਚ ਨੇ ਕਿਹਾ, 'ਇਹ ਧਿਆਨ ਵਿੱਚ ਰੱਖਦੇ ਹੋਏ ਕਿ ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ ਨੇ ਵਿਵਾਦਪੂਰਨ ਚੰਡੀਗੜ੍ਹ ਅਪਾਰਟਮੈਂਟ ਨਿਯਮ, 2001 ਨੂੰ ਰੱਦ ਕਰ ਦਿੱਤਾ ਹੈ, ਜਿਸ ਵਿੱਚ ਇਸ ਪ੍ਰਥਾ ਨੂੰ ਨਿਯਮਤ ਕਰਨ ਦੀ ਮੰਗ ਕੀਤੀ ਗਈ ਸੀ। ਸਬੰਧਤ ਐਕਟਾਂ ਅਤੇ ਨਿਯਮਾਂ ਦੀ ਰੋਸ਼ਨੀ ਵਿੱਚ ਅਤੇ 2001 ਦੇ ਨਿਯਮਾਂ ਨੂੰ ਰੱਦ ਕਰਨ ਦੇ ਮੱਦੇਨਜ਼ਰ, ਚੰਡੀਗੜ੍ਹ ਦੇ ਫੇਜ਼-1 ਵਿੱਚ ਰਿਹਾਇਸ਼ੀ ਯੂਨਿਟ ਦੇ ਕਿਸੇ ਵੀ ਤਰ੍ਹਾਂ ਦੇ ਟੁਕੜੇ, ਵੰਡ, ਵੰਡ ਅਤੇ ਅਪਾਰਟਮੈਂਟੀਕਰਨ ਦੀ ਮਨਾਹੀ ਹੈ।"

ਵਾਸਤਵ ਵਿੱਚ, ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਰਿਹਾਇਸ਼ੀ ਪਲਾਟਾਂ ਨੂੰ 2001 ਦੇ ਨਿਯਮਾਂ ਦੇ ਲਾਗੂ ਹੋਣ ਤੋਂ ਬਾਅਦ ਅਪਾਰਟਮੈਂਟ ਬਣਾਉਣ ਜਾਂ ਵਰਤਣ ਦੀ ਇਜਾਜ਼ਤ ਦਿੱਤੀ ਗਈ ਸੀ। ਪਰ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਸ ਆਧਾਰ 'ਤੇ ਲੋਕਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਵਿਰੋਧੀਆਂ ਨੇ ਦਲੀਲ ਦਿੱਤੀ ਕਿ ਅਜਿਹਾ 'ਅਭਿਆਸ' ਸ਼ਹਿਰ ਦਾ ਚਰਿੱਤਰ ਪੂਰੀ ਤਰ੍ਹਾਂ ਬਦਲ ਦੇਵੇਗਾ। ਮੌਜੂਦਾ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਤਬਾਹ ਕਰ ਦੇਵੇਗਾ। ਸਿੱਟੇ ਵਜੋਂ, ਨਿਯਮ ਅਕਤੂਬਰ 2007 ਵਿੱਚ ਇੱਕ ਨੋਟੀਫਿਕੇਸ਼ਨ ਦੁਆਰਾ ਰੱਦ ਕਰ ਦਿੱਤੇ ਗਏ ਸਨ।

ਹਾਲਾਂਕਿ, ਅਪੀਲਕਰਤਾ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਨੇ ਦਾਅਵਾ ਕੀਤਾ ਸੀ ਕਿ ਪ੍ਰਸ਼ਾਸਨ ਨੇ ਗੁਪਤ ਤੌਰ 'ਤੇ ਰਿਹਾਇਸ਼ੀ ਇਕਾਈਆਂ ਨੂੰ ਅਪਾਰਟਮੈਂਟਾਂ ਵਿੱਚ ਤਬਦੀਲ ਕਰਨ ਤੋਂ ਅੱਖਾਂ ਬੰਦ ਕਰ ਦਿੱਤੀਆਂ ਹਨ, ਹਾਲਾਂਕਿ ਉਕਤ ਨਿਯਮ ਵਾਪਸ ਲੈ ਲਏ ਗਏ ਸਨ। ਇਹ ਦੋਸ਼ ਲਗਾਇਆ ਗਿਆ ਸੀ ਕਿ ਪਾਬੰਦੀ ਦੇ ਬਾਵਜੂਦ, ਬਿਲਡਰ ਅਤੇ ਡਿਵੈਲਪਰ ਨਿਯਮਤ ਤੌਰ 'ਤੇ ਤਿੰਨ ਵਿਅਕਤੀਆਂ ਜਾਂ ਪਰਿਵਾਰਾਂ ਨੂੰ ਪੂਰੀ ਰਿਹਾਇਸ਼ੀ ਇਕਾਈਆਂ ਦਾ ਸੁਤੰਤਰ ਫਾਰ (ਫਲੋਰ ਏਰੀਆ ਅਨੁਪਾਤ) ਵੇਚਦੇ ਹਨ।

ਸੁਪਰੀਮ ਕੋਰਟ ਨੇ ਐਸੋਸੀਏਸ਼ਨ ਦੀ ਅਪੀਲ ਨੂੰ ਸਵੀਕਾਰ ਕਰ ਲਿਆ। ਅਦਾਲਤ ਨੇ ਸਿੰਗਲ ਰਿਹਾਇਸ਼ੀ ਇਕਾਈਆਂ ਨੂੰ ਅਪਾਰਟਮੈਂਟਾਂ ਵਿੱਚ ਤਬਦੀਲ ਕਰਨ 'ਤੇ ਰੋਕ ਲਗਾਉਣ ਤੋਂ ਇਲਾਵਾ ਚੰਡੀਗੜ੍ਹ ਹੈਰੀਟੇਜ ਕੰਜ਼ਰਵੇਸ਼ਨ ਕਮੇਟੀ (ਸੀਐਚਸੀਸੀ) ਨੂੰ ਚੰਡੀਗੜ੍ਹ ਦੇ ਫੇਜ਼ 1 ਵਿੱਚ ਮੁੜ ਘਣੀਕਰਨ ਦੇ ਮੁੱਦੇ 'ਤੇ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਪ੍ਰਸ਼ਾਸਨ ਨੂੰ ਚੰਡੀਗੜ੍ਹ ਮਾਸਟਰ ਪਲਾਨ (ਸੀਐਮਪੀ-2031) ਅਤੇ ਚੰਡੀਗੜ੍ਹ ਬਿਲਡਿੰਗ ਰੂਲਜ਼, 2017 ਵਿੱਚ ਸੋਧ ਕਰਨ ਬਾਰੇ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਹਾਲਾਂਕਿ, ਅਜਿਹੀਆਂ ਸੋਧਾਂ ਨੂੰ ਨੋਟੀਫਾਈ ਕਰਨ ਤੋਂ ਪਹਿਲਾਂ ਕੇਂਦਰ ਸਰਕਾਰ ਦੀ ਇਜਾਜ਼ਤ ਲੈਣੀ ਪਵੇਗੀ।


## ਸਰਕਾਰ ਨੇ ਹੱਜ ਦਾ 'ਵੀਆਈਪੀ ਕੋਟਾ' ਕੀਤਾ ਖਤਮ, ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਕੀਤਾ ਐਲਾਨ



ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ) - ਕੇਂਦਰ ਸਰਕਾਰ ਨੇ ਹੱਜ ਵਿਚ 'ਵੀਆਈਪੀ ਕੋਟਾ' ਖਤਮ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਦੇਸ ਦੇ ਆਮ ਲੋਕ ਇਸ ਦਾ ਲਾਭ ਉਠਾ ਸਕਣ ਅਤੇ ਇਸ ਧਾਰਮਿਕ ਯਾਤਰਾ ਵਿਚ 'ਵੀਆਈਪੀ ਕਲਚਰ' ਖਤਮ ਹੋ ਸਕੇ। ਕੇਂਦਰੀ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਸਮ੍ਰਿਤੀ ਇਰਾਨੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਇਹ (ਹੱਜ ਵਿਚ ਵੀਆਈਪੀ ਕੋਟਾ ਖਤਮ ਕਰਨ ਦਾ) ਫੈਸਲਾ ਕੀਤਾ ਗਿਆ ਹੈ। ਆਪਣੇ ਕਾਰਜਕਾਲ ਦੇ ਪਹਿਲੇ ਹੀ ਦਿਨ ਪ੍ਰਧਾਨ ਮੰਤਰੀ ਨੇ ਦੇਸ ਦੇ ਸਾਹਮਣੇ ਵੀਆਈਪੀ ਕਲਚਰ ਨੂੰ ਖਤਮ ਕਰਨ ਦਾ ਮਤਾ ਪੇਸ਼ ਕੀਤਾ ਸੀ।'' ਈਰਾਨੀ ਨੇ ਕਿਹਾ, ''ਹੱਜ ਕਮੇਟੀ ਅਤੇ ਹੱਜ ਯਾਤਰਾ ਨੂੰ ਲੈ ਕੇ ਯੂਪੀਏ ਸਰਕਾਰ ਦੌਰਾਨ ਵੀਆਈਪੀ ਕਲਚਰ ਸਥਾਪਿਤ ਕੀਤਾ ਗਿਆ ਸੀ। ਇਸ ਤਹਿਤ ਸੰਵਿਧਾਨਕ ਅਹੁਦਿਆਂ 'ਤੇ ਕਾਬਜ ਲੋਕਾਂ ਲਈ ਹੱਜ ਲਈ ਵਿਸ਼ੇਸ਼ ਕੋਟਾ ਸੀ।

ਉਨ੍ਹਾਂ ਦੱਸਿਆ, "ਹੁਣ ਪ੍ਰਧਾਨ ਮੰਤਰੀ ਨੇ ਆਪਣਾ ਕੋਟਾ ਰਾਸ਼ਟਰ ਨੂੰ ਸਮਰਪਿਤ ਕਰ ਦਿੱਤਾ ਹੈ ਤਾਂ ਜੋ ਇਸ ਵਿਚ ਕੋਈ ਵੀਆਈਪੀ ਕਲਚਰ ਨਾ ਹੋਵੇ ਅਤੇ ਆਮ ਭਾਰਤੀਆਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਰਾਸਟਰਪਤੀ, ਉਪ ਰਾਸਟਰਪਤੀ ਅਤੇ ਮੈਂ ਵੀ ਆਪਣਾ ਕੋਟਾ ਛੱਡ ਦਿੱਤਾ ਹੈ। ਅਸੀਂ ਹੱਜ ਕਮੇਟੀ ਨਾਲ ਵਿਚਾਰ ਵਟਾਂਦਰਾ ਕੀਤਾ ਕਿ ਤੁਸੀਂ ਵੀਆਈਪੀ ਕਲਚਰ ਛੱਡ ਕੇ ਕੋਟਾ ਖਤਮ ਕਰੋ। ਸਾਰੇ ਰਾਜਾਂ ਦੀਆਂ ਹੱਜ ਕਮੇਟੀਆਂ ਨੇ ਇਸ ਦਾ ਸਮਰਥਨ ਕੀਤਾ।'' ਦੂਜੇ ਪਾਸੇ ਹੱਜ ਕਮੇਟੀ ਦੇ ਸੂਤਰਾਂ ਦਾ ਕਹਿਣਾ ਹੈ ਕਿ ਮੰਤਰੀ ਦੇ ਇਸ ਐਲਾਨ ਤੋਂ ਬਾਅਦ ਅਗਲੇ ਕੁਝ ਦਿਨਾਂ 'ਚ ਇਸ ਫੈਸਲੇ ਨਾਲ ਸਬੰਧਤ ਨੋਟੀਫਿਕੇਸਨ ਜਾਰੀ ਕਰ ਦਿੱਤਾ ਜਾਵੇਗਾ।

## ਰਿਪੋਰਟ ਵਿੱਚ ਖੁਲਾਸਾ, ਜੋਸ਼ੀਮਠ ਅਤੇ ਨਜ਼ਦੀਕੀ ਖੇਤਰਾਂ ਵਿੱਚ ਹਰ ਸਾਲ ਢਾਈ ਇੰਚ ਧਸ ਰਹੀ ਸੀ ਜ਼ਮੀਨ



ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਇੰਡੀਅਨ ਇੰਸਟੀਚਿਊਟ ਆਫ਼ ਰਿਮੋਟ ਸੈਂਸਿੰਗ ਦੁਆਰਾ ਦੋ ਸਾਲਾਂ ਦੇ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਜੋਸ਼ੀਮਠ ਅਤੇ ਇਸਦੇ ਆਸਪਾਸ ਦੇ ਖੇਤਰ ਪ੍ਰਤੀ ਸਾਲ 6.5 ਸੈਂਟੀਮੀਟਰ ਜਾਂ 2.5 ਇੰਚ ਦੀ ਦਰ ਨਾਲ ਧਸ ਰਹੇ ਸਨ। ਇਹ ਅਧਿਐਨ ਦੇਹਰਾਦੂਨ ਸਥਿਤ ਸੰਸਥਾਨ ਨੇ ਸੈਟੇਲਾਈਟ ਡਾਟਾ ਦੀ ਵਰਤੋਂ ਕਰਕੇ ਕੀਤਾ ਹੈ। ਹਾਲ ਹੀ ਦੇ ਦਿਨਾਂ 'ਚ ਜੋਸ਼ੀਮਠ 'ਚ ਕਈ ਘਰਾਂ 'ਚ ਦਰਾਰਾਂ ਆਉਣ ਤੋਂ ਬਾਅਦ ਪੂਰੇ ਦੇਸ਼ 'ਚ ਇਸ ਦੀ ਚਰਚਾ ਹੋ ਰਹੀ ਹੈ ਅਤੇ ਸਰਕਾਰ ਵਲੋਂ ਲੋਕਾਂ ਨੂੰ ਸੁਰੱਖਿਅਤ ਕੱਢਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜੋਸ਼ੀਮਠ ਦੇ ਸਥਾਨਕ ਲੋਕਾਂ ਨੇ ਇਨ੍ਹਾਂ ਤਰੇੜਾਂ ਲਈ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਜਾਂ ਐਨਟੀਪੀਸੀ ਦੇ ਤਪੋਵਨ ਪ੍ਰਾਜੈਕਟ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਜੁਲਾਈ, 2020 ਤੋਂ ਮਾਰਚ, 2022 ਤੱਕ ਇਕੱਠੀਆਂ ਕੀਤੀਆਂ ਸੈਟੇਲਾਈਟ ਤਸਵੀਰਾਂ ਦਿਖਾਉਂਦੀਆਂ ਹਨ ਕਿ ਸਾਰਾ ਖੇਤਰ ਹੌਲੀ-ਹੌਲੀ ਧਸ ਰਿਹਾ ਹੈ। ਇੱਥੇ ਮੰਗਲਵਾਰ ਨੂੰ ਪ੍ਰਭਾਵਿਤ ਹੋਟਲਾਂ ਨੂੰ ਢਾਹੁਣ ਦੀ ਕਾਰਵਾਈ ਨਹੀਂ ਹੋ ਸਕੀ। ਸਰਕਾਰ ਦੀ ਇਸ ਕਾਰਵਾਈ ਦਾ ਸਥਾਨਕ ਲੋਕਾਂ ਅਤੇ ਹੋਟਲ ਮਾਲਕਾਂ ਵੱਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਹੋਟਲ ਸੰਚਾਲਕਾਂ ਵੱਲੋਂ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ ਜਾ ਰਹੀ ਹੈ। ਧਰਨੇ ਤੋਂ ਬਾਅਦ ਪ੍ਰਸ਼ਾਸਨ ਨੇ ਫੈਸਲਾ ਕੀਤਾ ਹੈ ਕਿ ਬੁਲਡੋਜ਼ਰ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਢਾਹੁਣ ਦਾ ਕੰਮ ਹੱਥੀਂ ਕੀਤਾ ਜਾਵੇਗਾ। ਜਾਣਕਾਰੀ ਮੁਤਾਬਕ ਪ੍ਰਸ਼ਾਸਨ ਯਕਮੁਸ਼ਤ ਨਿਪਟਾਰਾ ਯੋਜਨਾ 'ਤੇ ਕੰਮ ਕਰ ਰਿਹਾ ਹੈ। ਸਰਕਾਰ ਨੇ ਮਕਾਨਾਂ ਨੂੰ ਢਾਹੁਣ ਲਈ ਢੁੱਕਵੀਂ ਯੋਜਨਾ ਬਣਾਉਣ ਲਈ ਸੀਬੀਆਰਆਈ ਦੀ ਟੀਮ ਨੂੰ ਬੁਲਾਇਆ ਹੈ। ਹੁਣ ਤੱਕ ਕੁੱਲ 731 ਘਰਾਂ ਵਿੱਚ ਤਰੇੜਾਂ ਆ ਚੁੱਕੀਆਂ ਹਨ।

ਜ਼ਿਕਰਯੋਗ ਹੈ ਕਿ ਰਾਜ ਸਰਕਾਰ ਨੇ ਸੋਮਵਾਰ ਨੂੰ 'ਮਾਊਂਟ ਵਿਊ' ਅਤੇ 'ਮਲਾਰੀ ਇਨ' ਹੋਟਲਾਂ ਨੂੰ ਢਾਹੁਣ ਦਾ ਫੈਸਲਾ ਕੀਤਾ ਸੀ। ਜਿਸ ਵਿੱਚ ਹਾਲ ਹੀ ਵਿੱਚ ਇੱਕ ਵੱਡਾ ਦਰਾਰ ਆ ਗਿਆ ਹੈ ਅਤੇ ਦੋਵੇਂ ਇੱਕ ਦੂਜੇ ਵੱਲ ਝੁਕ ਗਏ ਹਨ। ਇਸ ਨਾਲ ਆਲੇ-ਦੁਆਲੇ ਦੀਆਂ ਇਮਾਰਤਾਂ ਨੂੰ ਖਤਰਾ ਬਣਿਆ ਹੋਇਆ ਹੈ। ਇਲਾਕੇ 'ਚ ਬੈਰੀਕੇਡ ਲਗਾ ਦਿੱਤੇ ਗਏ ਹਨ ਅਤੇ ਇਨ੍ਹਾਂ ਹੋਟਲਾਂ ਅਤੇ ਆਸ-ਪਾਸ ਦੇ ਘਰਾਂ ਨੂੰ ਬਿਜਲੀ ਸਪਲਾਈ ਬੰਦ ਕਰ ਦਿੱਤੀ ਗਈ ਹੈ, ਜਿਸ ਕਾਰਨ ਕਰੀਬ 500 ਘਰਾਂ ਨੂੰ ਬਿਜਲੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਲੋਕਾਂ ਨੂੰ ਕੱਢਣ ਲਈ ਚੱਲ ਰਹੇ ਯਤਨਾਂ ਦੌਰਾਨ ਕੁੱਲ 131 ਪਰਿਵਾਰ ਹੁਣ ਤੱਕ ਅਸਥਾਈ ਰਾਹਤ ਕੇਂਦਰਾਂ ਵਿੱਚ ਪਹੁੰਚ ਚੁੱਕੇ ਹਨ, ਜਦੋਂ ਕਿ ਜੋਸ਼ੀਮੱਠ ਵਿੱਚ ਤਰੇੜਾਂ ਅਤੇ ਜ਼ਮੀਨ ਖਿਸਕਣ ਨਾਲ ਪ੍ਰਭਾਵਿਤ ਘਰਾਂ ਦੀ ਗਿਣਤੀ 723 ਹੋ ਗਈ ਹੈ। ਆਫਤ ਪ੍ਰਬੰਧਨ ਅਥਾਰਟੀ ਦੀ ਚਮੋਲੀ ਇਕਾਈ ਨੇ ਮੰਗਲਵਾਰ ਨੂੰ ਇਕ ਬੁਲੇਟਿਨ 'ਚ ਇਹ ਜਾਣਕਾਰੀ ਦਿੱਤੀ। ਇਲਾਕੇ ਵਿੱਚ 86 ਘਰਾਂ ਨੂੰ ਅਸੁਰੱਖਿਅਤ ਦੱਸਿਆ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਅਜਿਹੇ ਘਰਾਂ ਦੇ ਬਾਹਰ ਲਾਲ ਨਿਸ਼ਾਨ ਲਗਾ ਦਿੱਤੇ ਹਨ।

## ਮਾਸਕੋ ਤੋਂ ਗੋਆ ਆ ਰਹੀ ਚਾਰਟਰਡ ਫਲਾਈਟ 'ਚ ਬੰਬ ਦਾ ਅਲਰਟ, ਜਾਮਨਗਰ 'ਚ ਐਮਰਜੈਂਸੀ ਲੈਂਡਿੰਗ



ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਸੋਮਵਾਰ ਰਾਤ ਮਾਸਕੋ ਤੋਂ ਗੋਆ ਆ ਰਹੀ ਚਾਰਟਰਡ ਫਲਾਈਟ 'ਚ ਬੰਬ ਹੋਣ ਦੀ ਸੂਚਨਾ ਮਿਲੀ ਹੈ। ਇਸ ਤੋਂ ਬਾਅਦ ਜਾਮਨਗਰ 'ਚ ਫਲਾਈਟ ਦੀ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਬੰਬ ਨਿਰੋਧਕ ਦਸਤਾ ਮੌਕੇ ਉਤੇ ਪਹੁੰਚਿਆ। ਸਾਰੇ ਯਾਤਰੀਆਂ ਦੀ ਜਾਂਚ ਕੀਤੀ ਗਈ। ਦਰਅਸਲ, ਗੋਆ ਏਟੀਸੀ ਨੂੰ ਇੱਕ ਮੇਲ ਆਇਆ ਸੀ, ਜਿਸ ਵਿੱਚ ਚਾਰਟਰਡ ਫਲਾਈਟ ਵਿੱਚ ਬੰਬ ਹੋਣ ਦੀ ਸੂਚਨਾ ਦਿੱਤੀ ਗਈ ਸੀ। ਇਸ ਤੋਂ ਬਾਅਦ ਫਲਾਈਟ ਦੀ ਤੁਰੰਤ ਜਾਮ-ਨਗਰ 'ਚ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਸਾਰੇ 244 ਯਾਤਰੀਆਂ ਨੂੰ ਫਲਾਈਟ ਤੋਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਬੰਬ ਸਕੁਐਡ ਦੀ ਟੀਮ ਫਲਾਈਟ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

ਤਾਜ਼ਾ ਅਪਡੇਟ ਦੇ ਅਨੁਸਾਰ, ਜਾਮ-ਨਗਰ ਹਵਾਈ ਅੱਡੇ ਦੇ ਨਿਰਦੇਸ਼ਕ ਨੇ ਕਿਹਾ ਕਿ ਮਾਸਕੋ-ਗੋਆ ਚਾਰਟਰਡ ਫਲਾਈਟ ਦੀ ਰਾਤ ਕਰੀਬ 9:49 ਵਜੇ ਸੁਰੱਖਿਅਤ ਐਮਰਜੈਂਸੀ ਲੈਂਡਿੰਗ ਕੀਤੀ ਗਈ। ਫਲਾਈਟ 'ਚ ਸਵਾਰ ਸਾਰੇ 244 ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਮੌਕੇ 'ਤੇ ਬੰਬ ਦਸਤੇ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਪਹੁੰਚ ਗਈਆਂ ਹਨ। ਇਸ ਤੋਂ ਇਲਾਵਾ ਸੀਆਈਐਸਐਫ ਅਧਿਕਾਰੀ, ਕਲੈਕਟਰ ਅਤੇ ਐਸਪੀ ਹਵਾਈ ਅੱਡੇ 'ਤੇ ਪਹੁੰਚ ਗਏ ਹਨ।

ਵਿਸਤਾਰਾ ਦੀ ਦਿੱਲੀ ਤੋਂ ਭੁਵਨੇਸ਼ਵਰ ਜਾਣ ਵਾਲੀ ਫਲਾਈਟ 'ਚ ਸੋਮਵਾਰ ਸ਼ਾਮ ਤਕਨੀਕੀ ਖਰਾਬੀ ਆ ਗਈ, ਜਿਸ ਤੋਂ ਬਾਅਦ ਇਸ ਨੂੰ ਦਿੱਲੀ ਏਅਰਪੋਰਟ 'ਤੇ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ। ਬਾਅਦ 'ਚ ਦਿੱਲੀ ਹਵਾਈ ਅੱਡੇ 'ਤੇ ਇਸ ਜਹਾਜ਼ ਦੀ ਸੁਰੱਖਿਅਤ ਲੈਂਡਿੰਗ ਕਰਵਾਈ ਗਈ। ਦੱਸਿਆ ਜਾ ਰਿਹਾ ਹੈ ਕਿ ਹਾਈਡ੍ਰੌਲਿਕ ਸਿਸਟਮ ਫੇਲ ਹੋਣ ਕਾਰਨ ਜਹਾਜ਼ ਉਡਾਣ ਭਰਨ ਤੋਂ ਬਾਅਦ ਵਾਪਸ ਪਰਤਿਆ।

ਇਸ ਤੋਂ ਪਹਿਲਾਂ ਕੋਲਕਾਤਾ ਹਵਾਈ ਅੱਡੇ 'ਤੇ ਲੈਂਡਿੰਗ ਸਮੇਂ ਵੱਡਾ ਹਾਦਸਾ ਟਲ ਗਿਆ ਸੀ। ਇਹ ਘਟਨਾ ਇੰਡੀਗੋ ਦੇ ਜਹਾਜ਼ ਨਾਲ ਉਦੋਂ ਵਾਪਰੀ ਜਦੋਂ ਉਹ ਹਵਾਈ ਅੱਡੇ 'ਤੇ ਉਤਰਨ ਵਾਲਾ ਸੀ। ਲੈਂਡਿੰਗ ਦੌਰਾਨ ਜਹਾਜ਼ ਦਾ ਪਿਛਲਾ ਹਿੱਸਾ ਜ਼ਮੀਨ ਨਾਲ ਟਕਰਾ ਗਿਆ। ਇਹ ਫਲਾਈਟ ਢਾਕਾ ਤੋਂ ਕੋਲਕਾਤਾ ਆ ਰਹੀ ਸੀ।

## ਫਲਾਈਟ ਵਿਚ ਔਰਤ 'ਤੇ ਪਿਸ਼ਾਬ ਕਰਨ ਦੇ ਮੁਲਜ਼ਮ ਵਿਅਕਤੀ ਨੂੰ ਅਦਾਲਤ ਨੇ ਜ਼ਮਾਨਤ ਦੇਣ ਤੋਂ ਕੀਤਾ ਇਨਕਾਰ



ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ) - ਏਅਰ ਇੰਡੀਆ ਦੀ ਫਲਾਈਟ ਵਿਚ ਇਕ ਮਹਿਲਾ ਸਹਿ-ਯਾਤਰੀ ਉੱਤੇ ਪਿਸ਼ਾਬ ਕਰਨ ਦੇ ਮੁਲਜ਼ਮ ਸ਼ੰਕਰ ਮਿਸ਼ਰਾ ਨੂੰ ਪਟਿਆਲਾ ਹਾਊਸ ਕੋਰਟ ਤੋਂ ਜ਼ਮਾਨਤ ਨਹੀਂ ਮਿਲ ਸਕੀ। ਅਦਾਲਤ ਨੇ ਮੁਲਜ਼ਮ ਸ਼ੰਕਰ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ। ਦਿੱਲੀ ਪੁਲਸ ਨੇ ਮੁਲਜ਼ਮ ਸ਼ੰਕਰ ਮਿਸਰਾ ਦੀ ਜ਼ਮਾਨਤ ਦਾ ਵਿਰੋਧ ਕੀਤਾ ਸੀ। ਅਦਾਲਤ ਨੇ ਮੁਲਜ਼ਮ ਦੀ ਜ਼ਮਾਨਤ ਅਰਜ਼ੀ ਰੱਦ ਕਰਦਿਆਂ ਕਿਹਾ ਕਿ ਫਿਲਹਾਲ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰਨਾ ਉਚਿਤ ਨਹੀਂ ਹੈ। ਐਮ ਕੋਮਲ ਗਰਗ ਦੀ ਅਦਾਲਤ ਵਿਚ ਕੇਸ ਦੀ ਸੁਣਵਾਈ ਹੋਈ। ਸੁਣਵਾਈ ਦੌਰਾਨ ਸ਼ੰਕਰ ਮਿਸ਼ਰਾ ਦੇ ਵਕੀਲ ਮਨੂ ਸ਼ਰਮਾ ਨੇ ਅਦਾਲਤ ਵਿਚ ਕਿਹਾ, 'ਸਿਰਫ ਧਾਰਾ 354 ਗੈਰ-ਜਮਾਨਤੀ ਧਾਰਾ ਹੈ, ਬਾਕੀ ਸਭ ਜ਼ਮਾਨਤੀ ਹੈ ਅਤੇ ਸਜਾ ਵੀ ਸੱਤ ਸਾਲ ਤੋਂ ਘੱਟ ਹੈ।' ਉਨ੍ਹਾਂ ਕਿਹਾ, "20 ਦਸੰਬਰ ਨੂੰ ਪੋਰਟਲ 'ਤੇ ਸ਼ਿਕਾਇਤ ਦਿੱਤੀ ਗਈ ਸੀ ਅਤੇ 4 ਜਨਵਰੀ ਨੂੰ ਏਅਰਪੋਰਟ ਪੁਲਸ ਦੁਆਰਾ ਐਫਆਈਆਰ ਦਰਜ ਕੀਤੀ ਗਈ ਸੀ, 7 ਜਨਵਰੀ ਨੂੰ ਉਨ੍ਹਾਂ ਨੂੰ ਪੁੱਛਗਿੱਛ ਲਈ ਬੁਲ-ਾਇਆ ਗਿਆ ਸੀ। ਏਅਰ ਇੰਡੀਆ ਨੇ ਇੱਕ ਅੰਦਰੂਨੀ ਕਮੇਟੀ ਵੀ ਬਣਾਈ ਸੀ ਅਤੇ ਜਾਂਚ ਸੁਰੂ ਕਰ ਦਿੱਤੀ। ਜਦੋਂ ਸਾਡਾ ਵਕੀਲ ਕਮੇਟੀ ਦੇ ਸਾਹਮਣੇ ਪੇਸ ਹੋਇਆ ਤਾਂ ਮੈਂ ਭੱਜਿਆ ਨਹੀਂ, ਮੈਂ ਉਥੇ ਪੇਸ਼ ਹੋਇਆ। ਪੁਲਸ ਨੇ ਸੋਚਿਆ ਕਿ ਮੈਂ ਨਹੀਂ ਮਿਲਾਂਗਾ ਅਤੇ ਗੈਰ-ਜਮਾਨਤੀ ਵਾਰੰਟ ਜਾਰੀ ਕਰ ਦਿੱਤਾ ਹੈ।

ਮੁਲਜਮਾਂ ਦੀ ਤਰਫੋਂ ਬਹਿਸ ਕਰਦੇ ਹੋਏ ਐਡਵੋਕੇਟ ਮਨੂ ਸ਼ਰਮਾ ਨੇ ਕਿਹਾ, "ਮੈਂ ਸਹਿਮਤ ਹਾਂ ਕਿ ਮੈਂ ਜਿਪ ਖੋਲ੍ਹੀ ਸੀ। ਇਹ ਇਤਰਾਜ਼ਯੋਗ ਕੰਮ ਸੀ ਪਰ ਕੀ ਇਹ ਜਿਣਸੀ ਹਰਕਤ ਸੀ, ਇਸ ਦਾ ਕੋਈ ਇਰਾਦਾ ਵੀ ਨਹੀਂ ਸੀ। ਦੂਜੇ ਪਾਸੇ ਦਿੱਲੀ ਪੁਲਸ ਨੇ ਸ਼ੰਕਰ ਮਿਸ਼ਰਾ ਨੂੰ ਜਮਾਨਤ ਦੇਣ ਦਾ ਵਿਰੋਧ ਕਰਦਿਆਂ ਕਿਹਾ ਕਿ ਮੁਲਜ਼ਮ ਪ੍ਰਭਾਵਸ਼ਾਲੀ ਹੈ। ਕੇਸ ਪ੍ਰਭਾਵਿਤ ਕਰ ਸਕਦਾ ਹੈ। ਦਿੱਲੀ ਪੁਲਿਸ ਨੇ ਕਿਹਾ ਕਿ ਜਾਂਚ ਅਜੇ ਸੁਰੂਆਤੀ ਪੜਾਅ 'ਤੇ ਹੈ। ਜਾਂਚ ਪ੍ਰਭਾਵਿਤ ਹੋ ਸਕਦੀ ਹੈ, ਗਵਾਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। 6 ਲੋਕਾਂ ਤੋਂ ਪੁੱਛਗਿੱਛ ਕੀਤੀ ਜਾਣੀ ਬਾਕੀ ਹੈ, ਜਿਨ੍ਹਾਂ 'ਚ ਚਾਲਕ ਦਲ ਦੇ ਮੈਂਬਰ ਅਤੇ ਕੁਝ ਯਾਤਰੀ ਹਨ।

## ਗੁਟਖਾ ਪਾਉਚ 'ਚ ਲੁਕਾ ਕੇ 32 ਲੱਖ ਰੁਪਏ ਬੈਂਕਾਕ ਲਿਜਾ ਰਹੇ ਸਨ, ਕੋਲਕਾਤਾ ਕਸਟਮ ਨੇ ਕੀਤਾ ਕਾਬੂ



ਕੋਲਕਾਤਾ, 12 ਜਨਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ 'ਚ ਕਸਟਮ ਵਿਭਾਗ ਨੇ ਐਤਵਾਰ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਬੈਂਕਾਕ ਜਾ ਰਹੇ ਇਕ ਵਿਅਕਤੀ ਨੂੰ 40,000 ਡਾਲਰ ਨਾਲ ਫੜ੍ਹਿਆ। ਰਿਪੋਰਟ ਮੁਤਾਬਕ ਵਿਅਕਤੀ ਨੇ ਇਹ ਰਕਮ ਸੀਲਬੰਦ ਪਾਨ ਮਸਾਲਾ ਪਾਊਚ 'ਚ ਲੁਕਾ ਕੇ ਰੱਖੀ ਸੀ। ਇਹ ਰਕਮ ਭਾਰਤੀ ਰੁਪਏ ਵਿੱਚ ਲਗਭਗ 32 ਲੱਖ 78 ਹਜ਼ਾਰ ਬਣਦੀ ਹੈ। ਇਸ ਦੀ ਵੀਡੀਉ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ 'ਚ ਕਸਟਮ ਅਧਿਕਾਰੀ ਗੁਟਕੇ ਦੇ ਪਾਊਚਾਂ 'ਚੋਂ ਡਾਲਰ ਕੱਢ ਰਹੇ ਹਨ। ਕੋਲਕਾਤਾ ਕਸਟਮ ਨੇ ਏਅਰ ਇੰਟੈਲੀਜੈਂਸ ਯੂਨਿਟ ਦੇ ਅਧਿਕਾਰੀਆਂ ਦੀ ਸੂਚਨਾ 'ਤੇ ਕਾਰਵਾਈ ਕੀਤੀ। ਜਾਂਚ ਤੋਂ ਬਾਅਦ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਉਸ ਦੇ ਚੈੱਕ-ਇਨ ਸਾਮਾਨ ਦੀ ਤਲਾਸ਼ੀ ਲੈਣ 'ਤੇ 40 ਹਜ਼ਾਰ ਡਾਲਰ ਮਿਲੇ। ਹਰੇਕ ਥੈਲੀ ਦੇ ਅੰਦਰ 10 ਡਾਲਰ ਦੇ ਦੋ ਨੋਟ ਪੈਕ ਕੀਤੇ ਗਏ ਸਨ। ਵਾਇਰਲ ਵੀਡੀਉ 'ਚ ਦੇਖਿਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਇਕ ਅਧਿਕਾਰੀ ਬੈਗ 'ਚ ਰੱਖੇ ਗੁਟਖਾ ਦੇ ਪੈਕੇਟ ਨੂੰ ਪਾੜ ਕੇ ਪਾਉਚ ਕੱਢ ਰਿਹਾ ਹੈ। ਫਿਰ ਉਨ੍ਹਾਂ ਨੂੰ ਇੱਕ-ਇੱਕ ਕਰਕੇ ਪਾੜ ਦਿੰਦੇ ਹਨ, ਜਿਨ੍ਹਾਂ ਵਿੱਚੋਂ ਡਾਲਰ ਕੱਢੇ ਜਾਂਦੇ ਹਨ। ਟਰਾਲੀ ਬੈਗ ਗੁਟਖਾ ਦੇ ਪੈਕਟਾਂ ਨਾਲ ਭਰਿਆ ਹੋਇਆ ਹੈ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਜੈਪੁਰ ਏਅਰਪੋਰਟ 'ਤੇ ਕਸਟਮ ਅਧਿਕਾਰੀਆਂ ਨੇ ਟਰਾਲੀ ਬੈਗ 'ਚੋਂ 48 ਲੱਖ 46 ਹਜ਼ਾਰ ਦਾ ਸੋਨਾ ਬਰਾਮਦ ਕੀਤਾ ਹੈ। ਸੋਨਾ ਲੈ ਕੇ ਜਾਣ ਵਾਲਾ ਯਾਤਰੀ ਏਅਰ ਅਰੇਬੀਆ ਦੀ ਉਡਾਣ ਰਾਹੀਂ ਸ਼ਾਰਜਾਹ ਤੋਂ ਜੈਪੁਰ ਹਵਾਈ ਅੱਡੇ ਪਹੁੰਚਿਆ ਸੀ।

## ਮੰਗਲੂਰੂ 'ਚ ਡਰੱਗਜ਼ ਦੇ ਨਾਲ ਐੱਮਬੀਬੀਐੱਸ ਤੇ ਬੀਡੀਐੱਸ ਦੇ ਵਿਦਿਆਰਥੀਆਂ ਸਮੇਤ 10 ਗ੍ਰਿਫਤਾਰ



ਮੰਗਲੁਰ, 12 ਜਨਵਰੀ (ਪੋਸਟ ਬਿਊਰੋ) - ਕਰਨਾਟਕ ਦੇ ਮੰਗਲੁਰੂ ਵਿਚ ਪੁਲਿਸ ਨੇ ਇਕ ਵਿਦੇਸ਼ੀ ਨਾਗਰਿਕ ਸਮੇਤ 10 ਲੋਕਾਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਫੜ੍ਹੇ ਗਏ ਮੁਲਜ਼ਮਾਂ ਵਿਚ 2 ਡਾਕਟਰ, 5 ਐਮਬੀਬੀਐਸ ਵਿਦਿਆਰਥੀ, 2 ਬੀਡੀਐਸ ਅਤੇ ਇਕ ਫਿਜੀਓਥੈਰੇਪੀ ਦਾ ਵਿਦਿਆਰਥੀ ਸ਼ਾਮਲ ਹਨ। ਫੜ੍ਹੇ ਗਏ ਮੁਲਜ਼ਮਾਂ ਕੋਲੋਂ 2 ਕਿਲੋ ਗਾਂਜਾ, 2 ਮੋਬਾਈਲ ਫੋਨ, 7 ਹਜ਼ਾਰ ਦੀ ਨਕਦੀ ਬਰਾਮਦ ਹੋਈ ਹੈ। ਐਨਆਰਆਈ ਨੀਲ ਕਿਸ਼ੋਰੀਲਾਲ ਰਾਮਜੀ ਸ਼ਾਹ ਨੇ ਵਿਸ਼ਾਖਾਪਟਨਮ ਤੋਂ ਨਸ਼ਾ ਖਰੀਦਿਆ ਸੀ। ਨੀਲ ਦੀ ਗ੍ਰਿਫਤਾਰੀ ਤੋਂ ਬਾਅਦ 9 ਹੋਰ ਗ੍ਰਿਫਤਾਰੀਆਂ ਹੋਈਆਂ। ਪੁਲਸ ਨੇ ਸਾਰੇ ਮੁਲਜ਼ਮਾਂ ਨੂੰ 2 ਦਿਨਾਂ ਦੇ ਰਿਮਾਂਡ 'ਤੇ ਲਿਆ ਹੈ।

ਪੁਲਿਸ ਕਮਿਸ਼ਨਰ ਸ਼ਸ਼ੀਕੁਮਾਰ ਨੇ ਕਿਹਾ ਕਿ ਪੁਲਸ ਨੇ ਕ੍ਰਾਈਮ ਬ੍ਰਾਂਚ ਦੀ ਮਦਦ ਨਾਲ ਕਾਰਵਾਈ ਕਰਦੇ ਹੋਏ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਕਾਰਵਾਈ ਗੁਪਤ ਸੂਚਨਾ ਦੇ ਆਧਾਰ 'ਤੇ ਕੀਤੀ ਗਈ ਹੈ। ਜਦੋਂ ਅਸੀਂ ਉਨ੍ਹਾਂ ਨੂੰ ਫੜ੍ਹਿਆ ਤਾਂ ਸਾਨੂੰ ਇਕ ਖਿਡੌਣਾ ਪਿਸਤੌਲ ਅਤੇ ਗਾਂਜੇ ਦੇ ਕੁਝ ਪੈਕਟ ਮਿਲੇ। ਉਹ ਬਚਾਅ ਦੇ ਤੌਰ 'ਤੇ ਆਪਣੇ ਕੋਲ ਖਿਡੌਣਾ ਪਿਸਤੌਲ ਰੱਖਦਾ ਸੀ ਅਤੇ ਧਮਕੀ ਦੇਣ 'ਤੇ ਇਸ ਨੂੰ ਕੱਢ ਲੈਂਦਾ ਸੀ। ਸ਼ਸ਼ੀਕੁਮਾਰ ਨੇ ਦੱਸਿਆ ਕਿ ਨੀਲ ਪਿਛਲੇ 15 ਸਾਲਾਂ ਤੋਂ ਮੰਗਲੁਰੂ ਵਿਚ ਰਹਿ ਰਿਹਾ ਯੂ.ਕੇ. ਦਾ ਨਾਗਰਿਕ ਹੈ। ਉਹ ਡੈਂਟਲ ਕਾਲਜ ਵਿਚ ਆਪਣੀ ਪੜ੍ਹਾਈ ਕਰ ਰਿਹਾ ਸੀ ਅਤੇ ਪਿਛਲੇ 15 ਸਾਲਾਂ ਵਿੱਚ ਆਪਣੀ ਪੜ੍ਹਾਈ ਪੂਰੀ ਨਹੀਂ ਕੀਤੀ ਸੀ। ਸਾਡੇ ਕੋਲ ਉਸਦੇ ਖਿਲਾਫ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਸਬੂਤ ਹਨ।

ਉਸ ਦੇ ਇਨਪੁਟ ਦੇ ਅਧਾਰ 'ਤੇ ਪੁਲਸ ਨੇ ਹੋਰ ਵਿਦਿਆਰਥੀਆਂ ਅਤੇ ਡਾਕਟਰਾਂ ਨੂੰ ਗ੍ਰਿਫ਼ਤਾਰ ਕੀਤਾ ਜੋ ਨਸ਼ੇ ਦਾ ਸੇਵਨ ਅਤੇ ਵੇਚ ਰਹੇ ਸਨ। ਡਾਕਟਰ, ਡੈਂਟਲ ਅਤੇ ਮੈਡੀਕਲ ਵਿਦਿਆਰਥੀਆਂ ਸਮੇਤ ਕੁੱਲ 9 ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚ 22 ਤੋਂ 32 ਸਾਲ ਦੀ ਉਮਰ ਦੇ ਪੰਜ ਪੁਰਸ਼ ਅਤੇ ਚਾਰ ਲੜਕੀਆਂ ਸ਼ਾਮਲ ਹਨ। ਗ੍ਰਿਫਤਾਰ ਲੜਕੀਆਂ ਐਮਬੀਬੀਐਸ ਅਤੇ ਬੀਡੀਐਸ ਕਰ ਰਹੀਆਂ ਹਨ, ਗ੍ਰਿਫਤਾਰ ਪੁਰਸ਼ਾਂ ਵਿਚ ਦੋ ਮੈਡੀਕਲ ਅਫ਼ਸਰ ਅਤੇ ਤਿੰਨ ਵਿਦਿਆਰਥੀ ਐਮਬੀਬੀਐਸ ਅਤੇ ਬੀਡੀਐਸ ਕਰ ਰਹੇ ਹਨ। ਗ੍ਰਿਫਤਾਰ ਕੀਤੇ ਗਏ ਲੋਕ ਵੱਖ-ਵੱਖ ਰਾਜਾਂ ਜਿਵੇਂ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕੇਰਲ, ਪੰਜਾਬ, ਦਿੱਲੀ ਅਤੇ ਕਰਨਾਟਕ ਦੇ ਹਨ।

## ਭਾਰਤ ਪਰਤੇ ਜ਼ਿਆਦਾਤਰ ਅੰਤਰਰਾਸ਼ਟਰੀ ਯਾਤਰੀ ਕੋਵਿਡ ਦੇ ਉਮੀਕ੍ਰੋਨ ਵੇਰੀਐਂਟ ਨਾਲ ਸੰਕਰਮਿਤ




ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਸਰਕਾਰ ਕੋਰੋਨਾ ਸੰਕਰਮਣ ਦੇ ਸੰਭਾਵੀ ਵਾਪਸੀ ਦੇ ਖ਼ਤਰੇ ਨੂੰ ਲੈ ਕੇ ਚੌਕਸ ਹੈ। ਖਾਸ ਕਰਕੇ ਵਿਦੇਸ਼ਾਂ ਤੋਂ ਭਾਰਤ ਆਉਣ ਵਾਲੇ ਲੋਕਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਹੁਣ ਤੱਕ ਵਿਦੇਸ਼ ਤੋਂ ਆਏ 183 ਯਾਤਰੀ ਕੋਰੋਨਾ ਸੰਕਰਮਿਤ ਪਾਏ ਗਏ ਹਨ। 29 ਦਸੰਬਰ, 2022 ਤੋਂ 7 ਜਨਵਰੀ, 2023 ਤੱਕ, ਏਕੀਕ੍ਰਿਤ ਰੋਗ ਨਿਗਰਾਨੀ ਪ੍ਰੋਗਰਾਮ (ਆਈਡੀਐਸਪੀ) ਸੈਂਟੀਨੇਲ ਸਾਈਟਾਂ ਨੇ 22 ਇੰਓਗ ਪ੍ਰਯੋਗਸ਼ਾਲਾਵਾਂ ਨੂੰ ਕ੍ਰਮਬੱਧ ਕਰਨ ਲਈ 324 ਕੋਵਿਡ 19 ਸਕਾਰ-ਾਤਮਕ ਨਮੂਨੇ ਭੇਜੇ ਹਨ।

ਸੀਕਵੈਂਸਿੰਗ ਲਈ ਭੇਜੇ ਗਏ ਇਹਨਾਂ ਸਕਾਰਾਤਮਕ ਨਮੂਨਿਆਂ ਦੀ ਸੈਂਟੀਨੇਲ ਸੀਕੁਏਂਸਿੰਗ ਨੇ BA.2 ਵਰਗੇ ਸਾਰੇ ਉਮੀਕ੍ਰੋਨ ਵੇਰੀਐਂਟਸ ਦੀ ਮੌਜੂਦਗੀ ਦਾ ਖੁਲਾਸਾ ਕੀਤਾ ਅਤੇ ਇਸਦੇ ਸਬ-ਵੇਰੀਐਂਟਸ ਜਿਸ ਵਿੱਚ BA.2.75, XBB (37), BQ.1 ਅਤੇ BQ.1.1 (5), ਆਦਿ ਸ਼ਾਮਲ ਹਨ। ਹਾਲਾਂਕਿ, ਉਹਨਾਂ ਖੇਤਰਾਂ ਵਿੱਚ ਕੋਈ ਮੌਤ ਜਾਂ ਪ੍ਰਸਾਰਣ ਵਿੱਚ ਵਾਧਾ ਨਹੀਂ ਹੋਇਆ ਹੈ ਜਿੱਥੇ ਇਹਨਾਂ ਰੂਪਾਂ ਦਾ ਪਤਾ ਲਗਾਇਆ ਗਿਆ ਹੈ।

ਕੋਰੋਨਾ ਦੇ ਵਧਦੇ ਖਤਰੇ ਦੇ ਮੱਦੇਨਜ਼ਰ, ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ 24 ਦਸੰਬਰ, 2022 ਤੋਂ ਵੱਖ-ਵੱਖ ਹਵਾਈ ਅੱਡਿਆਂ 'ਤੇ ਪਹੁੰਚਣ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਦੀ ਰੈਂਡਮ ਜਾਂਚ ਸ਼ੁਰੂ ਕਰ ਦਿੱਤੀ ਹੈ। ਉਦੋਂ ਤੋਂ ਵੱਖ-ਵੱਖ ਹਵਾਈ ਅੱਡਿਆਂ 'ਤੇ 7786 ਉਡਾਣਾਂ 'ਤੇ 13,57,243 ਅੰਤਰਰਾਸ਼ਟਰੀ ਯਾਤਰੀ ਭਾਰਤ ਆਏ, ਜਿਨ੍ਹਾਂ ਵਿੱਚੋਂ 29,113 ਰੈਂਡਮ ਚੁਣੇ ਗਏ ਯਾਤਰੀਆਂ ਦਾ ਆਰਟੀ-ਪੀਸੀਆਰ ਟੈਸਟ ਕੀਤਾ ਗਿਆ।

ਕੁੱਲ 183 ਸੈਂਪਲ ਪਾਜ਼ੇਟਿਵ ਪਾਏ ਗਏ, ਜਿਨ੍ਹਾਂ ਨੂੰ ਬਾਅਦ ਵਿੱਚ 13 INSACOG ਲੈਬਾਂ ਵਿੱਚ ਪੂਰੇ ਜੀਨੋਮ ਸੀਕਵੈਂਸਿੰਗ ਲਈ ਭੇਜਿਆ ਗਿਆ। 50 ਨਮੂਨਿਆਂ ਦੀ ਕ੍ਰਮਵਾਰ ਰੀਕੋਂਬੀਨੈਂਟ ਵੇਰੀਐਂਟਸ ਸਮੇਤ ਓਮੀਕ੍ਰੋਨ ਅਤੇ ਓਮਾਈਕ੍ਰੋਨ ਉਪ-ਰੂਪਾਂ ਨੂੰ ਦੁਬਾਰਾ ਪ੍ਰਗਟ ਕੀਤਾ ਗਿਆ। XBB (11), BQ.1.1 (12) ਅਤੇ BF7.4.1 (1) ਅੰਤਰਰਾਸ਼ਟਰੀ ਯਾਤਰੀਆਂ ਦੇ ਨਮੂਨਿਆਂ ਵਿੱਚ ਖੋਜੇ ਗਏ ਮੁੱਖ ਰੂਪ ਸਨ। ਵਰਤਮਾਨ ਵਿੱਚ, ਕੇਂਦਰੀ ਸਿਹਤ ਮੰਤਰਾਲਾ ਧਿਁਫ ਨੈੱਟਵਰਕ ਰਾਹੀਂ ਵੱਖ-ਵੱਖ ਰਾਜਾਂ ਵਿੱਚ ਕੋਵਿਡ-19 ਦੀ ਸਥਿਤੀ, ਖਾਸ ਕਰਕੇ ਟਰਾਂਸਮਿਸ਼ਨ ਅਤੇ ਹਸਪਤਾਲ ਵਿੱਚ ਭਰਤੀ ਹੋਣ ਦੇ ਰੁਝਾਨਾਂ ਦੀ ਨੇੜਿਓਂ ਨਿਗਰਾਨੀ ਕਰ ਰਿਹਾ ਹੈ।

# ਚੀਨ ਦਾ ਸੂਬੇ ਹੇਨਾਨ ਬਣਿਆ 'ਦੂਸਰਾ ਵੂਹਾਨ', 90 ਫੀਸਦੀ ਆਬਾਦੀ ਹੈ ਕੋਰੋਨਾ ਤੋਂ ਪੀੜਤ



ਬੀਜਿੰਗ, 12 ਜਨਵਰੀ (ਪੋਸਟ ਬਿਊਰੋ)- ਚੀਨ 'ਚ ਕੋਰੋਨਾ ਦਾ ਕਹਿਰ ਜਾਰੀ ਹੈ। ਕੋਰੋਨਾ ਪਾਜੇ-ਟਿਵ ਲੋਕਾਂ ਦੀ ਗਿਣਤੀ ਇੰਨੀ ਜ਼ਿਆਦਾ ਹੈ ਕਿ ਹਸਪਤਾਲਾਂ ਵਿੱਚ ਜਗ੍ਹਾ ਘੱਟ ਹੈ। ਸ਼ਹਿਰ ਤੋਂ ਬਾਅਦ ਸ਼ਹਿਰ ਕੋਰੋਨਾ ਦੀ ਲਪੇਟ 'ਚ ਆ ਰਹੇ ਹਨ। ਚੀਨ ਵਿੱਚ ਕੋਰੋਨਾ ਦਾ ਜ਼ਿਕਰ ਹੁੰਦੇ ਹੀ ਸਭ ਤੋਂ ਪਹਿਲਾਂ ਵੂਹਾਨ ਸ਼ਹਿਰ ਦਾ ਨਾਮ ਆਉਂਦਾ ਹੈ। ਪਰ ਹੁਣ ਸਥਿਤੀ ਅਜਿਹੀ ਹੈ ਕਿ ਚੀਨ ਦੇ ਤੀਜੇ ਸਭ ਤੋਂ ਵੱਡੇ ਆਬਾਦੀ ਵਾਲੇ ਸੂਬੇ ਹੇਨਾਨ ਵਿੱਚ ਵੀ 90 ਫੀਸਦੀ ਆਬਾਦੀ ਕੋਰੋਨਾ ਸੰਕਰਮਣ ਤੋਂ ਪ੍ਰਭਾਵਿਤ ਹੈ।

ਹੇਨਾਨ ਦੇ ਸਿਹਤ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਜਿਸ ਤਰ੍ਹਾਂ ਚੀਨ ਦੇ ਵੂਹਾਨ ਸੂਬੇ ਵਿੱਚ ਕੋਰੋਨਾ ਦੀ ਪਹਿਲੀ ਲਹਿਰ ਨੇ ਤਬਾਹੀ ਮਚਾਈ ਸੀ। ਅਜਿਹਾ ਹੀ ਹਾਲ ਹੇਨਾਨ ਸੂਬੇ ਦਾ ਹੈ।

ਦਰਅਸਲ, ਦੁਨੀਆ ਵਿੱਚ ਕੋਰੋਨਾ ਦਾ ਪਹਿਲਾ ਮਾਮਲਾ ਵੂਹਾਨ ਤੋਂ ਹੀ ਪਾਇਆ ਗਿਆ ਸੀ। ਹੇਨਾਨ ਪ੍ਰਾਂਤ ਦੇ ਸਿਹਤ ਕਮਿਸ਼ਨ ਦੇ ਨਿਰਦੇਸ਼ਕ ਕਾਨ ਕਵਾਂਚੇਂਗ ਨੇ ਕਿਹਾ ਕਿ 6 ਜਨਵਰੀ, 2023 ਤੱਕ, ਹੇਨਾਨ ਵਿੱਚ ਕੋਰੋਨਾ ਸੰਕਰਮਣ ਦੀ ਦਰ 89.0 ਪ੍ਰਤੀਸ਼ਤ ਸੀ। ਯਾਨੀ ਹੇਨਾਨ ਦੀ 9.94 ਕਰੋੜ ਆਬਾਦੀ ਵਿੱਚੋਂ 8.84 ਕਰੋੜ ਕੋਰੋਨਾ ਤੋਂ ਪੀੜਤ ਸਨ।

ਚੀਨ ਨੇ ਲਗਾਤਾਰ ਵਿਰੋਧ ਤੋਂ ਬਾਅਦ ਪਿਛਲੇ ਮਹੀਨੇ ਜ਼ੀਰੋ ਕੋਵਿਡ ਨੀਤੀ ਨੂੰ ਖਤਮ ਕਰ ਦਿੱਤਾ ਸੀ। ਉਦੋਂ ਤੋਂ ਚੀਨ ਵਿਚ ਕੋਰੋਨਾ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਮੀਡੀਆ ਰਿਪੋਰਟਾਂ ਵਿੱਚ ਇਹ ਵੀ ਸਾਹਮਣੇ ਆਇਆ ਸੀ ਕਿ ਚੀਨ ਦਾ ਸਿਹਤ ਵਿਭਾਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਚੀਨ ਦੀ ਸਥਿਤੀ ਹੁਣ ਦੁਨੀਆ ਵਿੱਚ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਚੀਨ ਦੇ ਹਸਪਤਾਲਾਂ ਵਿੱਚ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ਕਈ ਸ਼ਹਿਰਾਂ ਦੇ ਹਸਪਤਾਲਾਂ ਵਿੱਚ ਇਲਾਜ ਲਈ ਬੈੱਡ ਨਹੀਂ ਬਚੇ ਹਨ। ਦਵਾਈਆਂ ਦੀ ਵੀ ਵੱਡੀ ਘਾਟ ਹੈ। ਬੀਜਿੰਗ ਸਮੇਤ ਕਈ ਸੂਬਿਆਂ ਤੋਂ ਹੈਰਾਨ ਕਰਨ ਵਾਲੇ ਵੀਡੀਓ ਸਾਹਮਣੇ ਆਏ ਹਨ। ਇੱਥੇ ਸ਼ਮਸ਼ਾਨਘਾਟ ਵਿੱਚ ਲੰਬੀ ਲਾਈਨ ਲੱਗੀ ਹੋਈ ਸੀ। ਲੋਕਾਂ ਨੂੰ ਅੰਤਿਮ ਸੰਸਕਾਰ ਕਰਨ ਲਈ ਇੰਤਜ਼ਾਰ ਕਰਨਾ ਪਿਆ। ਇਸ ਸਭ ਦੇ ਬਾਵਜੂਦ ਚੀਨ ਨੇ ਆਪਣੀਆਂ ਸਰਹੱਦਾਂ ਪੂਰੀ ਤਰ੍ਹਾਂ ਖੋਲ੍ਹ ਦਿੱਤੀਆਂ ਹਨ।

ਇੰਨਾ ਹੀ ਨਹੀਂ ਚੀਨ ਤੋਂ ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਕੁਆਰੰਟੀਨ ਨਿਯਮ ਵੀ ਖਤਮ ਕਰ ਦਿੱਤੇ ਗਏ ਹਨ। ਇਸ ਦੇ ਨਾਲ ਹੀ ਚੀਨ 'ਤੇ ਵੀ ਕੋਰੋਨਾ ਦੇ ਅੰਕੜੇ ਛੁਪਾਉਣ ਦਾ ਦੋਸ਼ ਲਗਾਇਆ ਜਾ ਰਿਹਾ ਹੈ। ਚੀਨ ਦਾ ਦਾਅਵਾ ਹੈ ਕਿ ਦਸੰਬਰ ਤੋਂ ਹੁਣ ਤੱਕ ਸਿਰਫ 1.2 ਲੱਖ ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ 30 ਲੋਕਾਂ ਦੀ ਮੌਤ ਹੋ ਚੁੱਕੀ ਹੈ। ਚੀਨ ਨੇ ਵੀ ਕੋਰੋਨਾ ਨਾਲ ਮੌਤ ਨੂੰ ਲੈ ਕੇ ਨਿਯਮਾਂ ਵਿੱਚ ਬਦਲਾਅ ਕੀਤਾ ਸੀ।

# ਪੇਰੂ 'ਚ ਹਿੰਸਕ ਪ੍ਰਦਰਸ਼ਨਾਂ ਨੂੰ ਰੋਕਣ ਲਈ ਰਾਤ ਨੂੰ ਕਰਫਿਊ ਦਾ ਹੁਕਮ, ਹੁਣ ਤੱਕ 40 ਮਰੇ



ਲੀਮਾ, 12 ਜਨਵਰੀ (ਪੋਸਟ ਬਿਊਰੋ) - ਪੇਰੂ ਨੇ ਮੰਗਲਵਾਰ ਨੂੰ ਹਿੰਸਕ ਪ੍ਰਦਰਸ਼ਨਾਂ ਨੂੰ ਰੋਕਣ ਲਈ ਦੱਖਣੀ ਪੁਨੋ ਖੇਤਰ ਵਿੱਚ ਕਰਫਿਊ ਦਾ ਐਲਾਨ ਕੀਤਾ। ਇਹ ਐਲਾਨ ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ 'ਚ 18 ਲੋਕਾਂ ਦੇ ਮਾਰੇ ਜਾਣ ਤੋਂ ਇਕ ਦਿਨ ਬਾਅਦ ਆਇਆ ਹੈ। ਤਿੰਨ ਦਿਨ ਦਾ ਰਾਤ ਦਾ ਕਰਫਿਊ ਰਾਤ 8:00 ਵਜੇ ਤੋਂ ਸਵੇਰੇ 4:00 ਵਜੇ ਤੱਕ ਚੱਲੇਗਾ। ਇਹ ਫੈਸਲਾ ਸਾਬਕਾ ਰਾਸ਼ਟਰਪਤੀ ਪੇਡਰੋ ਕਾਸਟੀਲੋ ਦੀ ਬੇਦਖਲੀ ਦੇ ਵਿਰੋਧ ਵਿੱਚ ਇੱਕ ਮਹੀਨੇ ਵਿਚ ਮੌਤਾਂ ਦੀ ਗਿਣਤੀ ਨੂੰ ਵਧਾ ਕੇ 40 ਕਰਨ ਤੋਂ ਬਾਅਦ ਆਇਆ ਹੈ। ਇਨ੍ਹਾਂ 40 ਲੋਕਾਂ ਵਿਚ ਸੋਮਵਾਰ ਰਾਤ ਨੂੰ ਮਾਰੇ ਗਏ 18 ਲੋਕ ਵੀ ਸ਼ਾਮਲ ਹਨ।

ਪੁਨੋ ਖੇਤਰ ਬੋਲੀਵੀਆ ਦੀ ਸਰਹੱਦ ਨਾਲ ਲੱਗਦਾ ਹੈ ਅਤੇ ਬਹੁਤ ਸਾਰੇ ਆਇਮਾਰਾ ਆਦਿਵਾਸੀ ਲੋਕਾਂ ਦਾ ਘਰ ਹੈ। ਇਹ ਇਲਾਕਾ ਕਾਸਟੀਲੋ ਸਮਰਥਕਾਂ ਦੇ ਵਿਰੋਧ ਦਾ ਕੇਂਦਰ ਬਣ ਗਿਆ ਹੈ। ਇੱਥੇ ਰਾਤ ਭਰ ਪ੍ਰਦਰਸ਼ਨਕਾਰੀਆਂ ਨੇ ਇਲਾਕੇ ਦੀਆਂ ਦੁਕਾਨਾਂ ਵਿਚ ਲੁੱਟਮਾਰ ਕੀਤੀ ਅਤੇ ਪੁਲਸ ਦੀਆਂ ਗੱਡੀਆਂ 'ਤੇ ਹਮਲਾ ਕਰ ਦਿੱਤਾ। ਉੱਥੇ ਸਭ ਤੋਂ ਵੱਧ ਖੂਨ-ਖਰਾਬਾ ਉਦੋਂ ਹੋਇਆ ਜਦੋਂ ਪ੍ਰਦਰਸ਼ਨਕਾਰੀਆਂ ਨੇ ਜੂਲੀਆਕਾ ਸ਼ਹਿਰ ਦੇ ਹਵਾਈ ਅੱਡੇ 'ਤੇ ਧਾਵਾ ਬੋਲਣ ਦੀ ਕੋਸ਼ਿਸ਼ ਕੀਤੀ। ਜੁਲੀਆਕਾ ਹਸਪਤਾਲ ਦੇ ਇਕ ਅਧਿਕਾਰੀ ਦੇ ਅਨੁਸਾਰ, 14 ਲੋਕਾਂ ਦੀ ਮੌਤ ਹੋ ਗਈ, ਬਹੁਤ ਸਾਰੇ ਬੰਦੂਕ ਦੀ ਗੋਲੀ ਨਾਲ ਜਖਮੀ ਹੋਏ। ਜੂਲੀਆਕਾ ਵਿੱਚ ਇੱਕ ਸਾਪਿੰਗ ਸੈਂਟਰ ਦੀ ਭੰਨਤੋੜ ਦੌਰਾਨ ਤਿੰਨ ਹੋਰ ਲੋਕਾਂ ਦੀ ਮੌਤ ਹੋ ਗਈ। ਇਸ ਵਿੱਚ ਇਕ ਪੁਲਿਸ ਅਧਿਕਾਰੀ ਵੀ ਸੀ, ਜਿਸਦੀ ਸੰਯੁਕਤ ਰਾਸਟਰ ਨੇ ਕਿਹਾ ਕਿ ਉਸਦੀ ਗੱਡੀ ਵਿੱਚ ਅੱਗ ਲੱਗਣ ਨਾਲ ਮੌਤ ਹੋ ਗਈ।

# ਦਬਾਅ ਅੱਗੇ ਝੁਕਿਆ ਤਾਲਿਬਾਨ, ਕੁੜੀਆਂ ਨੂੰ ਛੇਵੀਂ ਤੱਕ ਪੜ੍ਹਨ ਦੀ ਦਿੱਤੀ ਇਜਾਜ਼ਤ



ਕਾਬੁਲ, 12 ਜਨਵਰੀ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਦਬਾਅ ਹੇਠ ਤਾਲਿਬਾਨ ਨੇ ਛੇਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਨੂੰ ਸਕੂਲਾਂ ਵਿੱਚ ਪੜ੍ਹਨ ਦੀ ਇਜਾਜ਼ਤ ਦੇ ਦਿੱਤੀ ਹੈ। ਤਾਲਿਬਾਨ ਦੇ ਸਿੱਖਿਆ ਮੰਤਰਾਲੇ ਵੱਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਛੇਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਸਕੂਲਾਂ ਅਤੇ ਅਕਾਦਮਿਕ ਕੋਰਸਾਂ ਵਿੱਚ ਪੜ੍ਹਾਈ ਜਾਰੀ ਰੱਖ ਸਕਦੀਆਂ ਹਨ। ਇਸ ਪੱਤਰ ਵਿੱਚ ਸਿੱਖਿਆ ਮੰਤਰਾਲੇ ਨੇ ਅਧਿਕਾਰੀਆਂ ਨੂੰ ਛੇਵੀਂ ਜਮਾਤ ਤੱਕ ਦੀਆਂ ਵਿਦਿਆਰਥਣਾਂ ਲਈ ਸਕੂਲ ਅਤੇ ਵਿਦਿਅਕ ਕੇਂਦਰ ਖੋਲ੍ਹਣ ਲਈ ਕਿਹਾ ਹੈ।

ਦੱਸ ਦਈਏ ਕਿ ਅਫਗਾਨਿਸਤਾਨ 'ਤੇ ਤਾਲਿਬਾਨ ਦੇ ਕਬਜ਼ੇ ਦੇ ਬਾਅਦ ਤੋਂ ਹੀ ਔਰਤਾਂ ਲਈ ਕਈ ਤੁਗਲਕੀ ਫਰਮਾਨ ਜਾਰੀ ਕੀਤੇ ਗਏ ਸਨ, ਜਿਸ 'ਚ ਲੜਕੀਆਂ ਅਤੇ ਔਰਤਾਂ ਦੀ ਸਿੱਖਿਆ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਤਾਲਿਬਾਨ ਨੇ ਹੁਕਮ ਜਾਰੀ ਕੀਤਾ ਸੀ ਕਿ ਦੇਸ਼ ਭਰ ਵਿੱਚ ਕਿਸੇ ਵੀ ਕੁੜੀ ਜਾਂ ਔਰਤ ਨੂੰ ਸਕੂਲ ਜਾਂ ਯੂਨੀਵਰਸਿਟੀ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇ।

ਦੱਸ ਦੇਈਏ ਕਿ ਅਫਗਾਨਿਸਤਾਨ 'ਤੇ ਕਬਜ਼ਾ ਕਰਨ ਤੋਂ ਬਾਅਦ ਤਾਲਿਬਾਨ ਨੇ ਔਰਤਾਂ ਅਤੇ ਲੜਕੀਆਂ ਦੀ ਸਿੱਖਿਆ ਨੂੰ ਲੈ ਕੇ ਫ਼ਰਮਾਨ ਜਾਰੀ ਕੀਤਾ ਸੀ। ਜਿਸ ਵਿੱਚ ਕਿਹਾ ਗਿਆ ਸੀ ਕਿ ਔਰਤਾਂ ਅਤੇ ਲੜਕੀਆਂ ਪੁਰਸ਼ਾਂ ਦੇ ਸਕੂਲਾਂ ਵਿੱਚ ਨਹੀਂ ਪੜ੍ਹ ਸਕਣਗੀਆਂ। ਇਹ ਜਾਣਿਆ ਜਾਂਦਾ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਤਾਲਿਬਾਨ 'ਤੇ ਅਫਗਾਨਿਸਤਾਨ ਵਿਚ ਲੜਕੀਆਂ ਨੂੰ ਸਿੱਖਿਆ ਦਾ ਅਧਿਕਾਰ ਪ੍ਰਾਪਤ ਕਰਨ ਤੋਂ ਰੋਕਣ ਲਈ ਬਹੁਤ ਦਬਾਅ ਪਾਇਆ ਗਿਆ ਸੀ। ਹਾਲ ਹੀ ਵਿੱਚ ਅਫਗਾਨਿਸਤਾਨ ਵਿੱਚ ਸੰਯੁਕਤ ਰਾਸ਼ਟਰ ਦੇ ਇੱਕ ਚੋਟੀ ਦੇ ਡਿਪਲੋਮੈਟ ਨੇ ਕਾਬੁਲ ਵਿੱਚ ਤਾਲਿਬਾਨ ਦੇ ਸਿੱਖਿਆ ਮੰਤਰੀ ਮੁਹੰਮਦ ਨਦੀਮ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਤਾਲਿਬਾਨ ਨੂੰ ਔਰਤਾਂ ਦੀ ਸਿੱਖਿਆ 'ਤੇ ਲੱਗੀ ਪਾਬੰਦੀ ਨੂੰ ਤੁਰੰਤ ਹਟਾਉਣ ਲਈ ਕਿਹਾ।

# ਇਸ ਸਾਲ ਵਿਕਸਿਤ ਦੇਸ਼ਾਂ ਵਿਚ ਵਧੇਗੀ ਮੰਦੀ, ਵਿਸ਼ਵ ਆਰਥਿਕ ਵਿਕਾਸ ਵਿਚ ਆਏਗੀ ਗਿਰਾਵਟ: ਵਿਸ਼ਵ ਬੈਂਕ



ਵਸ਼ਿੰਗਟਨ, 12 ਜਨਵਰੀ (ਪੋਸਟ ਬਿਊਰੋ) - ਵਿਸ਼ਵ ਬੈਂਕ ਨੇ ਇਸ ਸਾਲ ਵਿਕਸਿਤ ਦੇਸ਼ਾਂ ਵਿਚ ਹੋਰ ਮੰਦੀ ਅਤੇ ਦੁਨੀਆ 'ਚ ਆਰਥਿਕ ਵਿਕਾਸ ਦਰ ਸਿਰਫ 1.7 ਫੀਸਦੀ ਰਹਿਣ ਦੀ ਭਵਿੱਖਬਾਣੀ ਕੀਤੀ ਹੈ।


ਵਿਸ਼ਵ ਬੈਂਕ ਦੀ ਰਿਪੋਰਟ ਗਲੋਬਲ ਇਕਨਾਮਿਕ ਪ੍ਰਾਸਪੈਕਟਸ ਵਿੱਚ ਇਹ ਛੇ ਮਹੀਨੇ ਪਹਿਲਾਂ ਦੇ ਅੰਦਾਜੇ ਦਾ ਅੱਧਾ ਹਿੱਸਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਪਿਛਲੇ 30 ਸਾਲਾਂ ਵਿੱਚ 2019 ਅਤੇ 2020 ਨੂੰ ਛੱਡ ਕੇ ਵਿਸ਼ਵ ਅਰਥਵਿਵਸਥਾ ਵਿੱਚ ਸਭ ਤੋਂ ਘੱਟ ਜੀਡੀਪੀ ਵਿਕਾਸ ਦਰ ਦਾ ਸਾਲ ਹੋਵੇਗਾ। ਰਿਪੋਰਟ ਵਿੱਚ ਵਿਸਵ ਬੈਂਕ ਸਮੂਹ ਦੇ ਪ੍ਰਧਾਨ ਡੇਵਿਡ ਮਾਲਪਾਸ ਨੇ ਕਿਹਾ ਹੈ ਕਿ ਵਿਕਸਤ ਦੇਸ਼ਾਂ ਵਿਚ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਉਸ ਨੇ ਕਿਹਾ ਹੈ ਕਿ ਤਾਜ਼ਾ ਅਨੁਮਾਨ ਦਰਸਾ ਰਹੇ ਹਨ ਕਿ ਸਥਿਤੀ ਤੇਜ਼ੀ ਨਾਲ ਅਤੇ ਵਿਆਪਕ ਤੌਰ 'ਤੇ ਵਿਗੜ ਰਹੀ ਹੈ।

ਦੁਨੀਆ ਦੇ ਲਗਭਗ ਸਾਰੇ ਖੇਤਰਾਂ ਵਿਚ ਪ੍ਰਤੀ ਵਿਅਕਤੀ ਆਮਦਨ ਕੋਵਿਡ ਮਹਾਂਮਾਰੀ ਤੋਂ ਪਹਿਲਾਂ ਦੇ ਦਹਾਕੇ ਦੇ ਮੁਕਾਬਲੇ ਹੌਲੀ ਦਰ ਨਾਲ ਵਧੇਗੀ ਕਿਉਂਕਿ ਵਿਸ਼ਵ ਆਰਥਿਕਤਾ ਦੀਆਂ ਸੰਭਾਵਨਾਵਾਂ ਲਈ ਚੁਣੌਤੀਆਂ ਬਣੇ ਰਹਿਣ ਦੀ ਸੰਭਾਵਨਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 2024 ਦੇ ਅੰਤ ਵਿਚ ਉਭਰ ਰਹੇ ਬਾਜਾਰਾਂ ਅਤੇ ਵਿਕਾਸਸੀਲ ਦੇਸਾਂ ਦੀਆਂ ਅਰਥਵਿਵਸਥਾਵਾਂ ਦਾ ਕੁੱਲ ਘਰੇਲੂ ਉਤਪਾਦ (ਜੀਡੀਪੀ) ਕੋਵਿਡ -19 ਮਹਾਂਮਾਰੀ ਦੇ ਸੁਰੂ ਹੋਣ ਤੋਂ ਪਹਿਲਾਂ ਦੇ ਮੁਕਾਬਲੇ ਛੇ ਪ੍ਰਤੀਸਤ ਘੱਟ ਹੋਵੇਗਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੇ ਸਾਹਮਣੇ ਕਰਜ਼ੇ ਦੇ ਬੋਝ ਅਤੇ ਕਮਜ਼ੋਰ ਨਿਵੇਸ਼ ਕਾਰਨ ਆਰਥਿਕ ਵਿਕਾਸ ਦੇ ਕਈ ਸਾਲਾਂ ਤੱਕ ਨਰਮ ਰਹਿਣ ਦਾ ਖਤਰਾ ਹੈ।

# ਇੰਡੋਨੇਸ਼ੀਆ 'ਚ ਭੂਚਾਲ ਦੇ ਜਬਰਦਸਤ ਝਟਕੇ, ਰਿਕਟਰ ਪੈਮਾਨੇ 'ਤੇ ਤੀਬਰਤਾ 7.7

ਜਕਾਰਤਾ, 12 ਜਨਵਰੀ (ਪੋਸਟ ਬਿਊਰੋ) - ਇੰਡੋਨੇਸ਼ੀਆ ਦੀ ਧਰਤੀ ਇਕ ਵਾਰ ਫਿਰ ਤੋਂ ਜਬਰਦਸਤ ਭੂਚਾਲ ਦੇ ਝਟਕਿਆਂ ਨਾਲ ਹਿੱਲ ਗਈ। ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 7.7 ਮਾਪੀ ਗਈ। ਭੂਚਾਲ ਦੇ ਤੇਜ ਝਟਕਿਆਂ ਕਾਰਨ ਲੋਕ ਡਰ ਗਏ ਅਤੇ ਆਪਣੇ ਘਰਾਂ ਤੋਂ ਭੱਜ ਕੇ ਖੇਤਾਂ ਵਿੱਚ ਇਕੱਠੇ ਹੋ ਗਏ। ਦੱਸ ਦੇਈਏ ਕਿ ਇੰਡੋਨੇਸ਼ੀਆ 'ਚ ਪਿਛਲੇ ਸਾਲ ਵੀ ਭੂਚਾਲ ਆਏ ਸਨ, ਜਿਸ 'ਚ ਵੱਡੇ ਪੱਧਰ 'ਤੇ ਜਾਨ-ਮਾਲ ਦਾ ਨੁਕਸਾਨ ਹੋਇਆ ਸੀ।



ਸਥਾਨਕ ਸਮੇਂ ਮੁਤਾਬਕ ਦੁਪਹਿਰ 2:47 ਵਜੇ ਇੰਡੋਨੇਸ਼ੀਆ ਦੇ ਭੂਚਾਲ ਖੇਤਰ ਦੇ 342 ਦੱਖਣ-ਪੂਰਬ ਵਿਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਯੂਰਪੀਅਨ ਭੂਚਾਲ ਕੇਂਦਰ ਨੇ ਕਿਹਾ ਕਿ ਭੂਚਾਲ ਦੇ ਝਟਕੇ ਇੰਡੋਨੇਸ਼ੀਆ ਤੋਂ 2000 ਕਿਲੋਮੀਟਰ ਤੋਂ ਜ਼ਿਆਦਾ ਦੂਰ ਆਸਟ੍ਰੇਲੀਆ ਅਤੇ ਪੂਰਬੀ ਤਿਮੋਰ ਵਿਚ ਵੀ ਮਹਿਸੂਸ ਕੀਤੇ ਗਏ। ਈਐਮਐਸਸੀ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਕੁਝ ਘੰਟਿਆਂ ਜਾਂ ਕੁਝ ਦਿਨਾਂ ਵਿੱਚ ਇਸ ਦੇ ਝਟਕੇ ਮਹਿਸੂਸ ਕੀਤੇ ਜਾ ਸਕਦੇ ਹਨ।

ਤੁਹਾਨੂੰ ਦੱਸ ਦੇਈਏ ਕਿ ਭਾਰਤ ਵਿਚ ਵੀ 5 ਜਨਵਰੀ, 2023 ਨੂੰ ਉੱਤਰੀ ਭਾਰਤ ਵਿੱਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ। ਇਸ ਦੀ ਤੀਬਰਤਾ 5.5 ਦੱਸੀ ਗਈ ਹੈ। ਇਸ ਭੂਚਾਲ ਦਾ ਕੇਂਦਰ ਅਫਗਾਨਿਸਤਾਨ ਦੇ ਬਦਖਸ਼ਾਨ ਖੇਤਰ 'ਚ ਸੀ।

# ਅਗਲੇ 40 ਦਿਨਾਂ 'ਚ ਚੀਨ ਦੇ 'ਗ੍ਰੇਟ ਮਾਈਗ੍ਰੇਸ਼ਨ' 'ਚ 2 ਅਰਬ ਲੋਕ ਕਰਨਗੇ ਸਫਰ, ਵਧ ਰਿਹਾ ਕੋਰੋਨਾ ਦਾ ਖਤਰਾ

ਸ਼ੰਘਾਈ, 12 ਜਨਵਰੀ (ਪੋਸਟ ਬਿਊਰੋ)- ਚੀਨ ਨੇ ਸ਼ਨੀਵਾਰ ਨੂੰ ਚੰਦਰ ਨਵੇਂ ਸਾਲ ਦੀ ਯਾਤਰਾ ਦੇ 40 ਦਿਨਾਂ ਦੀ ਮਿਆਦ "ਚੁਨ ਯੂਨ" ਦੇ ਪਹਿਲੇ ਦਿਨ ਦੀ ਸ਼ੁਰੂਆਤ ਕੀਤੀ। ਚੁਨ ਯੂਨ ਨੂੰ ਦੁਨੀਆ ਦੇ ਸਭ ਤੋਂ ਵੱਡੇ ਸਾਲਾਨਾ ਪ੍ਰਵਾਸ ਵਜੋਂ ਜਾਣਿਆ ਜਾਂਦਾ ਹੈ। ਇਹ ਅਧਿਕਾਰਤ ਤੌਰ 'ਤੇ 21 ਜਨਵਰੀ ਨੂੰ ਸ਼ੁਰੂ ਹੁੰਦਾ ਹੈ ਅਤੇ ਇੱਕ ਜਨਤਕ ਛੁੱਟੀ ਹੈ। ਇਹ ਘਰੇਲੂ ਯਾਤਰਾ ਪਾਬੰਦੀਆਂ ਤੋਂ ਬਿਨਾਂ 2020 ਤੋਂ ਬਾਅਦ ਪਹਿਲਾ ਚੰਦਰ ਨਵਾਂ ਸਾਲ ਹੋਵੇਗਾ। ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਯਾਤਰੀਆਂ ਵਿੱਚ ਭਾਰੀ ਵਾਧਾ ਕੋਵਿਡ ਦੇ ਫੈਲਣ ਦਾ ਕਾਰਨ ਬਣੇਗਾ।

ਪਿਛਲੇ ਮਹੀਨੇ ਚੀਨ ਨੇ ਆਪਣੀ "ਜ਼ੀਰੋ ਕੋਵਿਡ" ਨੀਤੀ ਦੇ ਵਿਰੁੱਧ ਇਤਿਹਾਸਕ ਵਿਰੋਧ ਪ੍ਰਦਰਸ਼ਨ ਕੀਤੇ ਸਨ। ਜ਼ੀਰੋ ਕੋਵਿਡ ਨੀਤੀ ਦੇ ਕਾਰਨ, ਚੀਨ ਵਿੱਚ ਵੱਡੇ ਪੱਧਰ 'ਤੇ ਲਾਕਡਾਊਨ ਹੋਇਆ ਅਤੇ ਦੁਨੀਆ ਦੀ ਨੰਬਰ 2 ਅਰਥਵਿਵਸਥਾ ਨੂੰ ਭਾਰੀ ਨੁਕਸਾਨ ਹੋਇਆ। ਨਿਵੇਸ਼ਕ ਉਮੀਦ ਕਰ ਰਹੇ ਹਨ ਕਿ ਲੌਕਡਾਊਨ ਹਟਾਉਣ ਨਾਲ



17 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਮੁੜ ਸੁਰਜੀਤ ਹੋ ਜਾਵੇਗੀ, ਜੋ ਲਗਭਗ ਅੱਧੀ ਸਦੀ ਵਿੱਚ ਸਭ ਤੋਂ ਘੱਟ ਵਿਕਾਸ ਦਰ ਨਾਲ ਜੂਝ ਰਹੀ ਹੈ। ਹਾਲਾਂਕਿ, ਚੀਨ ਦੀ 1.4 ਬਿਲੀਅਨ ਆਬਾਦੀ ਵਿੱਚੋਂ ਕਈਆਂ ਨੂੰ ਪਹਿਲੀ ਵਾਰ ਕੋਰੋਨਾ ਹੋਇਆ ਹੈ। ਇਸ ਨਾਲ ਇਨਫੈਕਸ਼ਨ ਦੀ ਲਹਿਰ ਸ਼ੁਰੂ ਹੋ ਗਈ ਹੈ। ਹਸਪਤਾਲਾਂ ਵਿੱਚ ਭਾਰੀ ਭੀੜ ਹੈ। ਦਵਾਈਆਂ ਦੀਆਂ ਦੁਕਾਨਾਂ ਖਾਲੀ ਹੋ ਗਈਆਂ ਹਨ ਅਤੇ ਸ਼ਮਸ਼ਾਨਘਾਟ ਵਿਚ ਲੰਮੀਆਂ ਕਤਾਰਾਂ ਲੱਗ ਗਈਆਂ ਹਨ।

ਚੀਨ ਦੇ ਆਵਾਜਾਈ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਅਗਲੇ 40 ਦਿਨਾਂ ਵਿੱਚ 2 ਅਰਬ ਤੋਂ ਵੱਧ ਚੀਨੀ ਲੋਕਾਂ ਦੀ ਯਾਤਰਾ ਕਰਨ ਦੀ ਉਮੀਦ ਕਰਦਾ ਹੈ। ਸੋਸ਼ਲ ਮੀਡੀਆ 'ਤੇ ਇਸ ਖਬਰ 'ਤੇ ਮਿਲੀ-ਜੁਲੀ ਪ੍ਰਤੀਕਿਰਿਆ ਮਿਲੀ। ਕੁਝ ਟਿੱਪਣੀਆਂ ਨੇ ਆਪਣੇ ਸ਼ਹਿਰ ਵਾਪਸ ਜਾਣ ਅਤੇ ਸਾਲਾਂ ਵਿੱਚ ਪਹਿਲੀ ਵਾਰ ਪਰਿਵਾਰ ਨਾਲ ਚੰਦਰ ਨਵਾਂ ਸਾਲ ਮਨਾਉਣ ਦੀ ਆਜ਼ਾਦੀ ਦੀ ਸ਼ਲਾਘਾ ਕੀਤੀ। ਹਾਲਾਂਕਿ, ਕਈਆਂ ਨੇ ਕਿਹਾ ਕਿ ਉਹ ਇਸ ਸਾਲ ਯਾਤਰਾ ਨਹੀਂ ਕਰਨਗੇ। ਬਹੁਤ ਸਾਰੇ ਲੋਕਾਂ ਨੇ ਬਜ਼ੁਰਗ ਰਿਸ਼ਤੇਦਾਰਾਂ ਨੂੰ ਸੰਕਰਮਿਤ ਕਰਨ ਬਾਰੇ ਚਿੰਤਾ ਜ਼ਾਹਰ ਕੀਤੀ। ਮਜ਼ਦੂਰਾਂ ਦਾ ਸ਼ਹਿਰਾਂ ਤੋਂ ਉਨ੍ਹਾਂ ਦੇ ਜੱਦੀ ਸ਼ਹਿਰਾਂ ਵਿੱਚ ਪਰਵਾਸ ਛੋਟੇ ਕਸਬਿਆਂ ਅਤੇ ਪੇਂਡੂ ਖੇਤਰਾਂ ਵਿੱਚ ਤਬਦੀਲੀ ਨੂੰ ਵਧਾਏਗਾ। ਕੋਰੋਨਾ ਨਾਲ ਨਜਿੱਠਣ ਲਈ ਆਈਸੀਯੂ ਬੈੱਡਾਂ ਅਤੇ ਵੈਂਟੀਲੇਟਰਾਂ ਦੀ ਘਾਟ ਹੈ।

# ਮੈਕਸੀਕੋ 'ਚ ਦੋ ਟਰੇਨਾਂ ਦੀ ਟੱਕਰ 'ਚ ਇਕ ਦੀ ਮੌਤ, 57 ਜਖਮੀ

ਮੈਕਸੀਕੋ ਸਿਟੀ, 12 ਦਸੰਬਰ (ਪੋਸਟ ਬਿਊਰੋ) - ਮੈਕਸੀਕੋ ਦੀ ਰਾਜਧਾਨੀ ਮੈਕਸੀਕੋ ਸਿਟੀ 'ਚ ਇਕ ਵੱਡਾ ਹਾਦਸਾ ਵਾਪਰ ਗਿਆ। ਇੱਥੇ ਦੋ ਮੈਟਰੋ ਟਰੇਨਾਂ ਵਿਚਾਲੇ ਜਬਰਦਸਤ ਟੱਕਰ ਹੋ ਗਈ। ਇਸ ਟੱਕਰ 'ਚ ਇਕ ਵਿਅਕਤੀ ਦੀ ਜਾਨ ਚਲੀ ਗਈ ਜਦਕਿ 57 ਦੇ ਕਰੀਬ ਲੋਕ ਜਖਮੀ ਹੋ ਗਏ। ਟਰੇਨ 'ਚ ਕਈ ਲੋਕਾਂ ਦੇ ਫਸੇ ਹੋਣ ਦੀ ਵੀ ਸੂਚਨਾ ਹੈ।

ਮੈਕਸੀਕੋ ਸਿਟੀ ਦੀ ਸਰਕਾਰ ਦੇ ਮੁਖੀ ਕਲਾਉਡੀਆ ਸੇਨਬੌਮ ਨੇ ਦੱਸਿਆ ਕਿ ਇਹ ਹਾਦਸਾ ਲਾ ਰਜਾ ਅਤੇ ਪੋਤਰੇਰੋ ਸਟੇਸ਼ਨਾਂ ਵਿਚਕਾਰ ਮੈਟਰੋ ਲਾਈਨ ਨੰਬਰ ਤਿੰਨ 'ਤੇ ਵਾਪਰਿਆ।



ਸਮਾਚਾਰ ਏਜੰਸੀ ਰਾਈਟਰਸ ਦੇ ਮੁਤਾਬਿਕ ਸੇਨਬੌਮ ਨੇ ਕਿਹਾ ਕਿ ਟ੍ਰੇਨ ਦੇ ਡਰਾਈਵਰ ਸਭ ਤੋਂ ਗੰਭੀਰ ਰੂਪ ਨਾਲ ਜਖਮੀ ਹੋਏ ਹਨ। ਇਸ ਤੋਂ ਇਲਾਵਾ ਟਰੇਨ 'ਚ ਫਸੇ ਚਾਰ ਲੋਕਾਂ ਨੂੰ ਬਾਹਰ ਕੱਢ ਲਿਆ ਗਿਆ ਹੈ। ਸਾਰੇ ਜਖਮੀਆਂ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ।

ਉਨ੍ਹਾਂ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ- ਹਾਦਸੇ 'ਚ ਇਕ ਔਰਤ ਦੀ ਮੌਤ ਹੋ ਗਈ ਹੈ। ਕਲਾਉਡੀਆ ਨੇ ਟਰੇਨ ਦੀ ਟੱਕਰ 'ਚ ਮਰਨ ਵਾਲੀ ਲੜਕੀ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।

# ਯੂਏਈ ਵਿਚ ਭਾਰਤੀ ਨੇ ਕੀਤਾ ਅਜਿਹਾ ਕੰਮ, ਹੋ ਰਹੀ ਹੈ ਤਾਰੀਫ!



ਦੁਬਈ, 12 ਦਸੰਬਰ (ਪੋਸਟ ਬਿਊਰੋ) – ਖਾੜੀ ਦੇਸ ਸੰਯੁਕਤ ਅਰਬ ਅਮੀਰਾਤ ਦੇ ਸ਼ਹਿਰ ਦੁਬਈ 'ਚ ਇਕ ਭਾਰਤੀ ਨੇ ਅਜਿਹਾ ਕੰਮ ਕੀਤਾ ਹੈ ਕਿ ਉਥੋਂ ਦੀ ਪੁਲਸ ਨੇ ਉਸ ਦਾ ਸਨਮਾਨ ਕੀਤਾ ਹੈ।

ਦੁਬਈ 'ਚ ਰਹਿਣ ਵਾਲੇ ਇਕ ਭਾਰਤੀ ਪ੍ਰਵਾਸੀ ਨੇ ਜਨਤਕ ਸਥਾਨ 'ਤੇ ਮਿਲੇ ਲੱਖਾਂ ਰੁਪਏ ਪੁਲਸ ਸਟੇਸ਼ਨ ਨੂੰ ਸੌਂਪ ਦਿੱਤੇ ਹਨ। ਦੁਬਈ ਪੁਲਿਸ ਨੇ ਭਾਰਤੀ ਪ੍ਰਵਾਸੀ ਦੀ ਇਸ ਇਮਾਨਦਾਰੀ ਦੀ ਭਰਪੂਰ ਸ਼ਲਾਘਾ ਕੀਤੀ ਹੈ।

ਖਲੀਜ਼ ਟਾਈਮਜ਼ ਦੀ ਰਿਪੋਰਟ ਮੁਤਾਬਕ ਭਾਰਤੀ ਪ੍ਰਵਾਸੀ ਉਪੇਂਦਰ ਨਾਥ ਚਤੁਰਵੇਦੀ ਨੂੰ 1,34,930 ਦਿਰਹਾਮ (ਕਰੀਬ 30 ਲੱਖ 22 ਹਜਾਰ 5 ਸੌ ਰੁਪਏ) ਦੀ ਨਕਦੀ ਜਨਤਕ ਥਾਂ 'ਤੇ ਪਈ ਮਿਲੀ। ਉਸ ਨੇ ਇਹ ਪੈਸੇ ਬਿਨਾਂ ਕਿਸੇ ਲਾਲਚ ਦੇ ਅਲ ਰਫਾਹ ਥਾਣੇ ਵਿਚ ਜਮ੍ਹਾਂ ਕਰਵਾ ਦਿੱਤੇ। ਅਲ ਰਫਾਹ ਪੁਲਿਸ ਸਟੇਸਨ ਦੇ ਡਾਇਰੈਕਟਰ ਕਰਨਲ ਉਮਰ ਮੁਹੰਮਦ ਬਿਨ ਹਮਾਦ ਨੇ ਉਸਦੀ ਇਮਾਨਦਾਰੀ ਲਈ ਉਸਦੀ ਪ੍ਰਸ਼ੰਸਾ ਕੀਤੀ। ਅਧਿਕਾਰੀ ਨੇ ਭਾਰਤੀ ਪ੍ਰਵਾਸੀ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ।

ਭਾਰਤੀ ਪ੍ਰਵਾਸੀ ਨੇ ਉਸ ਨੂੰ ਸਨਮਾਨਿਤ ਕਰਨ ਲਈ ਦੁਬਈ ਪੁਲਿਸ ਦਾ ਧੰਨਵਾਦ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਪੁਲੀਸ ਨੂੰ ਪੈਸੇ ਵਾਪਸ ਕਰਕੇ ਉਹ ਬਹੁਤ ਮਾਣ ਅਤੇ ਖੁਸੀ ਮਹਿਸੂਸ ਕਰ ਰਿਹਾ ਹੈ।

ਦੁਬਈ ਦੇ ਪੁਲਿਸ ਅਧਿਕਾਰੀ ਨਿਯਮਿਤ ਤੌਰ 'ਤੇ ਉਹਨਾਂ ਲੋਕਾਂ ਨੂੰ ਇਨਾਮ ਦਿੰਦੇ ਹਨ ਜੋ ਪੁਲਿਸ ਸਟੇਸਨ ਵਿਚ ਗੁੰਮ ਹੋਈ ਨਕਦੀ ਜਾਂ ਕੀਮਤੀ ਸਮਾਨ ਜਮ੍ਹਾ ਕਰਦੇ ਹਨ। ਪਿਛਲੇ ਸਾਲ ਵੀ ਅਜਿਹੇ ਕਈ ਮਾਮਲੇ ਸਾਹਮਣੇ ਆਏ ਸਨ ਜਿੱਥੇ ਅਧਿਕਾਰੀਆਂ ਵਲੋਂ ਇਮਾਨਦਾਰ ਲੋਕਾਂ ਨੂੰ ਸਨਮਾਨਿਤ ਕੀਤਾ ਗਿਆ ਸੀ।

ਜੂਨ ਵਿੱਚ, ਭਾਰਤੀ ਪ੍ਰਵਾਸੀ ਤਾਰਿਕ ਮਹਿਮੂਦ ਖਾਲਿਦ ਮਹਿਮੂਦ ਨੇ ਅਜਿਹਾ ਹੀ ਸਲਾਘਾਯੋਗ ਕੰਮ ਕੀਤਾ ਸੀ। ਉਸ ਨੂੰ ਆਪਣੀ ਇਮਾਰਤ ਦੀ ਲਿਫਟ ਵਿੱਚੋਂ 10 ਲੱਖ ਦਿਰਹਾਮ ਮਿਲੇ, ਜੋ ਉਸ ਨੇ ਪੁਲੀਸ ਨੂੰ ਸੌਂਪ ਦਿੱਤੇ। ਇਸ ਮਗਰੋਂ ਪੁਲੀਸ ਨੇ ਉਸ ਦਾ ਸਨਮਾਨ ਕੀਤਾ।

# ਪਾਕਿਸਤਾਨ 'ਚ ਮਹਿੰਗਾਈ ਦਾ ਫਾਹਿਆ ਲੋਕਾਂ ਉਤੇ ਕਹਿਰ, 1 ਕਿਲੋ ਆਟਾ 150 ਤੇ ਗੈਸ ਸਿਲੰਡਰ ਮਿਲ ਰਿਹਾ 10 ਹਜ਼ਾਰ ਰੁਪਏ 'ਚ

ਇਸਲਾਮਾਬਾਦ, 12 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਆਰਥਿਕ ਵਿਵਸਥਾ ਢਹਿ-ਢੇਰੀ ਹੋ ਗਈ ਹੈ। ਮਹਿੰਗਾਈ ਦਰ (ਪਾਕਿ-ਸਤਾਨ ਮਹਿੰਗਾਈ ਦਰ) 25% ਰਹੀ ਹੈ। ਇੱਥੇ ਖਾਣ-ਪੀਣ ਲਈ ਹਾਹਾਕਾਰ ਮੱਚੀ ਹੋਈ ਹੈ। ਸਬਸਿਡੀ ਵਾਲੇ ਆਟੇ ਦਾ ਸਟਾਕ ਖਤਮ ਹੋ ਗਿਆ ਹੈ। ਇਸ ਕਾਰਨ ਸਰਕਾਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲੋਕਾਂ ਨੂੰ ਘੱਟ ਕੀਮਤ 'ਤੇ ਆਟੇ ਦੇ ਪੈਕੇਟ ਮੁਹੱਈਆ ਕਰਵਾ ਰਹੀ ਹੈ। ਰਿਪੋਰਟ ਮੁਤਾਬਕ ਆਟੇ ਦੀ ਕਮੀ ਇੰਨੀ ਜ਼ਿਆਦਾ ਹੈ ਕਿ ਸਸਤਾ ਆਟਾ ਖਰੀਦਣ ਦੇ ਚੱਕਰ 'ਚ 4 ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਸ ਦੇ ਨਾਲ ਹੀ ਗੈਸ ਸਿਲੰਡਰ ਵੀ 10,000 ਰੁਪਏ ਵਿੱਚ ਵਿਕ ਰਿਹਾ ਹੈ।

ਰਾਜਧਾਨੀ ਇਸਲਾਮਾਬਾਦ ਅਤੇ ਵਪਾਰਕ ਰਾਜਧਾਨੀ ਕਰਾਚੀ ਵਿੱਚ ਆਟੇ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਪਾਕਿਸਤਾਨ ਵਿੱਚ 1 ਕਿਲੋ ਆਟਾ 125 ਰੁਪਏ ਵਿੱਚ ਮਿਲਦਾ ਹੈ। ਇਹ ਥੋਕ ਮੁੱਲ ਹੈ, ਇਸ ਲਈ ਪ੍ਰਚੂਨ ਵਿੱਚ ਆਟਾ ਖਰੀਦਣ ਵਾਲਿਆਂ ਨੂੰ ਜ਼ਿਆਦਾ ਪੈਸੇ ਖਰਚਣੇ ਪੈਂਦੇ ਹਨ। ਪਾਕਿਸਤਾਨ ਬਿਊਰੋ ਆਫ ਸਟੈਟਿਸਟਿਕਸ ਦੇ ਅੰਕੜਿਆਂ ਮੁਤਾ-ਬਕ 20 ਕਿਲੋ ਆਟੇ ਦੀ ਬੋਰੀ ਥੋਕ ਵਿੱਚ 2500 ਰੁਪਏ ਵਿੱਚ ਮਿਲਦੀ ਹੈ। ਪਿਛਲੇ ਹਫ਼ਤੇ ਇਸੇ ਬੋਰੀ ਦੀ ਕੀਮਤ 2400 ਰੁਪਏ ਸੀ। ਪਾਕਿ-ਸਤਾਨ ਦੇ ਇਤਿਹਾਸ ਵਿੱਚ ਇਹ



ਪਹਿਲੀ ਵਾਰ ਹੈ ਕਿ ਆਟੇ ਦੀਆਂ ਕੀਮਤਾਂ 2500 ਰੁਪਏ ਤੱਕ ਪਹੁੰਚ ਗਈਆਂ ਹਨ। ਕਰਾਚੀ, ਹੈਦਰਾਬਾਦ ਅਤੇ ਕਵੇਟਾ ਵਿੱਚ 20 ਕਿਲੋ ਆਟੇ ਦੀ ਕੀਮਤ ਵਿੱਚ 100 ਰੁਪਏ ਦਾ ਵਾਧਾ ਦੇਖਿਆ ਗਿਆ ਹੈ। ਇਸ ਕਾਰਨ ਕਰਾਚੀ ਵਿੱਚ ਆਟੇ ਦੀ ਕੀਮਤ 2500 ਰੁਪਏ, ਹੈਦਰਾਬਾਦ ਵਿੱਚ 2420 ਰੁਪਏ ਅਤੇ ਕਵੇਟਾ ਵਿੱਚ 2320 ਰੁਪਏ ਹੋ ਗਈ ਹੈ।

ਸ਼ਨੀਵਾਰ ਨੂੰ ਸਿੰਧ ਰਾਜ ਦੇ ਮੀਰਪੁਰ ਖਾਸ ਜ਼ਿਲੇ 'ਚ ਖੁਰਾਕ ਵਿਭਾਗ ਵੱਲੋਂ ਟਰੱਕਾਂ 'ਤੇ ਲਿਆਂਦੇ ਆਟੇ ਦੇ ਪੈਕਟਾਂ ਨੂੰ ਦੇਖ ਕੇ ਭੀੜ ਇਕੱਠੀ ਹੋ ਗਈ। ਪਾਕਿਸਤਾਨੀ ਮੀਡੀਆ ਮੁਤਾਬਕ ਝੜਪ 'ਚ ਕਈ ਲੋਕ ਜ਼ਖਮੀ ਹੋ ਗਏ। ਜਦਕਿ ਇਕ ਮਜ਼ਦੂਰ ਦੀ ਮੌਤ ਹੋਣ ਦਾ ਸਮਾਚਾਰ ਹੈ। ਇਸ ਦੇ ਨਾਲ ਹੀ ਖੈਬਰ ਪਖਤੂਨਖਵਾ 'ਚ ਵੀ ਹਾਲਾਤ ਖਰਾਬ ਹੁੰਦੇ ਜਾ ਰਹੇ ਹਨ। ਖੁੱਲ੍ਹੇ ਬਾਜ਼ਾਰ ਵਿੱਚ ਆਟੇ ਦੇ 20 ਕਿਲੋ ਦੇ ਪੈਕੇਟ ਦੀ ਕੀਮਤ 3100 ਰੁਪਏ ਤੱਕ ਪਹੁੰਚ ਗਈ ਹੈ। ਇਕ ਸਾਲ ਪਹਿਲਾਂ ਇਸ ਦੀ ਕੀਮਤ 1100 ਰੁਪਏ ਸੀ।

ਪਾਕਿਸਤਾਨ ਵਿੱਚ ਅਨਾਜ ਅਤੇ ਬਿਜਲੀ ਤੋਂ ਬਾਅਦ ਰਸੋਈ ਗੈਸ ਲਈ ਰੌਲਾ ਪਾਇਆ ਜਾ ਰਿਹਾ ਹੈ। ਆਮ ਲੋਕ ਡਰ ਦੇ ਮਾਰੇ ਗੈਸ ਸਿਲੰਡਰਾਂ ਦਾ ਸਟਾਕ ਜਮ੍ਹਾ ਕਰ ਰਹੇ ਹਨ। ਇਸ ਕਾਰਨ ਜਿਹੜੇ ਲੋਕ ਨਵਾਂ ਸਿਲੰਡਰ ਚਾਹੁੰਦੇ ਹਨ ਜਾਂ ਇਸ ਨੂੰ ਰੀਫਿਲ ਕਰਵਾਉਣਾ ਚਾਹੁੰਦੇ ਹਨ, ਉਨ੍ਹਾਂ ਦਾ ਹਾਲ ਇਹ ਹੈ ਕਿ ਗੈਸ ਸਿਲੰਡਰ 10 ਹਜ਼ਾਰ ਰੁਪਏ ਵਿੱਚ ਵਿਕ ਰਿਹਾ ਹੈ। ਪਾਕਿਸਤਾਨ ਦੀ ਸਰਕਾਰ ਨੇ ਸਵੀਕਾਰ ਕੀਤਾ ਹੈ ਕਿ ਦੇਸ਼ ਇੱਕ ਨਾਜ਼ੁਕ ਸਥਿਤੀ ਵਿੱਚ ਹੈ।

ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਖੁਦ ਕਿਹਾ ਹੈ ਕਿ ਦੇਸ਼ ਗੰਭੀਰ ਸਥਿਤੀ 'ਚੋਂ ਗੁਜ਼ਰ ਰਿਹਾ ਹੈ। ਪੈਟਰੋਲ-ਡੀਜ਼ਲ ਹੋਵੇ, ਖਾਣ-ਪੀਣ ਦਾ ਸਮਾਨ ਹੋਵੇ ਜਾਂ ਰਸੋਈ ਗੈਸ ਅਤੇ ਬਿਜਲੀ, ਸਭ ਕੁਝ ਸਥਾਨਕ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਮਹਿੰਗਾਈ ਦੇ ਨਾਲ-ਨਾਲ ਪਾਕਿਸਤਾਨ ਦਾ ਵਿਦੇਸ਼ੀ ਕਰਜ਼ਾ ਵੀ ਲਗਾਤਾਰ ਵਧ ਰਿਹਾ ਹੈ।

**ਉੱਤਰੀ ਜ਼ੋਨਲ ਸਟੈਂਡਿੰਗ ਕਮੇਟੀ ਦੀ 20ਵੀਂ ਮੀਟਿੰਗ**

# ਪੰਜਾਬ ਨੇ ਸੂਬੇ ਦੇ ਹੱਕਾਂ ਅਤੇ ਅੰਤਰ-ਰਾਜੀ ਮਾਮਲਿਆਂ ਉੱਤੇ ਜ਼ੋਰਦਾਰ ਤਰੀਕੇ ਨਾਲ ਆਵਾਜ਼ ਉਠਾਈ

**ਪਾਣੀਆਂ ਤੇ ਚੰਡੀਗੜ੍ਹ ਉੱਤੇ ਹੱਕ, ਮੁਹਾਲੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਵਧਾਉਣ, ਕੌਮਾਂਤਰੀ ਸਰਹੱਦ ਮਜ਼ਬੂਤ ਕਰਨ, ਜ਼ਮੀਨ ਖ਼ਰੀਦਣ ਲਈ ਇਕਸਾਰ ਨੀਤੀ ਸਮੇਤ ਅਹਿਮ ਮੁੱਦੇ ਉਠਾਏ**



ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਉੱਤਰੀ ਭਾਰਤ ਦੇ ਸੂਬਿਆਂ ਦੇ ਅੰਤਰ ਰਾਜੀ ਮਾਮਲਿਆਂ ਸੰਬੰਧੀ ਅੱਜ ਪੰਜਾਬ ਦੀ ਮੇਜ਼ਬਾਨੀ ਵਿੱਚ ਹੋਈ ਉੱਤਰੀ ਜ਼ੋਨਲ ਦੀ ਸਟੈਂਡਿੰਗ ਕਮੇਟੀ ਦੀ 20ਵੀਂ ਮੀਟਿੰਗ ਵਿੱਚ ਪੰਜਾਬ ਨੇ ਅੱਜ ਸੂਬੇ ਦੇ ਹੱਕਾਂ ਅਤੇ ਅੰਤਰ-ਰਾਜੀ ਮਾਮਲਿਆਂ ਉੱਤੇ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਈ। ਇਸ ਮੀਟਿੰਗ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਤਰ-ਰਾਜ ਕੌਂਸਲ ਸਕੱਤਰੇਤ ਦੇ ਅਧਿਕਾਰੀਆਂ ਤੋਂ ਇਲਾਵਾ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਦਿੱਲੀ ਸੂਬਿਆਂ ਦੇ ਮੁੱਖ ਸਕੱਤਰ, ਜੰਮੂ ਤੇ ਕਸ਼ਮੀਰ ਅਤੇ ਲੱਦਾਖ ਯੂ.ਟੀ. ਦੇ ਮੁੱਖ ਸਕੱਤਰ ਅਤੇ ਚੰਡੀਗੜ੍ਹ ਯੂ.ਟੀ. ਦੇ ਸਲਾਹਕਾਰ ਸਣੇ ਸਾਰੇ ਸੂਬਿਆਂ ਤੇ ਯੂ.ਟੀ. ਵਿੱਚੋਂ ਵੱਖ-ਵੱਖ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ ਸ਼ਾਮਲ ਹੋਏ।

ਪੰਜਾਬ ਵੱਲੋਂ ਪਾਣੀਆਂ, ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਉੱਤੇ ਸੂਬੇ ਦੇ ਹੱਕ, ਪਾਣੀਆਂ ਦੀ ਮੌਜੂਦਾ ਸਥਿਤੀ ਦੇ ਮੁਲਾਂਕਣ ਲਈ ਟ੍ਰਿਬਿਊਨਲ ਦੀ ਮੰਗ, ਪੰਜਾਬ ਕੋਲ ਪਾਣੀ ਦੀ ਘਾਟ, ਮੁਹਾਲੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਵਧਾਉਣ, ਸੂਬੇ ਵਿੱਚ ਚਾਰ ਘਰੇਲੂ ਹਵਾਈ ਅੱਡਿਆਂ ਤੋਂ ਉਡਾਣ ਸਕੀਮ ਸ਼ੁਰੂ ਕਰਨ, ਕੌਮਾਂਤਰੀ ਸਰਹੱਦ ਮਜ਼ਬੂਤ ਕਰਨ, ਜ਼ਮੀਨ ਖ਼ਰੀਦਣ ਲਈ ਇਕਸਾਰ ਨੀਤੀ ਬਣਾਉਣ, ਹਾਂਸੀ ਬੁਟਾਣਾ ਨਹਿਰ ਤੇ ਘੱਗਰ ਨਾਲ ਹੁੰਦੇ ਪੰਜਾਬ ਦੇ ਨੁਕਸਾਨ ਨੂੰ ਰੋਕਣ ਜਿਹੇ ਸੰਵੇਦਨਸ਼ੀਲ ਮੁੱਦਿਆਂ ਉੱਤੇ ਦਲੀਲਾਂ ਸਮੇਤ ਸੂਬੇ ਦਾ ਪੱਖ ਰੱਖਿਆ।

ਆਪਣੇ ਉਦਘਾਟਨੀ ਭਾਸ਼ਣ ਵਿੱਚ ਪੰਜਾਬ ਦੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਸਹਿਕਾਰੀ ਸੰਘਵਾਦ ਉੱਤੇ ਜ਼ੋਰ ਦਿੰਦਿਆਂ ਅੰਤਰ-ਸੂਬਾਈ ਮਾਮਲਿਆਂ ਨੂੰ ਉਠਾਉਣ ਅਤੇ ਇਸ ਦੇ ਹੱਲ ਲਈ ਇਸ ਮੀਟਿੰਗ ਨੂੰ ਵਧੀਆ ਮੰਚ ਕਰਾਰ ਦਿੰਦਿਆਂ ਕਿਹਾ ਕਿ ਪਾਣੀਆਂ ਦੀ ਮੌਜੂਦਾ ਸਥਿਤੀ ਅਨੁਸਾਰ ਪੰਜਾਬ ਵਿੱਚ ਪਾਣੀ ਦੀ ਘਾਟ ਕਾਰਨ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਪੰਜਾਬ ਪਿੱਤਰੀ ਸੂਬਾ ਹੋਣ ਕਰਕੇ ਸੂਬੇ ਦਾ ਆਪਣੀ ਰਾਜਧਾਨੀ ਚੰਡੀਗੜ੍ਹ ਉੱਪਰ ਪੂਰਾ ਹੱਕ ਹੈ ਜੋ ਹਾਲੇ ਤੱਕ ਉਸ ਨੂੰ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਭਾਵਨਾਤਮਕ ਮੁੱਦੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਇਨ੍ਹਾਂ ਮਾਮਲਿਆਂ ਉੱਤੇ ਸੂਬੇ ਦਾ ਪੱਖ ਰੱਖਦਿਆਂ ਹੱਕ ਜਤਾਇਆ ਗਿਆ ਹੈ। ਇਕ ਦੇਸ਼-ਇਕ ਪਰਿਵਾਰ ਦੀ ਨੀਤੀ ਉੱਤੇ ਦੇਸ਼ ਦੇ ਸਾਰੇ ਸੂਬਿਆਂ ਵਿੱਚ ਜ਼ਮੀਨ ਖ਼ਰੀਦਣ ਤੇ ਵੇਚਣ ਦੀ ਇਕਸਾਰ ਨੀਤੀ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਅਤਿ ਮਹੱਤਤਾ ਦੇ ਮੁੱਦੇ ਹੋਣ ਕਾਰਨ ਇਨ੍ਹਾਂ ਮੁੱਦਿਆਂ ਦਾ ਹੱਲ ਕੱਢਣਾ ਲਾਜ਼ਮੀ ਹੈ।

ਮੀਟਿੰਗ ਵਿੱਚ ਏਜੰਡਾ ਅਨੁਸਾਰ ਚਰਚਾ ਵਿੱਚ ਹਿੱਸਾ ਲੈਂਦਿਆਂ ਪ੍ਰਮੁੱਖ ਸਕੱਤਰ ਜਲ ਸਰੋਤ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਪਾਣੀਆਂ ਦੇ ਸਮਝੌਤਿਆਂ ਸਮੇਂ ਜੋ ਪਾਣੀ ਪੰਜਾਬ ਕੋਲ ਸੀ, ਹੁਣ ਉਹ ਬਹੁਤ ਘਟ ਗਿਆ ਹੈ। ਪੰਜਾਬ ਖ਼ੁਦ ਪਾਣੀ ਦੀ ਘਾਟ ਨਾਲ ਜੂਝ ਰਿਹਾ ਹੈ। ਰਾਵੀ-ਬਿਆਸ ਦੇ ਪਾਣੀ ਦੇ ਮੁਲਾਂਕਣ ਲਈ ਨਵਾਂ ਟ੍ਰਿਬਿਊਨਲ ਬਣਾਏ ਜਾਣ ਦੇ ਨਾਲ ਯਮੁਨਾ ਵਿੱਚੋਂ ਵੀ ਪੰਜਾਬ ਨੂੰ ਪਾਣੀ ਮਿਲਣਾ ਚਾਹੀਦਾ ਹੈ। ਇਸੇ ਤਰ੍ਹਾਂ ਹਾਂਸੀ-ਬੁਟਾਣਾ ਨਹਿਰ ਦੇ ਗੈਰ ਕੁਦਰਤੀ ਨਿਰਮਾਣ ਨਾਲ ਪੰਜਾਬ ਦੇ 38 ਪਿੰਡ ਹੜ੍ਹਾਂ ਦੇ ਸ਼ਿਕਾਰ ਹੁੰਦੇ ਹਨ। ਹਰਿਆਣਾ ਲਿਸਾਰਾ ਨਾਲੇ ਦਾ ਹੱਲ ਕਰੇ। ਭਾਖੜਾ ਮੇਨ ਲਾਈਨ ਉੱਤੇ ਮਿੰਨੀ ਹਾਈਡਲ ਪ੍ਰਾਜੈਕਟ ਲਗਾਏ ਜਾਣੇ ਚਾਹੀਦੇ ਹਨ। ਇਸੇ ਤਰ੍ਹਾਂ ਬੀਬੀਐਮਬੀ ਵਿੱਚ ਪੰਜਾਬ ਦਾ ਪੱਕਾ ਮੈਂਬਰ ਨਿਯੁਕਤ ਕੀਤਾ ਜਾਵੇ।

ਵਿੱਤ ਕਮਿਸ਼ਨਰ ਮਾਲ ਕੇ.ਏ.ਪੀ. ਸਿਨਹਾ ਨੇ ਪੰਜਾਬ ਨੂੰ ਪਿੱਤਰੀ ਸੂਬਾ ਹੋਣ ਦੇ ਨਾਤੇ ਆਪਣੀ ਰਾਜਧਾਨੀ ਚੰਡੀਗੜ੍ਹ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਰੇ ਸੂਬਿਆਂ ਵਿੱਚ ਕਿਸੇ ਵੀ ਸੂਬੇ ਦੇ ਵਾਸੀ ਨੂੰ ਜ਼ਮੀਨ ਖ਼ਰੀਦਣ ਦੇ ਅਧਿਕਾਰ ਦੇਣ ਲਈ ਦੇਸ਼ ਭਰ ਵਿੱਚ ਇਕਸਾਰ ਨੀਤੀ ਬਣਾਉਣ ਦੀ ਲੋੜ ਹੈ।

ਪ੍ਰਮੁੱਖ ਸਕੱਤਰ ਸ਼ਹਿਰੀ ਹਵਾਬਾਜ਼ੀ ਰਾਹੁਲ ਭੰਡਾਰੀ ਨੇ ਮੰਗ ਰੱਖੀ ਕਿ ਮੁਹਾਲੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਵਧਾਈਆਂ ਜਾਣ। ਪੰਜਾਬ ਵੱਲੋਂ ਇਸ ਪ੍ਰਾਜੈਕਟ ਉੱਤੇ ਬਹੁਤ ਨਿਵੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕੈਨੇਡਾ ਸਣੇ ਬਹੁਤੇ ਦੇਸ਼ਾਂ ਵਿੱਚ ਪਰਵਾਸੀਆਂ ਪੰਜਾਬੀਆਂ ਦੀ ਵੱਡੀ ਗਿਣਤੀ ਨੂੰ ਦੇਖਦਿਆਂ ਕੌਮਾਂਤਰੀ ਉਡਾਣਾਂ ਵਧਾਉਣਾ ਸਮੇਂ ਦੀ ਲੋੜ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਕੇਂਦਰ ਅੱਗੇ ਇਹ ਮੰਗ ਰੱਖੀ ਗਈ ਹੈ। ਇਸੇ ਤਰ੍ਹਾਂ ਬਠਿੰਡਾ, ਪਠਾਨਕੋਟ, ਆਦਮਪੁਰ ਤੇ ਲੁਧਿਆਣਾ ਹਵਾਈ ਅੱਡਿਆਂ ਤੋਂ ਉਡਾਣ ਸਕੀਮ ਤਹਿਤ ਘਰੇਲੂ ਉਡਾਣਾਂ ਸ਼ੁਰੂ ਕੀਤੀਆਂ ਜਾਣ।

ਵਧੀਕ ਮੁੱਖ ਸਕੱਤਰ ਗ੍ਰਹਿ ਅਨੁਰਾਗ ਵਰਮਾ ਨੇ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ ਜਿੱਥੇ ਪਾਕਿਸਤਾਨ ਨਾਲ 550 ਕਿਲੋਮੀਟਰ ਕੌਮਾਂਤਰੀ ਸਰਹੱਦ ਲੱਗਦੀ ਹੈ ਜਿਸ ਕਾਰਨ ਸਰਹੱਦ ਨੂੰ ਮਜ਼ਬੂਤ ਕਰਦੇ ਹੋਏ ਡਰੋਨ ਰੋਕੂ ਪ੍ਰਣਾਲੀ ਵਿਕਸਤ ਕਰਨ ਦੀ ਲੋੜ ਹੈ। ਸਕੱਤਰ ਵਾਤਾਵਰਣ ਰਾਹੁਲ ਤਿਵਾੜੀ ਨੇ ਘੱਗਰ ਦਰਿਆ ਦੇ ਪ੍ਰਦੂਸ਼ਣ ਦਾ ਮੁੱਦਾ ਉਠਾਇਆ। ਵੱਖ-ਵੱਖ ਸੂਬਿਆਂ ਵੱਲੋਂ ਆਪੋ-ਆਪਣੇ ਸੂਬਿਆਂ ਵਿੱਚ ਕੀਤੇ ਬਿਹਤਰ ਕੰਮਾਂ ਦੀ ਪੇਸ਼ਕਾਰੀ ਦੌਰਾਨ ਪ੍ਰਮੁੱਖ ਸਕੱਤਰ ਪ੍ਰਸ਼ਾਸਨਿਕ ਸੁਧਾਰ ਤੇਜਵੀਰ ਸਿੰਘ ਨੇ ਪੰਜਾਬ ਵਿੱਚ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਕੀਤੇ ਕੰਮਾਂ, ਲਿੰਗ ਆਧਾਰਤ ਹੁੰਦੀ ਹਿੰਸਾ ਰੋਕਣ ਲਈ ਬਣਾਈ ਸਾਖੀ ਐਪਲੀਕੇਸ਼ਨ ਅਤੇ ਜੰਗਲਾਤ ਅਧੀਨ ਰਕਬਾ ਵਧਾਉਣ ਲਈ ਮਿੰਨੀ ਜੰਗਲ ਬਣਾਉਣ ਬਾਰੇ ਜਾਣਕਾਰੀ ਦਿੱਤੀ।

# ਜ਼ਿਲ੍ਹੇ ਅੰਦਰ ਬਿਜਲੀ ਸੁਧਾਰ ਦੇ ਕੰਮਾਂ ਦੇ ਖਰਚ ਹੋਣਗੇ 113 ਕਰੋੜ ਰੁਪਏ: ਦਹੀਆ

***ਬਿਜਲੀ ਸੁਧਾਰਾਂ ਸਬੰਧੀ ਸਾਰੇ ਪ੍ਰਾਜੈਕਟ ਮਿੱਥੇ ਸਮੇਂ ਅੰਦਰ ਪੂਰੇ ਕੀਤੇ ਜਾਣ: ਨਰੇਸ਼ ਕਟਾਰੀਆ * ਪਿੰਡਾਂ ਅਤੇ ਸ਼ਹਿਰਾਂ ਵਿਚ ਕੰਡਮ ਪੋਲਾਂ, ਤਾਰਾਂ, ਕੇਬਲਾਂ ਅਤੇ ਟਰਾਂਸਫਾਰਮਰਾਂ ਦਾ ਵੀ ਸੁਧਾਰ ਕੀਤਾ ਜਾਵੇਗਾ**



ਫਿਰੋਜ਼ਪੁਰ, 12 ਜਨਵਰੀ (ਗਿਆਨ ਸਿੰਘ) ਫਿਰੋਜ਼ਪੁਰ ਜ਼ਿਲ੍ਹੇ ਵਿੱਚ ਬਿਜਲੀ ਸੁਧਾਰਾਂ ਲਈ ਰੀਵੈਮਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ।ਡੀ।ਐਸ।ਐਸ।) ਅਧੀਨ 113 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਫਿਰੋਜ਼ਪੁਰ ਦਿਹਾਤੀ ਸ੍ਰੀ ਰਜ਼ਨੀਸ ਦਹੀਆ ਅਤੇ ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆਂ ਵੱਲੋਂ ਬਿਜਲੀ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਮੌਕੇ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਰੁਣ ਕੁਮਾਰ ਅਤੇ ਇੰਜ: ਸੰਦੀਪ ਗਰਗ ਨਿਗਰਾਨ ਇੰਜੀਨੀਅਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਮੀਟਿੰਗ ਦੌਰਾਨ ਵਿਧਾਇਕ ਫਿਰੋਜ਼ਪੁਰ ਦਿਹਾਤੀ ਸ੍ਰੀ ਰਜ਼ਨੀਸ ਦਹੀਆ ਨੇ ਰੀਵੈਮਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ।ਡੀ।ਐਸ।ਐਸ।) ਅਧੀਨ ਕੀਤੇ ਜਾਣ ਵਾਲੇ ਬਿਜਲੀ ਸੁਧਾਰਾਂ ਬਾਰੇ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਇਸ ਸਕੀਮ ਅਧੀਨ ਹੋਣ ਵਾਲੇ ਸੁਧਾਰਾਂ ਲਈ ਅਧਿਕਾਰੀਆਂ ਨੂੰ ਪੂਰੀ ਇਮਾਨਦਾਰੀ ਤੇ ਲਗਨ ਨਾਲ ਕੰਮ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਖੱਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਲਈ ਇਹ ਪੰਜਾਬ ਸਰਕਾਰ ਦਾ ਵੱਡਾ ਉਪਰਾਲਾ ਹੈ।

ਇਸ ਮੌਕੇ ਨੇ ਵਿਧਾਇਕ ਸ੍ਰੀ ਰਜ਼ਨੀਸ ਦਹੀਆ ਨੇ ਦੱਸਿਆ ਕਿ ਜ਼ਿਲ੍ਹੇ ਫਿਰੋਜਪੁਰ ਅਧੀਨ ਪੈਂਦੇ ਮੰਡਲ ਸ਼ਹਿਰੀ ਫਿਰੋਜਪੁਰ, ਦਿਹਾਤੀ ਫਿਰੋਜਪੁਰ, ਜੀਰਾ ਅਤੇ ਜਲਾਲਾ-ਬਾਦ ਵਿਖੇ ਆਰ।ਡੀ।ਐਸ।ਐਸ ਸਕੀਮ ਅਧੀਨ ਬਿਜਲੀ ਸੁਧਾਰਾਂ ਸਬੰਧੀ ਮਹਿਕਮਾ ਪੀ।ਐਸ।ਪੀ।ਸੀ।ਐਲ। ਦੇ ਏ।ਪੀ।ਡੀ।ਆਰ।ਪੀ। ਵਿੰਗ ਵੱਲੋ ਕੰਮ ਕਰਵਾਇਆ ਜਾਣਾ ਹੈ। ਇਸ ਸਕੀਮ ਅਧੀਨ ਵੱਖ-ਵੱਖ ਤਰ੍ਹਾਂ ਦੇ ਬਿਜਲੀ ਸੁਧਾਰ ਦੇ ਕੰਮ ਜਿਵੇਂ ਕਿ ਨਵੀਆਂ 11 ਕੇਵੀ ਲਾਈਨਾਂ, ਟਰਾਂਸਫਾਰਮਰ,ਨਵੇਂ ਬਿਜਲੀ ਘਰ ਅਤੇ ਐਲ।ਟੀ ਲਾਈਨ ਦੇ ਸੁਧਾਰਾਂ ਦਾ ਕੰਮ ਕੀਤਾ ਜਾਣਾ ਹੈ। ਇਸ ਸਕੀਮ ਅਧੀਨ ਖਪਤਕਾਰਾਂ ਨੂੰ ਨਿਰਵਿਘਨ ਅਤੇ ਸੁਚਾਰੂ ਬਿਜਲੀ ਸਪਲਾਈ ਦੇਣ ਸੰਬੰਧੀ ਭਾਰਤ ਸਰਕਾਰ ਅਤੇ ਪਾਵਰਕਾਮ ਵੱਲੋਂ ਸਾਂਝੇ ਤੌਰ ਤੇ ਖਰਚਾ ਕੀਤਾ ਜਾਣਾ ਹੈ। ਇਸ ਸਕੀਮ ਦਾ ਮੁੱਖ ਮਕਸਦ ਬਿਜਲੀ ਨੈੱਟਵਰਕ ਵਿਚ ਸੁਧਾਰ ਕਰਨ ਦੇ ਨਾਲ-ਨਾਲ ਰਾਜਾਂ ਦੇ ਬਿਜਲੀ ਲਾਈਨਾਂ ਉੱਪਰ ਹੋ ਰਹੇ ਖਰਚਿਆਂ ਨੂੰ ਕੇ ਵਿੱਤੀ ਘਾਟੇ ਨੂੰ ਕੰਟਰੋਲ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦੇ ਪਹਿਲੇ ਫੇਸ ਅਧੀਨ ਜ਼ਿਲ੍ਹਾ ਫਿਰੋਜਪੁਰ ਵਿਚ ਵੱਖ-ਵੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਬਿਜਲੀ ਨੈੱਟਵਰਕ ਦੇ ਸੁਧਾਰਾਂ ਤੇ ਲਗਭਗ 113 ਕਰੋੜ ਰੁਪਏ ਖਰਚੇ ਜਾਣਗੇ। ਮੀਟਿੰਗ ਦੌਰਾਨ ਪਾਵਰਕਾਮ ਦੇ ਸੰਬੰਧਿਤ ਵਿੰਗ ਦੇ ਅਧਿਕਾਰੀ ਵੱਲੋਂ ਦੱਸਿਆ ਗਿਆ ਕਿ ਇਸ ਸਕੀਮ ਅਧੀਨ ਪਿੰਡਾਂ ਅਤੇ ਸ਼ਹਿਰਾਂ ਵਿਚ ਕੰਡਮ ਪੋਲਾਂ, ਤਾਰਾਂ ਅਤੇ ਕੇਬਲਾਂ ਦਾ ਵੀ ਸੁਧਾਰ ਕੀਤਾ ਜਾਵੇਗਾ। ਇਸ ਸਕੀਮ ਅਧੀਨ ਪਹਿਲੇ ਫੇਸ ਵਿਚ ਵਿਧਾਨ ਸਭਾ ਹਲਕਾ ਸ਼ਹਿਰੀ ਫਿਰੋਜਪੁਰ ਵਿੱਚ ਰਕਮ ਲਗਭਗ 32।92 ਕਰੋੜ ਰੁਪਏ, ਦਿਹਾਤੀ ਫਿਰੋਜਪੁਰ ਵਿੱਚ ਰਕਮ ਲਗਭਗ 45।54 ਕਰੋੜ ਰੁਪਏ, ਜੀਰਾ ਵਿੱਚ ਰਕਮ ਲਗਭਗ 27।57 ਕਰੋੜ ਰੁਪਏ ਅਤੇ ਗੁਰੂਹਰਸਹਾਏ ਵਿੱਚ ਰਕਮ ਲਗਭਗ 7।25 ਕਰੋੜ ਰੁਪਏ ਦੇ ਕੰਮ ਕਰਵਾਏ ਜਾਣਗੇ ।

ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ ਨੇ ਇਸ ਸਕੀਮ ਅਧੀਨ ਫਿਰੋਜਪੁਰ ਜਿਲ੍ਹੇ ਵਿੱਚ 2 ਬਿਜਲੀ ਘਰਾਂ 66 ਕੇਵੀ ਐਫ।ਸੀ।ਆਈ ਅਤੇ 66 ਕੇਵੀ ਹਾਮਦ ਦੇ ਪਾਵਰ ਟਰਾਂਸਫਾਰਮਰ ਦੀ ਕਪੈਸਟੀ ਵਿੱਚ ਵਾਧਾ ਕਰਨਾ ਅਤੇ 01 ਬਿਜਲੀ ਘਰ 66 ਕੇਵੀ ਧੰਨਾ ਸ਼ਹੀਦ ਵਿੱਚ 01 ਨਵਾਂ ਪਾਵਰ ਟਰਾਂਸਫਾਰਮਰ ਰੱਖਣ ਉਪਰ ਲਗਭਗ 8।75 ਕਰੋੜ ਖਰਚੇ ਜਾਣਗੇ। ਇਸੇ ਤਰ੍ਹਾਂ 66 ਕੇਵੀ ਲਾਈਨਾਂ ਦੇ ਸੁਧਾਰ ਲਈ ਲਗਭਗ 7।29 ਕਰੋੜ ਦੀ ਲਗਾਤ ਨਾਲ ਲਗਭਗ 22।12 ਕਿਲੋਮੀਟਰ ਦੇ ਕੰਡਕਟਰ ਬਦਲੀ ਕੀਤਾ ਜਾਵੇਗਾ। ਮੀਟਿੰਗ ਦੌਰਾਨ ਇੰਜ: ਮਨਦੀਪ ਸਿੰਘ ਸੰਧੂ ਵਧੀਕ ਨਿਗ। ਇੰਜ: ਫਰੀਦਕੋਟ, ਇੰਜ: ਮਨਜੀਤ ਸਿੰਘ ਵਧੀਕ ਨਿਗ।ਇੰਜ: ਦਿਹਾਤੀ ਮੰਡਲ ਪੀਐਸਪੀਸੀਐਲ ਫਿਰੋਜਪੁਰ, ਇੰਜ: ਸੁਰੇਸ ਕੁਮਾਰ ਵਧੀਕ ਨਿਗ।ਇੰਜ: ਸ਼ਹਿਰੀ ਮੰਡਲ ਪੀਐਸਪੀਸੀਐਲ ਫਿਰੋਜਪੁਰ, ਇੰਜ: ਫੁੰਮਣ ਸਿੰਘ ਸੀਨੀ।ਕਾਰਜਕਾਰੀ ਇੰਜ: ਵੰਡ ਮੰਡਲ ਪੀਐਸਪੀਸੀਐਲ ਜਲਾਲਾਬਾਦ, ਇੰਜ: ਸਰਤਾਜ ਸਿੰਘ ਸੀਨੀ। ਕਾਰਜਕਾਰੀ ਇੰਜ: ਵੰਡ ਮੰਡਲ ਪੀਐਸਪੀਸੀਐਲ ਜ਼ੀਰਾ ਹਾਜ਼ਰ ਸਨ।

# ਦਿੱਲੀ ਦੇ ਵਜ਼ੀਰਾਬਾਦ ਇਲਾਕੇ ’ਚ ਕੈਸ਼ ਵੈਨ ਲੁੱਟੀ, ਗਾਰਡ ਦੀ ਗੋਲੀ ਮਾਰ ਕੇ ਕੀਤੀ ਹੱਤਿਆ



ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਵਜ਼ੀਰਾਬਾਦ ਇਲਾਕੇ 'ਚ ਜਗਤ ਸਿੰਘ ਫਲਾਈਓਵਰ ਨੇੜੇ ਇਕ ਕੈਸ਼ ਵੈਨ 'ਚੋਂ ਅਪਰਾਧੀਆਂ ਨੇ 8 ਲੱਖ ਰੁਪਏ ਲੁੱਟ ਲਏ। ਇਸ ਦੌਰਾਨ ਅਪਰਾਧੀਆਂ ਨੇ ਗਾਰਡ ਦੀ ਵੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਕੈਸ਼ ਵੈਨ ਆਈਸੀਆਈਸੀਆਈ ਬੈਂਕ ਦੇ ਏਟੀਐਮ ਵਿੱਚ ਪੈਸੇ ਪਾਉਣ ਲਈ ਪਹੁੰਚੀ ਸੀ। ਇੱਕ ਵਿਅਕਤੀ ਨੇ ਏਟੀਐਮ ਦੇ ਸਾਹਮਣੇ ਆ ਕੇ ਗਾਰਡ ਨੂੰ ਪਿੱਛਿਓਂ ਗੋਲੀ ਮਾਰ ਦਿੱਤੀ ਅਤੇ ਪੈਸੇ ਲੁੱਟ ਕੇ ਫਰਾਰ ਹੋ ਗਏ। ਮ੍ਰਿਤਕ ਗਾਰਡ ਦਾ ਨਾਂ ਜੈ ਸਿੰਘ ਦੱਸਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਦਿੱਲੀ 'ਚ ਪਿਛਲੇ ਕੁਝ ਸਮੇਂ 'ਚ ਅਪਰਾਧ ਦੀਆਂ ਕਈ ਘਟਨਾਵਾਂ ਦੇਖਣ ਨੂੰ ਮਿਲ ਰਹੀਆਂ ਹਨ। ਅੱਜ ਹੀ ਮਾਇਆਪੁਰੀ ਇਲਾਕੇ 'ਚ ਪੁਲਿਸ ਦੇ ਸਹਾਇਕ ਸਬ-ਇੰਸਪੈਕਟਰ (ਏਐਸਆਈ) ਸ਼ੰਭੂ ਦਿਆਲ 'ਤੇ ਹੋਏ ਹਮਲੇ ਦੀ ਸੀਸੀਟੀਵੀ ਫੁਟੇਜ ਸਾਹਮਣੇ ਆਈ ਹੈ। ਫੁਟੇਜ ਮੁਤਾਬਕ ਹਮਲਾ ਉਸ ਸਮੇਂ ਹੋਇਆ ਜਦੋਂ ਸ਼ੰਭੂ ਦਿਆਲ ਮੁਲਜ਼ਮ ਨੂੰ ਨਾਲ ਲੈ ਕੇ ਜਾ ਰਿਹਾ ਸੀ। ਦਰਅਸਲ ਸ਼ੰਭੂ ਦਿਆਲ ਨੂੰ ਮਾਇਆਪੁਰੀ ਇਲਾਕੇ ਦੀ ਝੁੱਗੀ ਤੋਂ ਪੀਸੀਆਰ ਕਾਲ ਆਈ ਸੀ।

ਜਿਸ ਵਿੱਚ ਇੱਕ ਔਰਤ ਨੇ ਸ਼ਿਕਾਇਤ ਕੀਤੀ ਸੀ ਕਿ ਇੱਕ ਬਦਮਾਸ਼ ਮੁਹੰਮਦ ਅਨੀਸ਼ ਨੇ ਉਸਦਾ ਫੋਨ ਖੋਹ ਲਿਆ ਹੈ। ਫੋਨ 'ਤੇ ਸ਼ੰਭੂ ਦਿਆਲ ਇਲਾਕੇ 'ਚ ਪਹੁੰਚੇ ਅਤੇ ਮੁਲਜ਼ਮ ਮੁਹੰਮਦ ਅਨੀਸ਼ ਨੂੰ ਫੜ੍ਹ ਲਿਆ। ਸਾਹਮਣੇ ਆਈ ਸੀਸੀਟੀਵੀ ਫੁਟੇਜ ਮੁਤਾਬਕ ਜਿਸ ਸਮੇਂ ਸ਼ੰਭੂ ਦਿਆਲ ਮੁਲਜ਼ਮ ਨੂੰ ਥਾਣੇ ਲੈ ਕੇ ਜਾ ਰਿਹਾ ਸੀ। ਫਿਰ ਅਨੀਸ਼ ਨੇ ਗੁਪਤ ਤਰੀਕੇ ਨਾਲ ਚਾਕੂ ਕੱਢ ਕੇ ਏਐਸਆਈ ਸ਼ੰਭੂ ਦਿਆਲ 'ਤੇ ਹਮਲਾ ਕਰ ਦਿੱਤਾ।



# ਕੁਲਦੀਪ ਬਾਜਵਾ ਦੇ ਪਰਿਵਾਰ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰਦਾਸਪੁਰ ਵਿਖੇ ਪਹੁੰਚਕੇ ਕੀਤਾ ਦੁੱਖ ਸਾਂਝਾ



ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਅੱਜ ਮੁੱਖ ਮੰਤਰੀ ਭਗਵੰਤ ਮਾਨ ਗੁਰਦਾਸਪੁਰ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਸ਼ਹੀਦ ਕਾਂਸਟੇਬਲ ਕੁਲਦੀਪ ਬਾਜਵਾ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਦੁੱਖ ਸਾਂਝਾ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਦੀ ਆਮਦ ਨੂੰ ਲੈ ਕੇ ਪਿੰਡ ਸ਼ਾਹਪੁਰ 'ਚ ਪੁਲਿਸ ਵਲੋਂ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਇਸ ਦੌਰਾਨ ਮੁੱਖ ਮੰਤਰੀ ਮਾਨ ਨੇ ਕੁਲਦੀਪ ਬਾਜਵਾ ਦੇ ਪਰਿਵਾਰ ਨੂੰ 2 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਸੌਂਪਿਆ। ਇਸ ਵਿੱਚ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀ 1 ਕਰੋੜ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਅਤੇ ਪੰਜਾਬ ਪੁਲਿਸ ਦੀ ਬੀਮਾ ਪਾਲਿਸੀ ਦੇ ਤਹਿਤ ਐਚਡੀਐਫਸੀ ਵਲੋਂ 1 ਕਰੋੜ ਦੀ ਰਾਸ਼ੀ ਸ਼ਾਮਲ ਹੈ।

ਦੱਸ ਦੇਈਏ ਕਿ ਹਾਲ ਹੀ 'ਚ ਫਗਵਾੜਾ 'ਚ ਕਾਰ ਚੋਰੀ ਦੌਰਾਨ ਲੁਟੇਰਿਆਂ ਨੇ ਕਾਂਸਟੇਬਲ ਕੁਲਦੀਪ ਸਿੰਘ ਬਾਜਵਾ ਨੂੰ ਗੋਲੀ ਮਾਰ ਦਿੱਤੀ, ਜਿਸ ਕਾਰਨ ਉਹ ਜ਼ਖਮੀ ਹੋ ਗਿਆ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ ਸੀ। ਇਸਦੇ ਨਾਲ ਹੀ ਫਿਲੌਰ ਪੁਲਿਸ ਵੱਲੋਂ ਨਾਕਾਬੰਦੀ ਦੌਰਾਨ ਹੋਏ ਮੁਕਾਬਲੇ ਦੌਰਾਨ ਕਥਿਤ 3 ਲੁਟੇਰਿਆਂ ਨੂੰ ਕਾਬੂ ਕਰ ਲਿਆ ਗਿਆ ਅਤੇ ਚੌਥੇ ਦੀ ਭਾਲ ਲਈ ਕਪੂਰਥਲਾ ਪੁਲਿਸ ਵਲੋਂ ਲਗਾਤਾਰ ਸੂਬੇ ਭਰ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ।

ਇਸ ਮੌਕੇ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਸ਼ਹੀਦ ਕੁਲਦੀਪ ਸਿੰਘ ਬਾਜਵਾ ਦੇ ਨਾਂ 'ਤੇ ਪਿੰਡ ਵਿੱਚ ਖੇਡ ਮੈਦਾਨ ਬਣਾਇਆ ਜਾਵੇਗਾ, ਜੋ ਫੌਜ ਅਤੇ ਪੁਲਿਸ ਵਿਚ ਭਰਤੀ ਹੋਣ ਦੇ ਚਾਹਵਾਨ ਨੌਜਵਾਨ ਇਥੇ ਆਪਣਾ ਅਭਿਆਸ ਕਰ ਸਕਣ। ਇਸਦੇ ਨਾਲ ਹੀ ਪਿੰਡ ਨੂੰ ਆਉਂਦੀ ਸੜਕ ਦਾ ਨਾਂ ਸ਼ਹੀਦ ਕੁਲਦੀਪ ਸਿੰਘ ਬਾਜਵਾ ਮਾਰਗ ਰੱਖਿਆ ਜਾਵੇਗਾ।

# ਮੀਤ ਹੇਅਰ ਨੇ ਹਾਈ ਕੋਰਟ ਵੱਲੋਂ ਬੰਦ ਪਈਆਂ ਖੱਡਾਂ ਨੂੰ ਚਲਾਉਣ ਦੀ ਆਗਿਆ ਦੇਣ ਨੂੰ ਪੰਜਾਬ ਦੇ ਲੋਕਾਂ ਦੀ ਜਿੱਤ ਦੱਸਿਆ

## ਭਗਵੰਤ ਮਾਨ ਸਰਕਾਰ ਰੇਤ ਮਾਫੀਏ ਖਤਮ ਕਰਕੇ ਲੋਕਾਂ ਨੂੰ ਵਾਜਬ ਕੀਮਤਾਂ ਉਤੇ ਰੇਤਾ ਮੁਹੱਈਆ ਕਰਵਾਉਣ ਲਈ ਵਚਨਬੱਧ: ਮੀਤ ਹੇਅਰ



ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਪੰਜਾਬ ਦੇ ਖਣਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸੂਬਾ ਸਰਕਾਰ ਨੂੰ ਬੰਦ ਪਈਆਂ ਖੱਡਾਂ ਚਲਾਉਣ ਦੇ ਦਿੱਤੀ ਆਗਿਆ ਉਤੇ ਆਪਣਾ ਪ੍ਰਤੀਕਰਮ ਦਿੰਦੇ ਹੋਏ ਇਸ ਫੈਸਲੇ ਨੂੰ ਪੰਜਾਬ ਦੇ ਲੋਕਾਂ ਦੀ ਜਿੱਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਸੂਬਾ ਸਰਕਾਰ ਵੱਲੋਂ ਰੇਤ ਮਾਫੀਏ ਦਾ ਖਾਤਮਾ ਕਰਕੇ ਪੰਜਾਬ ਵਾਸੀਆਂ ਨੂੰ ਵਾਜਬ ਕੀਮਤਾਂ ਉਤੇ ਰੇਤਾ ਮੁਹੱਈਆ ਕਰਵਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ।

ਪੰਜਾਬ ਸਰਕਾਰ ਦੇ ਨਿਰੰਤਰ ਯਤਨਾਂ ਤੋਂ ਬਾਅਦ 27 ਦਸੰਬਰ 2022 ਨੂੰ ਐਸਈਆਈਏਏ ਵੱਲੋਂ 3 ਜ਼ਿਲ੍ਹਿਆਂ ਫਾਜ਼ਿਲਕਾ, ਪਠਾਨਕੋਟ ਅਤੇ ਰੂਪਨਗਰ ਦੇ ਡੀ.ਐਸ.ਆਰ. ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਦੇ ਡੀਐਸਆਰਜ਼ ਵਿੱਚ ਉਪ-ਮੰਡਲ ਪੱਧਰ ਦੀਆਂ ਕਮੇਟੀਆਂ ਦੁਆਰਾ ਪਛਾਣ ਕੀਤੀਆਂ ਗਈਆਂ 150 ਸੰਭਾਵਿਤ ਖੱਡਾਂ ਸ਼ਾਮਲ ਹਨ। ਇਸ ਤੋਂ ਬਾਅਦ ਐਸਈਆਈਏਏ ਨੇ ਕੁਝ ਸ਼ਰਤਾਂ ਦੇ ਨਾਲ 30 ਦਸੰਬਰ ਨੂੰ ਪੱਤਰ ਰਾਹੀਂ ਡੀਐਸਆਰ ਵਿੱਚ ਸ਼ਾਮਲ ਖੱਡਾਂ 'ਤੇ ਖਣਨ ਦੀ ਇਜਾਜ਼ਤ ਦਿੱਤੀ ਸੀ। ਅੱਜ ਮਾਣਯੋਗ ਹਾਈ ਕੋਰਟ ਨੇ ਐਸਈਆਈਏਏ ਦੁਆਰਾ ਦਰਸਾਈਆਂ ਸ਼ਰਤਾਂ 'ਤੇ ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਵਿੱਚ ਖਣਨ ਦੀ ਇਜਾਜ਼ਤ ਦਿੱਤੀ ਹੈ। ਹੋਰ 11 ਜ਼ਿਲ੍ਹਿਆਂ ਦੇ ਡੀਐਸਆਰਜ਼ ਤਿਆਰੀਆਂ ਅਧੀਨ ਹਨ ਅਤੇ ਸਰਕਾਰ ਰੋਜ਼ਾਨਾ ਦੇ ਆਧਾਰ 'ਤੇ ਇਸ ਦੀ ਨਿਗਰਾਨੀ ਕਰ ਰਹੀ ਹੈ। ਇਨ੍ਹਾਂ ਨੂੰ ਸਮਾਂਬੱਧ ਢੰਗ ਨਾਲ ਐਸ.ਈ.ਆਈ.ਏ.ਏ. ਨੂੰ ਵੀ ਜਲਦੀ ਜਮ੍ਹਾ ਕਰਵਾ ਦਿੱਤਾ ਜਾਵੇਗਾ। ਡੀਐਸਆਰ ਵਿੱਚ ਸ਼ਾਮਲ 150 ਖੱਡਾਂ ਦੀਆਂ ਖਣਨ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਸਬੰਧੀ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਸਰਕਾਰ ਨੇ ਇਨ੍ਹਾਂ ਯੋਜਨਾਵਾਂ ਨੂੰ ਤਿਆਰ ਕਰਨ ਲਈ 3 ਸਲਾਹਕਾਰਾਂ ਦੀਆਂ ਸੇਵਾਵਾਂ ਲਈਆਂ ਹਨ।

ਮੀਤ ਹੇਅਰ ਨੇ ਕਿਹਾ ਕਿ ਖੱਡਾਂ ਚਾਲੂ ਕਰਨ ਬਾਰੇ ਹਾਈ ਕੋਰਟ ਦੇ ਤਾਜ਼ਾ ਫੈਸਲੇ ਨਾਲ ਲੋਕਾਂ ਨੂੰ ਰੇਤ ਦੀ ਸਪਲਾਈ ਵਿਚ ਕੋਈ ਕਮੀ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਰੇਤਾ ਦੀਆਂ ਕੀਮਤਾਂ ਵੀ ਤੈਅ ਕੀਤੀਆਂ ਹਨ ਤਾਂ ਕਿ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਿਊ ਚੰਡੀਗੜ੍ਹ ਵਿਖੇ ਰੇਤਾ ਦਾ ਸਰਕਾਰੀ ਡਿਪੂ ਵੀ ਖੋਲ੍ਹਿਆ ਹੈ ਜਿੱਥੇ ਤੈਅ ਕੀਮਤਾਂ ਉਤੇ ਰੇਤਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਰਕਾਰ ਵੱਲੋਂ ਹੋਰ ਜ਼ਿਲ੍ਹਿਆਂ ਵਿਚ ਵੀ ਰੇਤਾ ਦੀ ਵਿਕਰੀ ਦੇ ਸਰਕਾਰੀ ਡਿਪੂ ਖੋਲ੍ਹੇ ਜਾ ਰਹੇ ਹਨ।

ਖਣਨ ਮੰਤਰੀ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਵੱਲੋਂ ਮਾਫੀਏ ਦੀ ਪੁਸ਼ਤਪਨਾਹੀ ਕੀਤੀ ਜਾਂਦੀ ਸੀ ਜਿਸ ਦਾ ਖ਼ਮਿਆਜ਼ਾ ਲੋਕਾਂ ਨੂੰ ਭੁਗਤਣਾ ਪੈਂਦਾ ਸੀ ਅਤੇ ਉਨ੍ਹਾਂ ਨੂੰ ਮਹਿੰਗੇ ਭਾਅ ਰੇਤਾ ਖਰੀਦਣੀ ਪੈਂਦੀ ਸੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿਚ ਆਉਂਦੇ ਹੀ ਮਾਫੀਏ ਦਾ ਸਫਾਇਆ ਕੀਤਾ ਹੈ ਅਤੇ ਇੱਥੋਂ ਤੱਕ ਕਿ ਪਹਿਲੀ ਵਾਰ ਸਸਤੇ ਰੇਟਾਂ ਉਤੇ ਰੇਤਾ ਵੇਚਣ ਲਈ ਸਰਕਾਰੀ ਡਿਪੂ ਖੋਲ੍ਹਿਆ ਗਿਆ ਹੈ।

# ਪ੍ਰੀਤ ਕੰਵਲ ਸਿੰਘ ਨੇ ਬਤੌਰ ਜੁਆਇੰਟ ਡਾਇਰੈਕਟਰ ਅਤੇ ਗੁਰਮੀਤ ਸਿੰਘ ਖਹਿਰਾ ਨੇ ਬਤੌਰ ਡਿਪਟੀ ਡਾਇਰੈਕਟਰ ਚਾਰਜ ਸੰਭਾਲਿਆ



ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵਿੱਚ ਅੱਜ ਪ੍ਰੀਤ ਕੰਵਲ ਸਿੰਘ ਨੇ ਬਤੌਰ ਜੁਆਇੰਟ ਡਾਇਰੈਕਟਰ ਅਤੇ ਗੁਰਮੀਤ ਸਿੰਘ ਖਹਿਰਾ ਨੇ ਬਤੌਰ ਡਿਪਟੀ ਡਾਇਰੈਕਟਰ ਆਪਣਾ ਅਹੁਦਾ ਸੰਭਾਲ ਲਿਆ। ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਹੋਈ ਹੈ।

ਪ੍ਰੀਤ ਕੰਵਲ ਸਿੰਘ ਨੂੰ ਟੀ.ਵੀ. ਅਤੇ ਅਖ਼ਬਾਰ ਦੇ ਖੇਤਰ ਵਿੱਚ ਲੰਮਾ ਸਮਾਂ ਕੰਮ ਕਰਨ ਦਾ ਤਜਰਬਾ ਹੈ। ਉਨ੍ਹਾਂ ਨੇ ਸਾਲ 2011 ਵਿੱਚ ਬਤੌਰ ਸਹਾਇਕ ਲੋਕ ਸੰਪਰਕ ਅਫ਼ਸਰ ਸੇਵਾ ਸ਼ੁਰੂ ਕੀਤੀ ਅਤੇ ਸਾਲ 2015 ਵਿੱਚ ਉਹ ਸੂਚਨਾ ਤੇ ਲੋਕ ਸੰਪਰਕ ਅਫ਼ਸਰ ਬਣੇ। ਸਰਕਾਰੀ ਸੇਵਾ ਦੌਰਾਨ ਉਨ੍ਹਾਂ ਨੇ ਵਿਭਾਗ ਦੇ ਮੁੱਖ ਦਫ਼ਤਰ ਵਿਖੇ ਪ੍ਰੈਸ ਸੈਕਸ਼ਨ ਸਣੇ ਰੋਪੜ ਅਤੇ ਮੋਹਾਲੀ ਵਿਖੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋਂ ਸੇਵਾ ਨਿਭਾਈ।

ਵਿਭਾਗ ਵਿੱਚ ਬਤੌਰ ਡਿਪਟੀ ਡਾਇਰੈਕਟਰ ਅਹੁਦਾ ਸੰਭਾਲਣ ਵਾਲੇ ਗੁਰਮੀਤ ਸਿੰਘ ਖਹਿਰਾ ਨੂੰ ਵੀ ਟੀ.ਵੀ. ਪੱਤਰਕਾਰਤਾ ਦਾ ਲੰਮਾ ਤਜਰਬਾ ਹੈ। ਸਾਲ 2011 ਵਿੱਚ ਬਤੌਰ ਸੂਚਨਾ ਤੇ ਲੋਕ ਸੰਪਰਕ ਅਫ਼ਸਰ ਵਜੋਂ ਭਰਤੀ ਹੋਏ ਸ੍ਰੀ ਖਹਿਰਾ ਨੇ ਵਿਭਾਗ ਦੇ ਪ੍ਰੈਸ ਸੈਕਸ਼ਨ, ਇਸ਼ਤਿਹਾਰ ਸ਼ਾਖਾ ਸਮੇਤ ਬਰਨਾਲਾ ਅਤੇ ਰੋਪੜ ਵਿਖੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋਂ ਸੇਵਾ ਨਿਭਾਈ ਹੈ।

# ਮਾਨ ਸਰਕਾਰ ਵੱਲੋਂ ਮਿਸ਼ਨ 100% ਗਿਵ ਯੁਅਰ ਬੈਸਟ ਨੂੰ ਮੱਦੇਨਜ਼ਰ ਰੱਖਦਿਆਂ ਵਿਦਿਆਰਥੀਆਂ ਨੂੰ ਪ੍ਰਿੰਟਡ ਮੈਟੀਰੀਅਲ ਮੁਹਾਇਆ ਕਰਵਾਉਣ ਲਈ ਤਿੰਨ ਕਰੋੜ ਪੱਚੀ ਲੱਖ ਦੀ ਗ੍ਰਾਂਟ ਜਾਰੀ : ਬੈਂਸ



ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਲਾਨਾ ਪ੍ਰੀਖਿਆਵਾਂ ਦੇ ਮੱਦੇਨਜ਼ਰ ਸ਼ੁਰੂ ਕੀਤੀ ਗਈ ਮੁਹਿੰਮ "ਮਿਸ਼ਨ 100% ਗਿਵ ਯੁਅਰ ਬੈਸਟ" ਰਾਹੀਂ ਸਰਵੋਤਮ ਨਤੀਜੇ ਹਾਸਲ ਕਰਨ ਲਈ ਰਾਜ ਦੇ ਸਮੂਹ ਸਕੂਲਾਂ ਵਿੱਚ ਅੱਠਵੀਂ ਅਤੇ ਦਸਵੀਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਸਲਾਨਾ ਪ੍ਰੀਖਿਆਵਾਂ ਦੀ ਤਿਆਰੀ ਵਾਸਤੇ ਫੋਟੋਸਟੇਟ ਅਤੇ ਪ੍ਰਿੰਟਡ ਮੈਟੀਰੀਅਲ ਮੁਹੱਈਆ ਕਰਵਾਉਣ ਵਾਸਤੇ ਤਿੰਨ ਕਰੋੜ ਪੱਚੀ ਲੱਖ ਅਠਾਨਵੇਂ ਹਜ਼ਾਰ ਪੰਜ ਸੋ ਚਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਪ੍ਰਤੀ ਵਿਦਿਆਰਥੀ 72 ਰੁਪਏ ਅਤੇ ਦਸਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ 90 ਰੁਪਏ ਪ੍ਰਤੀ ਵਿਦਿਆਰਥੀ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹਰੇਕ ਜ਼ਿਲ੍ਹੇ ਨੂੰ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਬੈਂਸ ਅਨੁਸਾਰ ਇਸ ਰਾਸ਼ੀ ਨਾਲ ਵਿਦਿਆਰਥੀ ਆਪਣੀ ਜ਼ਰੂਰਤ ਅਨੁਸਾਰ ਫੋਟੋ ਸਟੇਟ ਜਾਂ ਹੋਰ ਸਿੱਖਣ ਸਹਾਇਕ ਸਮੱਗਰੀ ਦੀ ਖਰੀਦ ਕਰ ਸਕਦੇ ਹਨ।

ਕਿਹੜੇ ਜ਼ਿਲ੍ਹੇ ਨੂੰ ਕਿੰਨੀ ਗਰਾਂਟ ਮਿਲੀ

ਇਸ ਗ੍ਰਾਂਟ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਨੂੰ 26.38944 ਲੱਖ, ਬਰਨਾਲਾ ਨੂੰ 7.0767 ਲੱਖ, ਬਠਿੰਡਾ ਨੂੰ 18.04032 ਲੱਖ, ਫਰੀਦਕੋਟ ਨੂੰ 7.9867 ਲੱਖ, ਫਤਿਹਗੜ੍ਹ ਸਾਹਿਬ ਨੂੰ 6.5421 ਲੱਖ, ਫਾਜ਼ਿਲਕਾ ਨੂੰ 19.16298 ਲੱਖ, ਫ਼ਿਰੋਜ਼ਪੁਰ ਨੂੰ 12.2192 ਲੱਖ, ਗੁਰਦਾਸਪੁਰ ਨੂੰ 20.13318 ਲੱਖ, ਹੁਸ਼ਿਆਰਪੁਰ ਨੂੰ 17.76906 ਲੱਖ, ਜਲੰਧਰ ਨੂੰ 20.71746 ਲੱਖ, ਕਪੂਰਥਲਾ ਨੂੰ 7.90722 ਲੱਖ, ਲੁਧਿਆਣਾ ਨੂੰ 32.67072 ਲੱਖ, ਮਲੇਰਕੋਟਲਾ ਨੂੰ 4.15926 ਲੱਖ, ਮਾਨਸਾ ਨੂੰ 11.61 ਲੱਖ, ਮੋਗਾ ਨੂੰ 11.87406 ਲੱਖ, ਸ੍ਰੀ ਮੁਕਤਸਰ ਸਾਹਿਬ ਨੂੰ 13.06098 ਲੱਖ, ਪਠਾਨਕੋਟ ਨੂੰ 7.44912 ਲੱਖ, ਪਟਿਆਲਾ ਨੂੰ 23.80014 ਲੱਖ, ਰੂਪਨਗਰ ਨੂੰ 8.2935 ਲੱਖ, ਐਸਬੀਐਸ ਨਗਰ ਨੂੰ 6.60924 ਲੱਖ, ਸੰਗਰੂਰ ਨੂੰ 15.0489 ਲੱਖ, ਐਸ ਏ ਐਸ ਨਗਰ ਨੂੰ 11.96244 ਲੱਖ ਅਤੇ ਤਰਨ-ਤਾਰਨ ਨੂੰ 15.5142 ਲੱਖ ਰੁਪਏ ਜਾਰੀ ਹੋਏ ਹਨ। ਇਸ ਤਰ੍ਹਾਂ ਜ਼ਿਲ੍ਹੇ ਵਾਰ ਤਿੰਨ ਕਰੋੜ ਪੱਚੀ ਲੱਖ ਅਠਾਨਵੇਂ ਹਜ਼ਾਰ ਪੰਜ ਸੋ ਚਾਰ ਰੁਪਏ ਜਾਰੀ ਕੀਤੇ ਗਏ ਹਨ।


ਕੈਨੇਡੀਅਨ ਪੰਜਾਬੀ ਪੋਸਟ CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਉਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**









## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

# ਪ੍ਰਤਾਪ ਬਾਜਵਾ ਨੇ ਕਿਹਾ: ਰਿਸ਼ਵਤਖ਼ੋਰ ਅਫਸਰਸ਼ਾਹੀ ਲਈ ਆਈ.ਏ.ਐੱਸ. ਅਤੇ ਪੀ.ਸੀ.ਐੱਸ. ਨੂੰ ਕੋਈ ਰਿਆਇਤ ਨਹੀਂ ਦਿੱਤੀ ਜਾ ਸਕਦੀ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਬੁੱਧਵਾਰ ਨੂੰ ਆਈਏਐਸ ਅਤੇ ਪੀਸੀਐਸ ਅਧਿਕਾਰੀਆਂ ਸਮੇਤ ਪੰਜਾਬ ਦੀ ਰਿਸ਼ਵਤਖ਼ੋਰ ਅਫਸਰਸ਼ਾਹੀ ਪ੍ਰਤੀ ਸਖ਼ਤੀ ਨਾਲ ਪੇਸ਼ ਆਉਂਦਿਆਂ ਕਿਹਾ ਕਿ ਰਿਸ਼ਵਤਖ਼ੋਰੀ ਨੂੰ ਲੈ ਕੇ ਅਧਿਕਾਰੀਆਂ ਪ੍ਰਤੀ ਕਿਸੇ ਤਰ੍ਹਾਂ ਦੀ ਨਰਮੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।



ਬਾਜਵਾ ਨੇ ਕਿਹਾ ਕਿ ਜਿਸ ਤਰ੍ਹਾਂ ਆਈਏਐਸ ਅਤੇ ਪੀਸੀਐਸ ਅਧਿਕਾਰੀ ਸਮੂਹਿਕ ਛੁੱਟੀ 'ਤੇ ਚਲੇ ਗਏ ਹਨ, ਉਹ ਪੰਜਾਬ ਦੇ ਉਨ੍ਹਾਂ ਲੋਕਾਂ ਲਈ ਉਨ੍ਹਾਂ ਦੇ ਸਨਮਾਨ ਦੇ ਖ਼ਿਲਾਫ਼ ਹੈ ਜਿਨ੍ਹਾਂ ਨੂੰ ਸਰਕਾਰੀ ਦਫ਼ਤਰਾਂ ਤੋਂ ਆਪਣਾ ਕੰਮ ਕਰਵਾਉਣ ਲਈ ਰੋਜ਼ਾਨਾ ਦੂਰ-ਦੁਰਾਡੇ ਜਾਣਾ ਪੈਂਦਾ ਹੈ। ਇਸ ਤੋਂ ਇਲਾਵਾ ਬਾਜਵਾ ਨੇ ਕਿਹਾ ਕਿ ਅਫਸਰਾਂ ਨੂੰ ਭ੍ਰਿਸ਼ਟਾਚਾਰ ਦੇ ਖਿਲਾਫ ਪੂਰੀ ਸੁਰੱਖਿਆ ਕਿਵੇਂ ਮਿਲ ਸਕਦੀ ਹੈ। ਕੀ ਉਹ ਸਿਰਫ਼ ਆਪਣੇ ਭ੍ਰਿਸ਼ਟ ਸਾਥੀਆਂ ਨੂੰ ਬਚਾਉਣ ਲਈ ਸਿਵਲ ਸੇਵਾਵਾਂ ਵਿਚ ਸ਼ਾਮਲ ਹੋਏ ਹਨ ? ਕੀ ਉਨ੍ਹਾਂ ਨੂੰ ਦੇਸ਼ ਦੇ ਕਾਨੂੰਨ ਦਾ ਕੋਈ ਸਤਿਕਾਰ ਨਹੀਂ ਹੈ ? ਜੇ ਉਹ ਕਿਸੇ ਗੱਲ ਤੋਂ ਦੁਖੀ ਹਨ ਤਾਂ ਉਹ ਸਰਕਾਰ ਕੋਲ ਆਪਣੀ ਗੱਲ ਸਰਕਾਰ ਤੱਕ ਪਹੁੰਚਾ ਸਕਦੇ ਹਨ। ਉਹਨਾਂ ਦੀ ਸਿੱਧੀ ਪਹੁੰਚ ਹੁੰਦੀ ਹੈ।

ਬਾਜਵਾ ਨੇ ਕਿਹਾ ਕਿ ਪੰਜਾਬ ਦੀ ਅਫਸਰਸ਼ਾਹੀ ਸਵਰਗ ਤੋਂ ਨਹੀਂ ਉਤਰੀ ਹੈ ਜਿਸ ਲਈ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਵੱਖ-ਵੱਖ ਨਿਯਮ ਬਣਾਏ ਜਾਣਗੇ। ਬਾਜਵਾ ਨੇ ਅੱਗੇ ਕਿਹਾ, "ਸਾਰੀ ਦੁਨੀਆ ਜਾਣਦੀ ਹੈ ਕਿ ਪਿਛਲੇ ਸਾਲਾਂ ਦੌਰਾਨ ਕੁਝ ਨੌਕਰਸ਼ਾਹ ਕਿੰਨੇ ਭ੍ਰਿਸ਼ਟ ਹੋ ਗਏ ਹਨ ਅਤੇ ਲੋਕਾਂ ਨੂੰ ਆਪਣੇ ਆਮ ਕੰਮ ਕਰਵਾਉਣ ਲਈ ਵੀ ਪੈਸਾ ਦੇਣਾ ਪੈਂਦਾ ਹੈ।

ਬਾਜਵਾ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਦਿੱਲੀ ਅਤੇ ਕੇਰਲਾ ਹਾਈ ਕੋਰਟਾਂ ਸਮੇਤ ਵੱਖ-ਵੱਖ ਅਦਾਲਤਾਂ ਦੇ ਫੈਸਲਿਆਂ ਵਿਚ ਸਪਸ਼ਟ ਕਿਹਾ ਗਿਆ ਹੈ ਕਿ ਜਾਅਲਸਾਜ਼ੀ, ਧੋਖਾਧੜੀ, ਫੰਡਾਂ ਦੀ ਦੁਰਵਰਤੋਂ ਅਤੇ ਧੋਖਾਧੜੀ ਦੇ ਮਾਮਲਿਆਂ ਵਿਚ ਸਿਵਲ ਅਧਿਕਾਰੀਆਂ ਦੀ ਜਾਂਚ ਲਈ ਜਾਂਚ ਏਜੰਸੀ ਨੂੰ ਇਜਾਜ਼ਤ ਲੈਣ ਦੀ ਕੋਈ ਲੋੜ ਨਹੀਂ। ਉਨ੍ਹਾਂ ਕਿਹਾ ਭ੍ਰਿਸ਼ਟਾਚਾਰ ਰੋਕੂ ਐਕਟ 1988 ਦੀ ਧਾਰਾ 17ਏ ਤਹਿਤ ਮਨਜ਼ੂਰੀ, ਜਿਸ ਨੂੰ ਬਾਅਦ ਵਿੱਚ 2018 ਵਿੱਚ ਸੋਧਿਆ ਗਿਆ ਸੀ ਇਸ ਦੀ ਲੋੜ ਨਹੀਂ।

ਬਾਜਵਾ ਨੇ ਪਿਛਲੇ ਸਾਲ ਜੁਲਾਈ ਮਹੀਨੇ ਵਿੱਚ ਹਰਿਆਣਾ ਦੇ ਮੁੱਖ ਸਕੱਤਰ ਸੰਜੀਵ ਕੁਮਾਰ ਕੌਸ਼ਲ ਦੇ ਅਧਿਕਾਰਤ ਚਿੱਠੀ ਦਾ ਵੀ ਹਵਾਲਾ ਦਿੱਤਾ ਜਿਸ ਵਿੱਚ ਉਨ੍ਹਾਂ ਨੇ ਗੁਆਂਢੀ ਰਾਜ ਵਿੱਚ ਸਰਕਾਰ ਦੇ ਸਾਰੇ ਵਿਭਾਗੀ ਮੁਖੀਆਂ ਨੂੰ ਪੱਤਰ ਲਿਖ ਕੇ ਸਪੱਸ਼ਟ ਕੀਤਾ ਸੀ ਕਿ ਜਿਹੜੇ ਅਧਿਕਾਰੀ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਿਆ ਗਿਆ ਅਤੇ ਜਾਅਲਸਾਜ਼ੀ ਅਤੇ ਧੋਖਾਧੜੀ ਦੇ ਮਾਮਲਿਆਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਜਾਂਚ ਸ਼ੁਰੂ ਕਰਨ ਤੋਂ ਪਹਿਲਾਂ ਅਗਾਊਂ ਪ੍ਰਵਾਨਗੀ ਲੈਣ ਦੀ ਕੋਈ ਲੋੜ ਨਹੀਂ।

## ਧੀਆਂ ਦੀ ਲੋਹੜੀ: ਪੰਜਾਬ ਸਰਕਾਰ ਵੱਲੋਂ 13 ਨੂੰ ਬਠਿੰਡਾ 'ਚ ਹੋਵੇਗਾ ਰਾਜ ਪੱਧਰੀ ਸਮਾਗਮ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਪੰਜਾਬ ਸਰਕਾਰ ਵੱਲੋਂ "ਧੀਆਂ ਦੀ ਲੋਹੜੀ" ਮਨਾਉਣ ਸਬੰਧੀ 13 ਜਨਵਰੀ ਨੂੰ ਬਠਿੰਡਾ ਵਿਖੇ ਰਾਜ ਪੱਧਰੀ ਸਮਾਗਮ ਕਰਾਇਆ ਜਾਵੇਗਾ। ਇਸ ਸਮਾਗਮ ਵਿੱਚ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ.ਬਲਜੀਤ ਕੌਰ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ।ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਦੇ ਡਾਇਰੈਕਟਰ ਮਾਧਵੀ ਕਟਾਰੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ 13 ਜਨਵਰੀ ਤੋਂ 20 ਜਨਵਰੀ ਤੱਕ "ਧੀਆਂ ਦੀ ਲੋਹੜੀ ਹਫ਼ਤਾ" ਮਨਾਇਆ ਜਾ ਰਿਹਾ ਹੈ ਤੇ ਰਾਜ ਪੱਧਰੀ ਸਮਾਗਮ ਬਠਿੰਡਾ ਵਿਖੇ ਕਰਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੇਟੀ ਬਚਾਓ ਬੇਟੀ ਪੜ੍ਹਾਓ (ਬੀਬੀਬੀਪੀ) ਸਕੀਮ ਤਹਿਤ ਧੀਆਂ ਦੀ ਲੋਹੜੀ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਮਨਾਈ ਜਾਂਦੀ ਹੈ ਤਾਂ ਜੋ ਰਾਜ ਵਿੱਚ ਲੜਕੀਆਂ ਦੇ ਲਿੰਗ ਅਨੁਪਾਤ ਪ੍ਰਤੀ ਜਾਗਰੂਕਤਾ ਫੈਲਾਈ ਜਾ ਸਕੇ। ਉਨ੍ਹਾਂ ਅੱਗੇ ਦੱਸਿਆ ਕਿ 13 ਜਨਵਰੀ ਤੋਂ 20 ਜਨਵਰੀ ਤੱਕ "ਧੀਆਂ ਦੀ ਲੋਹੜੀ ਹਫ਼ਤਾ" ਜ਼ਿਲ੍ਹੇ ਅਤੇ ਬਲਾਕਾਂ ਵਿੱਚ ਮਨਾਇਆ ਜਾਵੇਗਾ ਜਿੱਥੇ ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦੇ, ਡਿਪਟੀ ਕਮਿਸ਼ਨਰ, ਐਸ.ਡੀ.ਐਮਜ਼, ਹੋਰ ਵਿਭਾਗਾਂ ਦੇ ਅਧਿਕਾਰੀ, ਪੰਚਾਇਤਾਂ, ਸਕੂਲੀ ਬੱਚੇ ਆਦਿ ਸ਼ਾਮਲ ਹੋਣਗੇ।

# ਟਰਾਂਸਪੋਰਟ ਮੰਤਰੀ ਵੱਲੋਂ ਸੜਕ ਸੁਰੱਖਿਆ ਹਫ਼ਤੇ ਦੀ ਸ਼ੁਰੂਆਤ, ਸੜਕ ਹਾਦਸਿਆਂ 'ਚ ਮੌਤ ਦਰ ਘਟਾਉਣ ਲਈ ਸਬੰਧਤ ਧਿਰਾਂ ਨੂੰ ਜ਼ੋਰਦਾਰ ਹੰਭਲਾ ਮਾਰਨ ਦਾ ਸੱਦਾ

**-ਟ੍ਰੈਫ਼ਿਕ ਪੁਲਿਸ, ਟਰਾਂਸਪੋਰਟ, ਸਿਹਤ, ਸਥਾਨਕ ਸਰਕਾਰਾਂ ਤੇ ਸਿੱਖਿਆ ਵਿਭਾਗ ਕਰਾਉਣਗੇ ਵੱਖ-ਵੱਖ ਗਤੀਵਿਧੀਆਂ**

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਸੂਬੇ ਵਿੱਚ ਸੜਕ ਸੁਰੱਖਿਆ ਹਫ਼ਤੇ ਦੀ ਸ਼ੁਰੂਆਤ ਕਰਦਿਆਂ ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਸੜਕ ਹਾਦਸਿਆਂ ਵਿੱਚ ਮੌਤ ਦਰ ਘਟਾਉਣ ਲਈ ਸਮੂਹ ਸਬੰਧਤ ਧਿਰਾਂ ਨੂੰ ਜ਼ੋਰਦਾਰ ਹੰਭਲਾ ਮਾਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਹਾਦਸਿਆਂ ਵਿੱਚ ਅਜਾਈਂ ਜਾ ਰਹੀਆਂ ਮੌਤਾਂ ਨੂੰ ਰੋਕਣ ਲਈ ਸਬੰਧਤ ਵਿਭਾਗਾਂ, ਸਮਾਜ ਸੇਵੀ ਸੰਸਥਾਵਾਂ ਅਤੇ ਖ਼ਾਸਕਰ ਰਾਹਗੀਰਾਂ ਨੂੰ ਜ਼ਿੰਮੇਵਾਰੀ ਨਾਲ ਆਪਣੀ ਭੂਮਿਕਾ ਨਿਭਾਉਣੀ ਪਵੇਗੀ ਅਤੇ ਇੱਕ ਹਫ਼ਤੇ ਦੀ ਬਜਾਏ ਸਾਰਾ ਸਾਲ ਖ਼ੁਦ ਨੂੰ ਸੜਕ ਸੁਰੱਖਿਆ ਨੂੰ ਸਮਰਪਿਤ ਕਰਨਾ ਪਵੇਗਾ।



ਸੜਕੀ ਆਵਾਜਾਈ ਅਤੇ ਰਾਜ-ਮਾਰਗ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 11 ਤੋਂ 17 ਜਨਵਰੀ, 2023 ਤੱਕ ਸੜਕ ਸੁਰੱਖਿਆ ਹਫ਼ਤਾ ਮਨਾਉਣ ਦੇ ਫ਼ੈਸਲੇ ਤਹਿਤ ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ ਵੱਲੋਂ ਉਲੀਕੇ ਪ੍ਰੋਗਰਾਮ ਦਾ ਆਗ਼ਾਜ਼ ਕਰਦਿਆਂ ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਜ਼ਿਆਦਾਤਰ ਵੱਡੇ ਅਤੇ ਘਾਤਕ ਸੜਕ ਹਾਦਸੇ ਦਸੰਬਰ ਤੋਂ ਫ਼ਰਵਰੀ ਤੱਕ ਧੁੰਦ ਦੇ ਮੌਸਮ ਦੌਰਾਨ ਵਾਪਰਦੇ ਹਨ, ਜਿਨ੍ਹਾਂ ਨੂੰ ਘਟਾਉਣਾ ਵੱਡੀ ਚੁਣੌਤੀ ਹੈ ਅਤੇ ਇਸ ਲਈ ਵਿਸ਼ੇਸ਼ ਮੁਹਿੰਮ ਦੀ ਲੋੜ ਹੈ। ਉਨ੍ਹਾਂ ਟ੍ਰੈਫ਼ਿਕ ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ ਧੁੰਦ ਦੇ ਮੌਸਮ ਦੌਰਾਨ ਹਾਦਸਿਆਂ ਦਾ ਕਾਰਨ ਬਣ ਰਹੇ ਸੜਕਾਂ 'ਤੇ ਖੜ੍ਹੇ ਵੱਡੇ ਵਾਹਨਾਂ ਦੇ ਚਲਾਨ ਕੀਤੇ ਜਾਣ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਰੋਡ ਐਕਸੀਡੈਂਟ ਰਿਪੋਰਟ-2021 ਅਨੁਸਾਰ ਸੂਬੇ ਵਿੱਚ ਸੜਕ ਹਾਦਸਿਆਂ ਵਿੱਚ ਲਗਭਗ 4,589 ਲੋਕਾਂ ਦੀ ਮੌਤ ਹੋਈ ਅਤੇ ਰੋਜ਼ਾਨਾ 13 ਲੋਕ ਆਪਣੀ ਜਾਨ ਗੁਆ ਰਹੇ ਹਨ। ਉਨ੍ਹਾਂ ਕਿਹਾ ਕਿ ਕੁੱਲ ਸੜਕ ਹਾਦਸਿਆਂ ਵਿੱਚੋਂ 72 ਫ਼ੀਸਦੀ ਸੜਕ ਹਾਦਸੇ ਕੌਮੀ ਅਤੇ ਰਾਜ ਮਾਰਗਾਂ 'ਤੇ ਹੁੰਦੇ ਹਨ ਅਤੇ 60 ਫ਼ੀਸਦੀ ਸੜਕ ਹਾਦਸੇ ਪੇਂਡੂ ਖੇਤਰਾਂ ਵਿੱਚ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਸੜਕ ਹਾਦਸਿਆਂ ਵਿੱਚ ਮਰਨ ਵਾਲੇ 70 ਫ਼ੀਸਦੀ ਲੋਕ 18 ਤੋਂ 45 ਸਾਲ ਉਮਰ ਦੇ ਹੁੰਦੇ ਹਨ। ਸੂਬੇ ਵਿੱਚ ਹਾਦਸਿਆਂ ਵਿੱਚ ਜ਼ਿਲ੍ਹਾ ਰੋਪੜ, ਫ਼ਤਹਿਗੜ੍ਹ ਸਾਹਿਬ ਅਤੇ ਮੋਹਾਲੀ ਸਭ ਤੋਂ ਵੱਧ ਯੋਗਦਾਨ ਪਾ ਰਹੇ ਹਨ ਜਦਕਿ ਜਲੰਧਰ ਤੇ ਲੁਧਿਆਣਾ ਸ਼ਹਿਰ ਸਭ ਤੋਂ ਵੱਧ ਹਾਦਸਿਆਂ ਵਾਲੇ ਸ਼ਹਿਰ ਬਣ ਗਏ ਹਨ।

ਸੜਕ ਸੁਰੱਖਿਆ ਅਤੇ ਹਾਦਸਿਆਂ ਵਿਚ ਲੋਕਾਂ ਦੀ ਜਾਨ ਬਚਾਉਣ ਜਿਹੇ ਭਲਾਈ ਕਾਰਜਾਂ ਵਿੱਚ ਜੁਟੀਆਂ ਸਮਾਜ-ਸੇਵੀ ਸੰਸਥਾਵਾਂ ਦੀ ਸ਼ਲਾਘਾ ਕਰਦਿਆਂ ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਵਿਭਾਗ ਵੱਲੋਂ ਅਜਿਹੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਸਮਾਜ-ਸੇਵੀ ਸੰਸਥਾਵਾਂ ਨੂੰ ਵੱਧ-ਚੜ੍ਹ ਕੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਸੜਕ ਸੁਰੱਖਿਆ ਲਈ ਸਰਕਾਰ ਨੂੰ ਸੁਝਾਅ ਦੇਣ ਤਾਂ ਜੋ ਲੋਕਾਂ ਦੀ ਜਾਨ ਦੀ ਰਾਖੀ ਕੀਤੀ ਜਾ ਸਕੇ।

ਮੀਟਿੰਗ ਦੌਰਾਨ ਪ੍ਰਮੁੱਖ ਸਕੱਤਰ ਟਰਾਂਸਪੋਰਟ ਵਿਕਾਸ ਗਰਗ, ਡਾਇਰੈਕਟਰ ਜਨਰਲ ਲੀਡ ਏਜੰਸੀ ਸ੍ਰੀ ਆਰ. ਵੈਂਕਟ ਰਤਨਮ, ਸਟੇਟ ਟਰਾਂਸਪੋਰਟ ਕਮਿਸ਼ਨਰ ਮੌਨਿਸ਼ ਕੁਮਾਰ, ਏ.ਡੀ.ਜੀ.ਪੀ. (ਟ੍ਰੈਫ਼ਿਕ) ਏ.ਐਸ. ਰਾਏ ਅਤੇ ਐਨ.ਐਚ.ਏ.ਆਈ. ਸਣੇ ਲੋਕ ਨਿਰਮਾਣ ਵਿਭਾਗ (ਬੀ.ਐਂਡ.ਆਰ), ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਮੰਡੀ ਬੋਰਡ, ਸਕੂਲ ਸਿੱਖਿਆ ਆਦਿ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

**ਸੜਕ ਸੁਰੱਖਿਆ ਹਫ਼ਤੇ ਦੌਰਾਨ ਕਰਵਾਈਆਂ ਜਾਣਗੀਆਂ ਵੱਖ-ਵੱਖ ਗਤੀਵਿਧੀਆਂ**

ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੜਕ ਸੁਰੱਖਿਆ ਹਫ਼ਤੇ ਦੌਰਾਨ ਸੜਕ ਸੁਰੱਖਿਆ ਨਾਲ ਸਬੰਧਤ ਵਿਭਾਗਾਂ ਵੱਲੋਂ ਸਮਾਜ-ਸੇਵੀ ਜਥੇਬੰਦੀਆਂ ਨਾਲ ਮਿਲ ਕੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਟ੍ਰੈਫ਼ਿਕ ਪੁਲਿਸ ਵੱਲੋਂ ਸਾਈਕਲ/ਦੋ ਪਹੀਆ ਵਾਹਨ ਰੈਲੀਆਂ, ਰਿਫ਼ਲੈਕਟਰ ਲਾਉਣਾ, ਡਰਾਈਵਰਾਂ ਦੀ ਸਿਹਤ ਜਾਂਚ, ਓਵਰ ਸਪੀਡਿੰਗ ਤੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਵਿਰੁੱਧ ਮੁਹਿੰਮ, ਸੀਟ ਬੈਲਟ ਅਤੇ ਹੈਲਮੇਟ ਪਹਿਨਣ ਬਾਰੇ ਜਾਗਰੂਕਤਾ ਮੁਹਿੰਮ, ਸਾਈਨ ਬੋਰਡ ਲਗਾਉਣ ਆਦਿ ਦੀ ਮੁਹਿੰਮ ਚਲਾਈ ਜਾਵੇਗੀ। ਟਰਾਂਸਪੋਰਟ, ਸਟੇਟ ਟਰਾਂਸਪੋਰਟ ਕਮਿਸ਼ਨਰ ਅਤੇ ਸਿਹਤ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਟਰੱਕ ਆਪ੍ਰੇਟਰਾਂ ਤੇ ਟ੍ਰੈਫ਼ਿਕ ਮੁਲਾਜ਼ਮਾਂ ਦੀ ਸਿਹਤ ਤੇ ਅੱਖਾਂ ਦੀ ਜਾਂਚ ਦੇ ਕੈਂਪ, ਲੋਕ ਨਿਰਮਾਣ ਵਿਭਾਗ ਤੇ ਭਾਰਤੀ ਰਾਜ ਮਾਰਗ ਅਥਾਰਿਟੀ ਵੱਲੋਂ ਵੱਧ ਹਾਦਸਿਆਂ ਵਾਲੀਆਂ ਥਾਵਾਂ 'ਤੇ ਸਾਈਨ ਬੋਰਡ ਲਾਏ ਜਾਣਗੇ, ਪੰਜਾਬ ਮੰਡੀ ਬੋਰਡ ਤੇ ਲੋਕ ਨਿਰਮਾਣ ਵਿਭਾਗ ਵੱਲੋਂ ਸੰਪਰਕ ਸੜਕਾਂ ਦੇ ਆਲੇ-ਦੁਆਲੇ ਸਫ਼ਾਈ ਮੁਹਿੰਮ ਵਿੱਢੀ ਜਾਵੇਗੀ, ਸਥਾਨਕ ਸਰਕਾਰਾਂ ਵਿਭਾਗ ਵੱਲੋਂ ਮਿਊਂਸੀਪਲ ਹੱਦਾਂ ਦੇ ਅੰਦਰ ਵੱਧ ਹਾਦਸਿਆਂ ਵਾਲੇ ਮੋੜਾਂ 'ਤੇ ਸਟਰੀਟ ਲਾਈਟਾਂ ਅਤੇ ਕੈਮਰੇ ਲਾਏ ਜਾਣਗੇ। ਇਸੇ ਤਰ੍ਹਾਂ ਸਕੂਲ, ਉਚੇਰੀ ਅਤੇ ਤਕਨੀਕੀ ਸਿੱਖਿਆ ਵਿਭਾਗਾਂ ਵੱਲੋਂ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਸੜਕ ਹਾਦਸੇ ਘਟਾਉਣ ਸਬੰਧੀ ਅਤੇ ਵਿਦਿਆਰਥੀਆਂ ਨੂੰ ਆਉਣ-ਜਾਣ ਲਈ ਨਿੱਜੀ ਵਾਹਨਾਂ ਦੀ ਥਾਂ ਜਨਤਕ ਟਰਾਂਸਪੋਰਟ ਸੇਵਾ ਵਰਤਣ ਲਈ ਜਾਗਰੂਕ ਕੀਤਾ ਜਾਵੇਗਾ।

# ਚੇਤਨ ਸਿੰਘ ਜੌੜਾਮਾਜਰਾ ਵੱਲੋਂ ਪਲੇਠੀ ਮੀਟਿੰਗ ਦੌਰਾਨ ਆਪਣੇ ਅਧੀਨ ਵਿਭਾਗਾਂ ਦੇ ਕੰਮਾਂ ਦੀ ਕੀਤੀ ਸਮੀਖਿਆ, ਨਵੇਂ ਵਿਭਾਗਾਂ ਦਾ ਲਿਆ ਜਾਇਜ਼ਾ

ਚੰਡੀਗੜ੍ਹ: 12 ਜਨਵਰੀ (ਪੋਸਟ ਬਿਊਰੋ): ਅੱਜ ਚੇਤਨ ਸਿੰਘ ਜੌੜੇਮਾਜਰਾ, ਬਾਗਬਾਨੀ, ਸੁਤੰਤਰਤਾ ਸੈਨਿਕ ਸੇਵਾਵਾਂ ਤੇ ਭਲਾਈ ਅਤੇ ਫੂਡ ਪ੍ਰਸੈਸਿੰਗ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਰਾਜ ਦੇ ਬਾਗਬਾਨੀ ਵਿਭਾਗ ਵਿੱਚ ਚੱਲ ਰਹੀਆਂ ਗਤੀਵਿਧੀਆਂ ਦੀ ਸਮੀਖਿਆ ਕਰਨ ਸਬੰਧੀ ਪਲੇਠੀ ਮੀਟਿੰਗ ਵਿਭਾਗ ਦੇ ਪ੍ਰਬੰਧਕੀ ਸਕੱਤਰ, ਰਾਹੁਲ ਤਿਵਾੜੀ, ਆਈ.ਏ.ਐਸ., ਗਗਨਦੀਪ ਬਰਾੜ, ਆਈ.ਏ.ਐਸ ਸਕੱਤਰ ਬਾਗਬਾਨੀ, ਪੰਜਾਬ ਅਤੇ ਸ਼ੈਲਿੰਦਰ ਕੌਰ, ਆਈ.ਐਫ.ਐਸ., ਡਾਇਰੈਕਟਰ ਬਾਗਬਾਨੀ, ਪੰਜਾਬ ਨਾਲ ਕੀਤੀ ਗਈ।



ਮੰਤਰੀ ਵੱਲੋਂ ਵਿਭਾਗ ਵਿੱਚ ਚੱਲ ਰਹੀਆਂ ਕਿਸਾਨ ਭਲਾਈ ਸਕੀਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੰਤਰੀ ਜੀ ਵੱਲੋਂ ਇਸ ਗੱਲ ਤੇ ਵਿਸ਼ੇਸ਼ ਜੋਰ ਦਿੱਤਾ ਗਿਆ ਕਿ ਰਾਜ ਵਿੱਚ ਬਾਗਬਾਨੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਰਕਾਰ ਯਤਨਸ਼ੀਲ ਹੈ ਅਤੇ ਬਾਗਬਾਨੀ ਭਲਾਈ ਸਕੀਮਾਂ ਸਬੰਧੀ ਪ੍ਰਿੰਟ ਮੀਡੀਆ ਰਾਹੀਂ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਖੇਤੀ ਵਿਭਿੰਨਤਾ ਅਪਣਾਉਣ ਲਈ ਪ੍ਰੇਰਤ ਕੀਤਾ ਜਾ ਸਕੇ। ਇਸ ਸਬੰਧੀ ਡਾਇਰੈਕਟਰ ਬਾਗਬਾਨੀ, ਪੰਜਾਬ ਵੱਲੋਂ ਮੰਤਰੀ ਨੂੰ ਵਿਭਾਗ ਦੇ ਬੁਨਿਆਦੀ ਢਾਂਚੇ ਅਤੇ ਕੀਤੇ ਗਏ/ਕੀਤੇ ਜਾ ਰਹੇ ਨਿਵੇਕਲੇ ਉਪਰਾਲਿਆਂ ਬਾਰੇ ਜਾਣੂ ਕਰਵਾਇਆ ਗਿਆ। ਮੰਤਰੀ ਜੀ ਵੱਲੋਂ ਵਿਭਾਗ ਵਿੱਚ ਚੱਲ ਰਹੇ ਪ੍ਰੋਜੈਕਟਾਂ ਦੀ ਪ੍ਰਸ਼ੰਸਾ ਕੀਤੀ ਅਤੇ ਨਵੇਂ ਪ੍ਰੋਜੈਕਟਾਂ ਨੂੰ ਵੀ ਲਾਗੂ ਕਰਵਾਉਣ ਲਈ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਉਣ ਦੇ ਨਿਰਦੇਸ਼ ਦਿੱਤੇ।

ਜੌੜਾਮਾਜਰਾ ਨੇ ਡਾਇਰੈਕਟਰ ਬਾਗਬਾਨੀ, ਪੰਜਾਬ ਨੂੰ ਨਿਰਦੇਸ਼ ਦਿੱਤੇ ਕਿ ਬਾਗਬਾਨੀ ਨਾਲ ਸਬੰਧਤ ਨਵੀਆਂ ਕਿਸਾਨ ਭਲਾਈ ਸਕੀਮਾਂ ਤਿਆਰ ਕੀਤੀਆਂ ਜਾਣ ਤਾਂ ਜੋ ਜੋ ਕਿ ਕਿਸਾਨਾਂ ਦਾ ਆਰਥਿਕ ਪੱਧਰ ਉੱਚਾ ਚੁੱਕਣ ਵਿੱਚ ਸਹਾਈ ਹੋਣ। ਇਸ ਤੋਂ ਇਲਾਵਾ ਮੰਤਰੀ ਜੀ ਨੇ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬਲਾਕ, ਜਿਲ੍ਹਾ ਪੱਧਰ ਤੇ ਵੱਧ ਤੋਂ ਵੱਧ ਫੀਲਡ ਵਿਜ਼ਿਟ ਕੀਤੀਆਂ ਜਾਣ ਤਾਂ ਜੋ ਵਿਭਾਗ ਦਾ ਕਿਸਾਨਾਂ ਨਾਲ ਸਿੱਧਾ ਰਾਬਤਾ ਕਾਇਮ ਹੋ ਸਕੇ।

# ਅਮਨ ਅਰੋੜਾ ਵੱਲੋਂ ਪੰਜਾਬ ਨਿਵੇਸ਼ਕ ਸੰਮੇਲਨ ਦੀਆਂ ਤਿਆਰੀਆਂ ਦਾ ਜਾਇਜ਼ਾ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਪਹਿਲੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਸਫ਼ਲ ਬਣਾਉਣ ਲਈ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਇਸ ਸਾਲ ਫਰਵਰੀ ਵਿਚ ਹੋਣ ਵਾਲੇ ਇਸ ਮੈਗਾ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪੰਜਾਬ ਦੇ ਮਾਡਲ ਸ਼ਹਿਰ ਮੋਹਾਲੀ ਦੇ ਸੁੰਦਰੀਕਰਨ ਅਤੇ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਕੀਤੀ।



ਪੁੱਡਾ ਭਵਨ, ਐਸ.ਏ.ਐਸ.ਨਗਰ ਵਿਖੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਨੇ ਗਰੇਟਰ ਮੋਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ (ਗਮਾਡਾ) ਦੇ ਅਧਿਕਾਰੀਆਂ ਨੂੰ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ ਤੋਂ ਨਿਵੇਸ਼ਕ ਸੰਮੇਲਨ ਵਾਲੀ ਥਾਂ ਤੱਕ ਜਾਣ ਵਾਲੀਆਂ ਸਾਰੀਆਂ ਸੜਕਾਂ ਦੀ ਮੁਰੰਮਤ ਨੂੰ ਸਮੇਂ ਸਿਰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਹ ਸੰਮੇਲਨ ਸੂਬੇ ਦੇ ਸੰਪੂਰਨ ਉਦਯੋਗਿਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਅਹਿਮ ਸਿੱਧ ਹੋਵੇਗਾ ਅਤੇ ਇਸ ਮੈਗਾ ਈਵੈਂਟ ਨੂੰ ਸਫ਼ਲ ਬਣਾਉਣ ਲਈ ਵਿਸਥਾਰਤ ਪ੍ਰਬੰਧ ਕੀਤੇ ਜਾਣ।

ਉਨ੍ਹਾਂ ਨੇ ਅਧਿਕਾਰੀਆਂ ਨੂੰ 30 ਤੋਂ 31 ਜਨਵਰੀ ਤੱਕ ਹੋਣ ਵਾਲੇ ਜੀ-20 ਸੰਮੇਲਨ ਲਈ ਸਾਰੇ ਲੋੜੀਂਦੇ ਪ੍ਰਬੰਧ ਕਰਨ ਲਈ ਵੀ ਕਿਹਾ। ਸ਼ਹਿਰ ਦੀਆਂ ਸੜਕਾਂ ਅਤੇ ਚੌਕਾਂ ਦੇ ਸੁੰਦਰੀਕਰਨ ਲਈ ਲੋੜੀਂਦੇ ਕਦਮ ਚੁੱਕਣ ਲਈ ਆਖਦਿਆਂ ਅਮਨ ਅਰੋੜਾ ਨੇ ਗਮਾਡਾ ਦੇ ਇੰਜੀਨੀਅਰਿੰਗ ਵਿੰਗ ਦੇ ਸਬੰਧਤ ਅਧਿਕਾਰੀਆਂ ਨੂੰ ਸੜਕਾਂ ਦੇ ਦੋਵੇਂ ਪਾਸੇ ਬਿਜਲੀ ਦੇ ਖੰਭਿਆਂ, ਚੌਕਾਂ ਨਾਲ ਸਬੰਧਤ ਪੇਂਟ ਦਾ ਕੰਮ ਨੇਪਰੇ ਚਾੜ੍ਹਨ ਅਤੇ ਫੁੱਲ-ਬੂਟੇ ਲਗਾਉਣ ਦੀ ਹਦਾਇਤ ਕੀਤੀ।

ਮੋਹਾਲੀ ਸ਼ਹਿਰ ਵਿੱਚ ਵਾਹਨਾਂ ਦੀ ਸੁਚਾਰੂ ਆਵਾਜਾਈ ਲਈ ਅਮਨ ਅਰੋੜਾ ਨੇ ਭੀੜ-ਭੜੱਕੇ ਵਾਲੀਆਂ ਸੜਕਾਂ, ਜਿੱਥੇ ਟ੍ਰੈਫਿਕ ਜਾਮ ਦੀ ਸਮੱਸਿਆ ਬਣੀ ਰਹਿੰਦੀ ਹੈ, ਤੋਂ ਟ੍ਰੈਫਿਕ ਘਟਾਉਣ ਲਈ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਚਰਚਾ ਕੀਤੀ।

ਕੈਬਨਿਟ ਮੰਤਰੀ ਨੂੰ ਦੱਸਿਆ ਗਿਆ ਕਿ ਤਿੰਨ ਸੜਕਾਂ ਕੁੰਬਰਾ ਚੌਕ (ਸੈਕਟਰ-61/70 ਅਤੇ ਸੈਕਟਰ 62/69 ਦਾ ਡਿਵਾਈਡਿੰਗ ਰੋਡ ਚੌਕ) ਤੋਂ ਬਾਵਾ ਵਾਈਟ ਹਾਊਸ; ਪਿੰਡ ਮੋਹਾਲੀ ਤੋਂ ਵਾਈਪੀਐਸ ਚੌਕ; ਅਤੇ ਸੈਕਟਰ 62/63/50-51 ਚੌਕ ਤੋਂ ਸੈਕਟਰ 65/48 (ਗੋਲਫ ਰੇਂਜ) ਨੂੰ ਚੌੜਾ ਕਰਨ ਦਾ ਪ੍ਰੋਜੈਕਟ ਪ੍ਰਕਿਰਿਆ ਅਧੀਨ ਹੈ ਅਤੇ ਇਸ 'ਤੇ ਜਲਦ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

RSFO
Ramgarhia Sikh Foundation of Ontario

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।
Ramgarhia Sikh Foundation of Ontario
10th International Award 2023
Dedicated to the 300th Birth Anniversary of Maharaja Jassa Singh Ramgarhia
300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2



Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

Daljit S. Gaidhu, Chairman, 416-305-9878
Jasbir S. Sehmbi, Vice Chairman, 437-774-1410
Manjit S. Bhachu, President, 416-275-2374
Jarnail S. Matharu, Treasurer, 416-409-6207
Hardial S. Jheeta, General Secretary, 647-409-8915

Address: 7956 Torbram Road #40, Bldg-B, Brampton, ON, L6T 5A2, Canada

# ਫਿਲਮੀ ਦੁਨੀਆ

## 'RRR' ਨੇ ਰਚਿਆ ਇਤਿਹਾਸ, 'ਨਾਟ ਨਾਟੂ' ਨੂੰ ਮਿਲਿਆ ਬੈਸਟ ਗਾਣੇ ਦਾ ਖਿਤਾਬ



ਪ੍ਰਸਿੱਧ ਨਿਰਦੇਸ਼ਕ ਐੱਸ. ਐੱਸ. ਰਾਜਾਮੌਲੀ ਦੀ ਫ਼ਿਲਮ '' ਦੇ ਸੁਪਰਹਿੱਟ ਗੀਤ 'ਨਾਟੂ ਨਾਟੂ' ਨੇ ਗੋਲਡਨ ਗਲੋਬ ਅਵਾਰਡ 2023 ਜਿੱਤਿਆ ਹੈ। ਇਸ ਐਵਾਰਡ 'ਚ ਰਾਮ ਚਰਨ ਅਤੇ ਜੂਨੀਅਰ ਐੱਨ. ਟੀ. ਆਰ. ਦੇ ਇਸ ਗੀਤ ਨੂੰ ਸਰਵੋਤਮ ਗੀਤ ਦਾ ਖਿਤਾਬ ਮਿਲਿਆ ਹੈ। ਇਹ ਫ਼ਿਲਮ ਨਿਰਮਾਤਾਵਾਂ ਲਈ ਵੱਡੀ ਸਫ਼ਲਤਾ ਦਾ ਪਲ ਮੰਨਿਆ ਜਾ ਰਿਹਾ ਹੈ ਕਿਉਂਕਿ ਅੰਤਰਰਾਸ਼ਟਰੀ ਪੱਧਰ 'ਤੇ ਇਸ ਤਰ੍ਹਾਂ ਸਫ਼ਲਤਾ ਹਾਸਲ ਕਰਨਾ ਵੀ ਭਾਰਤੀ ਫ਼ਿਲਮਾਂ ਲਈ ਮਾਣ ਵਾਲੀ ਗੱਲ ਹੈ।

ਨਾਟੂ-ਨਾਟੂ ਨੇ ਗੋਲਡਨ ਗਲੋਬ ਐਵਾਰਡਜ਼ 'ਚ ਪਾਈਆਂ ਧਮਾਲਾਂ

80ਵੇਂ ਗੋਲਡਨ ਗਲੋਬ ਅਵਾਰਡਸ ਦਾ ਆਯੋਜਨ ਬੇਵਰਲੀ ਹਿਲਟਨ, ਕੈਲੀਫੋਰਨੀਆ, ਯੂਐਸਏ ਦੇ ਬੇਵਰਲੀ ਹਿਲਟਨ ਵਿਖੇ ਕੀਤਾ ਜਾ ਰਿਹਾ ਹੈ। ਇਸ ਇੰਟਰਨੈਸ਼ਨਲ ਐਵਾਰਡ ਸ਼ੋਅ ਵਿੱਚ ਦੇਸ਼ ਅਤੇ ਦੁਨੀਆ ਦੀਆਂ ਕਈ ਫਿਲਮਾਂ ਅਤੇ ਕਲਾਕਾਰਾਂ ਨੂੰ ਨਾਮਜ਼ਦ ਕੀਤਾ ਗਿਆ ਹੈ।

ਭਾਰਤੀ ਸਿਨੇਮਾ ਦੀ ਤਰਫੋਂ, ਐੱਸ. ਐੱਸ. ਰਾਜਾਮੌਲੀ ਦੀ ਫ਼ਿਲਮ 'ਆਰ. ਆਰ. ਆਰ' ਨੂੰ ਇਸ ਗੋਲਡਨ ਗਲੋਬ ਐਵਾਰਡਜ਼ 'ਚ ਦੋ ਸ਼੍ਰੇਣੀਆਂ 'ਚ ਨਾਮਜ਼ਦ ਕੀਤਾ ਗਿਆ ਹੈ, ਜਿਸ 'ਚੋਂ ਫ਼ਿਲਮ ਨੇ ਹੁਣ ਬੈਸਟ ਗੀਤ ਦੀ ਸ਼੍ਰੇਣੀ 'ਚ ਜਿੱਤ ਹਾਸਲ ਕੀਤੀ ਹੈ।

ਦੱਸ ਦਈਏ ਕਿ ਇਹ ਜਾਣਕਾਰੀ ਗੋਲਡਨ ਗਲੋਬ ਐਵਾਰਡਜ਼ 2023 ਦੇ ਅਧਿਕਾਰਤ ਟਵਿੱਟਰ ਹੈਂਡਲ 'ਤੇ ਦਿੱਤੀ ਗਈ ਹੈ। ਦੱਸਿਆ ਗਿਆ ਹੈ ਕਿ ਗਾਇਕ ਐੱਮ. ਐੱਮ. ਕੀਰਵਾਨੀ ਦਾ ਫ਼ਲਿਮ 'ਆਰ. ਆਰ. ਆਰ' ਦਾ 'ਨਾਟੂ ਨਾਟੂ' ਗੀਤ ਨੂੰ '80ਵੇਂ

ਇਸ ਲਈ ਸਾਰਿਆਂ ਨੂੰ ਵਧਾਈ। ਇਸ ਤਰ੍ਹਾਂ ਦੱਖਣੀ ਸੁਪਰਸਟਾਰ ਰਾਮ ਚਰਨ ਅਤੇ ਜੂਨੀਅਰ ਐੱਨ. ਟੀ. ਆਰ. ਨੇ 'ਨਾਟੂ ਨਾਟੂ' 'ਤੇ ਜਿੱਤ ਦਰਜ ਕਰਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਗੋਲਡਨ ਗਲੋਬ ਐਵਾਰਡ' ਨਾਲ ਸਨਮਾਨਤ ਕੀਤਾ ਗਿਆ ਹੈ।

## ਭੂਮੀ ਪੇਡਨੇਕਰ ਟ੍ਰੈਵਲ ਬਹੁਤ ਹੀ ਥੈਰਪਯੂਟਿਕ ਲੱਗਦਾ ਹੈ



ਬਾਲੀਵੁੱਡ ਅਦਾਕਾਰਾ ਭੂਮੀ ਪੇਡਨੇਕਰ ਹਮੇਸ਼ਾ ਸ਼ੂਟ ਦੇ ਵਿਚਕ-ਾਰ ਬ੍ਰੇਕ ਲੈਂਦੀ ਹੈ ਤਾਂ ਜੋ ਸਫ਼ਰ ਕਰਨ 'ਤੇ ਆਪਣੇ-ਆਪ ਨੂੰ ਤਰੋਤਾਜ਼ਾ ਕੀਤਾ ਜਾ ਸਕੇ। ਭੂਮੀ ਪੇਡਨੇਕਰ ਨੂੰ ਇਹ ਬਹੁਤ 'ਥੈਰਪਯੂਟਿਕ' ਲੱਗਦਾ ਹੈ ਤੇ ਉਹ ਕਹਿੰਦੀ ਹੈ ਕਿ ਉਹ ਲੋਕਾਂ 'ਚ ਯਾਤਰਾ ਕਰਨ ਦੇ ਵਿਚਾਰ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੈ, ਕਿਉਂਕਿ ਇਸ ਨਾਲ ਕਿਸੇ ਦੀ ਮਾਨਸਿਕ ਸਿਹਤ 'ਚ ਸੁਧਾਰ ਹੋ ਸਕਦਾ ਹੈ। ਭੂਮੀ ਕਹਿੰਦੀ ਹੈ, 'ਯਾਤਰਾ ਕਰਨਾ ਮੇਰੇ ਲਈ ਥੈਰਪਯੂਟਿਕ ਹੈ। ਮੈਂ ਇਕ ਵਿਅਸਤ ਸਮਾਂ-ਸਾਰਣੀ ਤੋਂ ਬ੍ਰੇਕ ਲੈਣ ਤੇ ਨਵੀਆਂ ਥਾਵਾਂ ਦੀ ਯਾਤਰਾ ਕਰਨ ਦਾ ਇਕ ਬਿੰਦੂ ਬਣਾਉਂਦੀ ਹਾਂ ਕਿਉਂਕਿ ਮੈਨੂੰ ਆਪਣੇ ਅਜ਼ੀਜ਼ਾਂ ਨਾਲ ਨਵੀਆਂ ਯਾਦਾਂ ਬਣਾਉਣਾ ਪਸੰਦ ਹੈ। ਇਹ ਮੈਨੂੰ ਇਥੋਂ ਦੇ ਸੱਭਿਆਚਾਰ, ਰਵਾਇਤਾਂ ਤੇ ਭੋਜਨ ਬਾਰੇ ਵੀ ਉਜਾਗਰ ਕਰਦਾ ਹੈ।' ਉਹ ਅੱਗੇ ਕਹਿੰਦੀ ਹੈ, 'ਮੈਨੂੰ ਯਾਤਰਾ ਦੀ ਲੋੜ ਬਾਰੇ ਬੋਲਣਾ ਪਸੰਦ ਹੈ ਤੇ ਇਹ ਆਉਣ ਵਾਲੇ ਸਾਲਾਂ 'ਚ ਮਾਨਸਿਕ ਤੌਰ 'ਤੇ ਸਾਡੀ ਕਿਵੇਂ ਮਦਦ ਕਰ ਸਕਦਾ ਹੈ। ਮੈਨੂੰ ਖ਼ੁਸ਼ੀ ਹੈ ਕਿ ਮੈਨੂੰ ਮੈਕਸੀਕੋ ਜਾਣ ਤੇ ਨਵੇਂ ਸਾਲ ਤੋਂ ਪਹਿਲਾਂ ਆਪਣੇ ਆਪ ਨੂੰ ਤਰੋਤਾਜ਼ਾ ਕਰਨ ਦਾ ਮੌਕਾ ਮਿਲਿਆ।' ਸਾਲ 2023 'ਚ ਰਿਲੀਜ਼ ਹੋਣ ਵਾਲੀਆਂ 6 ਫ਼ਿਲਮਾਂ ਦੇ ਨਾਲ, ਇਹ ਸਾਲ ਭੂਮੀ ਲਈ ਸ਼ਾਨਦਾਰ ਹੈ। ਉਹ ਕਹਿੰਦੀ ਹੈ, 'ਮੇਰੇ ਕੋਲ 6 ਬੈਕ ਟੂ ਬੈਕ ਰਿਲੀਜ਼ ਹੋਣ ਦੇ ਨਾਲ-ਨਾਲ ਨਵੇਂ ਸ਼ੂਟ ਵੀ ਹਨ। ਇਸ ਲਈ, ਮੇਰੇ ਲਈ ਇਹ ਯਾਤਰਾ ਕਰਨਾ ਮਹੱਤਵਪੂਰਨ ਸੀ, ਕਿਉਂਕਿ ਮੈਂ ਜਾਣਦੀ ਹਾਂ ਕਿ ਮੈਨੂੰ ਇਸ ਸਾਲ ਦੁਬਾਰਾ ਕਦੇ ਵੀ ਅਜਿਹੀ ਵੱਡੀ ਯਾਤਰਾ ਕਰਨ ਦਾ ਮੌਕਾ ਨਹੀਂ ਮਿਲੇਗਾ ਜੋ ਮੈਨੂੰ ਪ੍ਰੇਰਿਤ ਕਰੇ।'

## ਸ਼ਾਹਰੁਖ ਖਾਨ ਆਲੀਆ ਨੂੰ ਪਿਆਰ ਨਾਲ 'ਅੰਮਾ ਭੱਟ ਕਪੂਰ' ਕਹਿੰਦੇ ਹਨ




ਅਦਾਕਾਰ ਸ਼ਾਹਰੁਖ਼ ਖ਼ਾਨ ਨੇ ਆਖਿਆ ਕਿ ਉਹ ਅਦਾਕਾਰਾ ਆਲੀਆ ਭੱਟ ਨੂੰ ਪਿਆਰ ਨਾਲ 'ਅੰਮਾ ਭੱਟ ਕਪੂਰ' ਕਹਿ ਕੇ ਬੁਲਾਉਂਦਾ ਹੈ। ਇਸ ਤੋਂ ਪਹਿਲਾਂ ਆਲੀਆ ਨੇ ਆਖਿਆ ਸੀ ਕਿ ਫਿਲਮ 'ਪਠਾਣ' ਦੀ ਰਿਲੀਜ਼ ਮਗਰੋਂ ਉਹ ਸ਼ਾਹਰੁਖ ਨੂੰ ਪਠਾਣ ਕਿਹਾ ਕਰੇਗੀ। ਸ਼ਾਹਰੁਖ ਖ਼ਾਨ ਨੇ ਇਹ ਖੁਲਾਸਾ ਅੱਜ ਆਪਣੇ ਪ੍ਰਸ਼ੰਸਕਾਂ ਲਈ ਟਵਿੱਟਰ 'ਤੇ ਚਲਾਏ ਜਾਂਦੇ 'ਆਸਕ ਐੱਸਆਰਕੇ' ਸੈਸ਼ਨ ਦੌਰਾਨ ਕੀਤਾ। ਆਲੀਆ ਨੇ ਵੀ ਇਸ ਸੈਸ਼ਨ ਵਿੱਚ ਭਾਗ ਲਿਆ। ਦੋਵੇਂ ਅਦਾਕਾਰਾਂ ਨੇ ਇੱਕ-ਦੂਜੇ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦਾ ਜਵਾਬ ਦਿੱਤਾ। ਇੱਕ ਪ੍ਰਸ਼ੰਸਕ ਨੇ ਸ਼ਾਹਰੁਖ ਨੂੰ ਪੁੱਛਿਆ, 'ਆਲੀਆ ਤੁਹਾਨੂੰ ਸਿਰਫ਼ ਐੱਸਆਰ ਕਹਿ ਕੇ ਕਿਉਂ ਬੁਲਾਉਂਦੀ ਹੈ?' ਇਸ ਦੇ ਜਵਾਬ ਵਿੱਚ ਸ਼ਾਹਰੁਖ ਨੇ ਪੁੱਛਿਆ, 'ਐੱਸਆਰ ਦਾ ਮਤਲਬ ਕੀ ਹੋ ਸਕਦਾ ਹੈ?' ਇਸ ਦਾ ਜਵਾਬ ਦਿੰਦਿਆਂ ਉਸ ਨੇ ਕਿਹਾ, 'ਇਸ ਦਾ ਮਤਲਬ ਸਵੀਟ ਤੇ ਰੁਮਾਂਟਿਕ ਹੋ ਸਕਦਾ ਹੈ ਜਾਂ ਸੀਨੀਅਰ ਤੇ ਰਿਸਪੈਕਟਫੁੱਲ ਜਾਂ ਫਿਰ ਸਿਰਫ਼ ਸ਼ਾਹਰੁਖ ਵੀ ਹੋ ਸਕਦਾ ਹੈ।' ਇਸ ਦਾ ਜਵਾਬ ਦਿੰਦਿਆਂ ਆਲੀਆ ਨੇ ਕਿਹਾ, 'ਜ਼ਿਆਦਾਤਰ ਸਵੀਟ ਤੇ ਰਿਸਪੈਕਟਿਡ ਹੈ... ਪਰ 25 ਜਨਵਰੀ ਤੋਂ ਬਾਅਦ ਮੈਂ ਤੁਹਾਨੂੰ ਪਠਾਣ ਕਹਿਣਾ ਸ਼ੁਰੂ ਕਰ ਦਿਆਂਗੀ... ਦੇਖੋ ਮੈਂ ਕਿੰਨੀ ਰਚਨਾਤਮਕ ਹਾਂ... ਹੈ ਨਾ।' ਆਲੀਆ ਦੀ ਇਸ ਪ੍ਰਤੀਕਿਰਿਆ ਦੇ ਜਵਾਬ ਵਿੱਚ ਸ਼ਾਹਰੁਖ ਨੇ ਆਲੀਆ ਦੀ ਨਿੱਕੀ ਧੀ ਵੱਲ ਇਸ਼ਾਰਾ ਕਰਦਿਆਂ ਕਿਹਾ, 'ਅੱਜ ਤੋਂ ਮੈਂ ਤੁਹਾਨੂੰ 'ਅੰਮਾ ਭੱਟ ਕਪੂਰ' ਕਿਹਾ ਕਰਾਂਗਾ।'

## ਰਿਤਿਕ ਨੇ ਮਨਾਇਆ 49ਵਾਂ ਜਨਮਦਿਨ : ਕਿਹਾ, ਜਨਮ ਦਿਨ ਮੌਕੇ ਆਪਣੇ ਲਈ ਕੁਝ ਕਰਨਾ ਚੰਗਾ ਲੱਗਦੈ




ਅਦਾਕਾਰ ਰਿਤਿਕ ਰੌਸ਼ਨ ਨੇ ਆਪਣਾ 49ਵਾਂ ਜਨਮ ਦਿਨ ਮਨਾਇਆ। ਅਦਾਕਾਰ ਦਾ ਕਹਿਣਾ ਹੈ ਕਿ ਬੇਸ਼ੱਕ ਪਹਿਲਾਂ ਉਹ ਇਸ ਦਿਨ ਵੱਡੇ ਜਸ਼ਨ ਮਨਾਉਂਦਾ ਰਿਹਾ ਹੈ, ਪਰ ਹੁਣ ਉਹ ਆਪਣੇ ਜਨਮ ਦਿਨ ਮੌਕੇ ਕੁਝ ਅਜਿਹਾ ਕਰਨਾ ਪਸੰਦ ਕਰਦਾ ਹੈ, ਜਿਸ ਨਾਲ ਉਸ ਨੂੰ ਆਪਣਾ ਜੀਵਨ ਸੰਪੂਰਨ ਲੱਗੇ। ਰਿਤਿਕ ਦਾ ਕਹਿਣਾ ਹੈ, 'ਪਹਿਲਾਂ ਮੈਨੂੰ ਇਹ ਦਿਨ ਜਸ਼ਨ ਵਾਲਾ ਤੇ ਮੌਜ-ਮਸਤੀ ਕਰਨ ਵਾਲਾ ਲੱਗਦਾ ਸੀ, ਪਰ ਹੌਲੀ ਹੌਲੀ ਇਹ ਪਾਰਟੀ, ਜਸ਼ਨ ਤੇ ਵੱਡਾ ਇਕੱਠ ਕਰਨਾ ਇੱਕ ਡਿਊਟੀ ਲੱਗਣ ਲੱਗ ਪਿਆ, ਜਿਸ ਕਰਕੇ ਮੈਨੂੰ ਮੇਰਾ ਜਨਮ ਦਿਨ ਕੁਝ ਅਸਹਿਜ ਲੱਗਣ ਲੱਗ ਪਿਆ ਸੀ, ਪਰ ਹੁਣ ਮੈਂ ਇਸ ਦਿਨ ਕੁਝ ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਜਿਸ ਨਾਲ ਮੈਨੂੰ ਖੁਸ਼ੀ ਮਿਲੇ, ਜੋ ਮੈਨੂੰ ਸੰਪੂਰਨ ਕਰਦਾ ਹੋਵੇ। ਬੇਸ਼ੱਕ ਮੈਂ ਹੁਣ ਵੀ ਪਹਿਲਾਂ ਵਾਂਗ ਪਾਰਟੀ ਕਰਾਂ, ਪਰ ਹੁਣ ਇਹ ਸਿਰਫ਼ ਮੇਰੇ ਦਿਲ ਦੀ ਖੁਸ਼ੀ ਲਈ ਹੋਵੇਗੀ।' ਅਦਾਕਾਰ ਦਾ ਕਹਿਣਾ ਹੈ ਕਿ ਉਹ ਇਸ ਵੇਲੇ ਆਪਣੀ ਉਮਰ ਦੇ ਉਸ ਪੜਾਅ 'ਤੇ ਹੈ, ਜਿਥੇ ਸ਼ਾਂਤੀ ਉਸ ਲਈ ਸਭ ਤੋਂ ਵੱਧ ਮਹੱਤਵ ਰੱਖਦੀ ਹੈ।


## ਟਾਈਗਰ ਸ਼ਰਾਫ਼ ਨੇ 'ਬੜੇ ਮੀਆਂ ਛੋਟੇ ਮੀਆਂ' ਦੀ ਝਲਕ ਕੀਤੀ ਸਾਂਝੀ



ਅਦਾਕਾਰ ਟਾਈਗਰ ਸ਼ਰਾਫ਼ ਦੀ ਅਗਲੀ ਆਉਣ ਵਾਲੀ ਐਕਸ਼ਨ ਫਿਲਮ 'ਬੜੇ ਮੀਆਂ ਛੋਟੇ ਮੀਆਂ' ਸੋਸ਼ਲ ਮੀਡੀਆ 'ਤੇ ਕਾਫ਼ੀ ਚਰਚਾ ਵਿੱਚ ਹੈ। ਇਸ ਫਿਲਮ ਵਿੱਚ ਅਦਾਕਾਰ ਅਕਸ਼ੈ ਕੁਮਾਰ ਵੀ ਅਹਿਮ ਭੂਮਿਕਾ ਵਿੱਚ ਨਜ਼ਰ ਆਵੇਗਾ। ਅਦਾਕਾਰ ਵੱਲੋਂ ਸਾਂਝੀਆਂ ਕੀਤੀਆਂ ਗਈਆਂ ਇਨ੍ਹਾਂ ਤਸਵੀਰਾਂ ਵਿੱਚ ਉਸ ਨੇ ਬਿਨਾ ਬਾਹਾਂ ਵਾਲੀ ਇੱਕ ਜੈਕੇਟ ਪਾਈ ਹੋਈ ਹੈ ਤੇ ਉਹ ਆਪਣੇ ਸਭ ਤੋਂ ਵੱਧ ਪਸੰਦ ਕੀਤੇ ਜਾਣ ਵਾਲੇ ਐਕਸ਼ਨ ਅੰਦਾਜ਼ ਵਿੱਚ ਨਜ਼ਰ ਆ ਰਿਹਾ ਹੈ। ਇਹ ਫਿਲਮ ਇਸ ਸਾਲ ਦੀਆਂ ਸਭ ਤੋਂ ਵੱਡੀਆਂ ਫਿਲਮਾਂ ਵਿੱਚੋਂ ਇੱਕ ਗਿਣੀ ਜਾ ਰਹੀ ਹੈ। ਫਿਲਮ ਵਿੱਚ ਅਕਸ਼ੈ ਕੁਮਾਰ, ਟਾਈਗਰ ਸ਼ਰੌਫ਼ ਤੇ ਪ੍ਰਿਥਵੀਰਾਜ ਸੁਕੁਮਾਰਨ ਮੁੱਖ ਭੂਮਿਕਾਵਾਂ ਨਿਭਾਅ ਰਹੇ ਹਨ। ਇਸ ਫਿਲਮ ਦਾ ਨਿਰਮਾਣ ਵਾਸ਼ੂ ਭਗਨਾਨੀ, ਜੈਕੀ ਭਗਨਾਨੀ ਤੇ ਦੀਪਸ਼ਿਖ਼ਾ ਦੇਸ਼ਮੁੱਖ ਦੇ ਬੈਨਰ ਪੂਜਾ ਐਂਟਰਟੇਨਮੈਂਟ ਤਹਿਤ ਕੀਤਾ ਜਾ ਰਿਹਾ ਹੈ, ਜਿਸ ਦਾ ਨਿਰਦੇਸ਼ਨ ਅਲੀ ਅੱਬਾਸ ਜ਼ਫਰ ਕਰ ਰਿਹਾ ਹੈ।

## 'ਸਾਲਾਰ' 28 ਸਤੰਬਰ ਨੂੰ ਹੋਵੇਗੀ ਰਿਲੀਜ਼

ਪੋਸਟਰ ਆਇਆ ਸਾਹਮਣੇ



ਪੈਨ ਇੰਡੀਆ ਸੁਪਰਸਟਾਰ ਪ੍ਰਭਾਸ ਸਟਾਰਰ 'ਸਾਲਾਰ' 2023 ਦੀ ਸਭ ਤੋਂ ਵੱਧ ਉਡੀਕੀ ਜਾਣ ਵਾਲੀ ਫ਼ਿਲਮ ਹੈ, ਜਿਸ ਦਾ ਨਿਰਦੇਸ਼ਨ ਪ੍ਰਸ਼ਾਂਤ ਨੀਲ ਦੁਆਰਾ ਕੀਤਾ ਜਾ ਰਿਹਾ ਹੈ ਤੇ ਹੋਂਬਲੇ ਫਿਲਮਜ਼ ਦੇ ਬੈਨਰ ਹੇਠ ਨਿਰਮਿਤ ਹੈ। ਪ੍ਰਭਾਸ ਤੇ ਪ੍ਰਸ਼ਾਂਤ ਨੀਲ ਦੇ ਇੰਡਸਟਰੀ 'ਚ ਸਭ ਤੋਂ ਵੱਡੇ ਸਹਿਯੋਗਾਂ 'ਚੋਂ ਇਕ ਤੇ ਸਾਲ ਦੀ ਇਕ ਹੋਰ ਬਹੁਤ ਉਡੀਕੀ ਜਾ ਰਹੀ ਫ਼ਿਲਮ 'ਸਾਲਾਰ' ਨੇ ਸਹੀ ਦਾਅਵਾ ਕੀਤਾ ਹੈ ਕਿ 2023 'ਸਾਲ ਨਹੀਂ ਸਲਾਰ ਹੈ'। ਦੱਸ ਦਈਏ ਕਿ 'ਸਾਲਾਰ' ਭਾਰਤ ਦੀਆਂ ਦੋ ਸਭ ਤੋਂ ਵੱਡੀਆਂ ਫ੍ਰੈਂਚਾਇਜ਼ੀਜ਼ 'ਬਾਹੂਬਲੀ' ਤੇ 'ਕੇ.ਜੀ.ਐੱਫ.' ਦਾ ਇਕ ਉਤਸ਼ਾਹੀ ਸਹਿਯੋਗ ਹੈ, ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਹੋਂਬਲੇ ਫਿਲਮਜ਼ ਕੇ.ਜੀ.ਐੱਫ. ਨਿਰਮਾਤਾ-ਨਿਰਦੇਸ਼ਕ, ਤਕਨੀਸ਼ੀਅਨ ਤੇ 'ਬਾਹੂਬਲੀ' ਦੇ ਸਟਾਰ ਭਾਰਤੀ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ 2023 'ਚ ਇਕ ਹੋਰ ਬਲਾਕਬ-ਸਟਰ ਪੇਸ਼ ਕਰਨ ਲਈ ਇਕੱਠੇ ਆ ਰਹੇ ਹਨ। ਹੋਂਬਲੇ ਫਿਲਮਜ਼ ਜਿਸ ਨੇ 'ਕੇ. ਜੀ. ਐੱਫ.', ਕੇ. ਜੀ. ਐੱਫ-2' ਤੇ 'ਕੰਤਾਰਾ' ਵਰਗੀਆਂ ਬਲਾਕਬਸਟਰ ਫ਼ਿਲਮਾਂ ਦਾ ਨਿਰਮਾਣ ਕੀਤਾ ਹੈ। 'ਸਾਲਾਰ' ਇਸ ਸਾਲ 28 ਸਤੰਬਰ 2023 ਨੂੰ ਰਿਲੀਜ਼ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੈ।







# ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1

